ਵੀਰਵਾਰ, 18 ਜਨਵਰੀ, 2024
5 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 229

# ਨਵਾਂ ਜ਼ਮਾਨਾ

DAILY NAWAN ZAMANA • THURSDAY, 18 JANUARY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਧਮਕੀਆਂ ਲੋਕ ਸੇਵਾ ਕਰਨੋਂ ਨਹੀਂ ਰੋਕ ਸਕਦੀਆਂ : ਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਕੁੱਝ ਕੱਟੜਪੰਥੀ ਤਾਕਤਾਂ ਵੱਲੋਂ ਦਿੱਤੀ ਜਾ ਰਹੀ ਜਾਨੋਂ ਮਾਰਨ ਦੀ ਧਮਕੀ ਤੋਂ ਨਿਡਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੇ ਰਖਵਾਲੇ ਹਨ ਅਤੇ ਅਜਿਹੀਆਂ ਧਮਕੀਆਂ ਉਨ੍ਹਾ ਨੂੰ ਇਸ ਨੇਕ ਕੰਮ ਤੋਂ ਨਹੀਂ ਰੋਕ ਸਕਦੀਆਂ।

ਇੱਥੇ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ (ਪੀ ਬੀ ਓ ਆਈ) ਵਿੱਚ 461 ਨੌਜਵਾਨਾਂ ਨੂੰ ਹੌਲਦਾਰਾਂ ਵਜੋਂ ਨੌਕਰੀ ਦੇ ਨਿਯੁਕਤੀ ਪੱਤਰ ਸੌਂਪਣ ਮੌਕੇ ਕਰਵਾਏ ਸਮਾਰੋਹ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਧਮਕੀਆਂ ਸੂਬਾ ਸਰਕਾਰ ਵੱਲੋਂ ਪੰਜਾਬ ਵਿਰੋਧੀ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਅਪਣਾਈ ਗਈ ਨੀਤੀ ਦਾ ਕੁਦਰਤੀ ਨਤੀਜਾ ਹਨ। ਉਨ੍ਹਾ ਕਿਹਾ ਕਿ ਇਹ ਲੋਕ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਾਡੀ ਸਰਕਾਰ ਇਨ੍ਹਾਂ ਫੁੱਟ-ਪਾਊ ਤਾਕਤਾਂ ਨੂੰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਣ ਦੇਵੇਗੀ। ਮਾਨ ਨੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਤੇ ਸੂਬੇ ਦੇ ਅੰਦਰੋਂ ਅਤੇ ਬਾਹਰੋਂ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਹ ਬਿਨਾਂ ਝੁਕੇ ਅਜਿਹੀਆਂ ਧਮਕੀਆਂ ਦਾ ਬਹਾਦਰੀ ਨਾਲ ਸਾਹਮਣਾ ਕਰਨਗੇ।ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਪੰਜਾਬ ਵਿਰੋਧੀ ਮਨਸੂਬਿਆਂ ਦੇ ਮੁੱਖ ਸਾਜ਼ਿਸ਼ਘਾੜੇ ਵਿਦੇਸ਼ਾਂ ਵਿੱਚ ਪਨਾਹ ਲੈ ਚੁੱਕੇ ਹਨ, ਪਰ ਅਸੀਂ ਉਨ੍ਹਾਂ ਨੂੰ ਵਾਪਸ ਲਿਆਉਣ ਅਤੇ ਉਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਜਿਹੇ ਖੌਫਨਾਕ ਅਪਰਾਧੀਆਂ ਨੂੰ ਪਨਾਹ ਦੇਣ ਵਾਲੇ ਦੇਸ਼ਾਂ ਨੂੰ ਵੀ ਵਿਸ਼ਵ ਸ਼ਾਂਤੀ ਦੇ ਵਡੇਰੇ ਹਿੱਤ ਵਿੱਚ ਇਨ੍ਹਾਂ ਕੱਟੜ ਅਪਰਾਧੀਆਂ ਨੂੰ ਸੂਬੇ ਵਿੱਚ ਵਾਪਸ ਭੇਜਣਾ ਚਾਹੀਦਾ ਹੈ। ਉਹਨਾ ਕਿਹਾ ਕਿ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਘਿਨਾਉਣੇ ਅਪਰਾਧੀਆਂ ਨੂੰ ਦੇਸ਼ ਵਾਪਸ ਲਿਆ ਕੇ ਦੇਸ਼ ਦੇ ਕਾਨੂੰਨ ਅਨੁਸਾਰ ਸਜ਼ਾਵਾਂ ਦਿਵਾਈਆਂ ਜਾਣ। ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਨੇ ਭਗੌੜਾ ਕਰਾਰ

## 461 ਹੌਲਦਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



ਦਿੱਤਾ, ਜੋ ਬਿਜਲੀ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੇ ਜਾਣ 'ਤੇ ਡਿਊਟੀ ਨਿਭਾਉਣ ਤੋਂ ਭੱਜ ਗਿਆ ਸੀ। ਉਨ੍ਹਾ ਕਿਹਾ ਕਿ ਹੁਣ ਜਦੋਂ ਸੂਬਾ ਸਰਕਾਰ ਨੇ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦ ਕੇ ਉਲਟਾ ਰੁਝਾਨ ਸ਼ੁਰੂ ਕਰ ਦਿੱਤਾ ਹੈ ਤਾਂ ਸਿੱਧੂ ਬੇਬੁਨਿਆਦ ਅਤੇ ਗੁੰਮਰਾਹਕੁੰਨ ਬਿਆਨਬਾਜ਼ੀ ਕਰ ਰਹੇ ਹਨ। ਮਾਨ ਨੇ ਕਾਂਗਰਸੀ ਆਗੂ ਨੂੰ ਯਾਦ ਦਿਵਾਇਆ ਕਿ 'ਥੋੜ੍ਹਾ ਗਿਆਨ ਖ਼ਤਰਨਾਕ ਹੈ' ਅਤੇ ਕਿਹਾ ਕਿ ਸਾਬਕਾ ਸੰਸਦ ਮੈਂਬਰ ਨੂੰ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਤੱਥਾਂ ਦੀ ਪੜਤਾਲ ਕਰਨੀ ਚਾਹੀਦੀ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ 'ਤੇ ਮੁੱਖ ਮੰਤਰੀ ਨੇ 461 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਅਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਦਸਮੇਸ਼ ਪਿਤਾ ਦੇ ਨਕਸ਼ੇ ਕਦਮ 'ਤੇ ਚੱਲਣ ਦਾ ਸੱਦਾ ਦਿੱਤਾ। ਮਾਨ ਨੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਹੀ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੱਕ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਲਈ ਚੁਣਿਆ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਆਗਾਮੀ ਗਣਤੰਤਰ ਦਿਵਸ ਮੌਕੇ ਸੜਕ ਸੁਰੱਖਿਆ ਫੋਰਸ ਲੋਕਾਂ ਦੀ ਸੇਵਾ ਵਿੱਚ ਸਮਰਪਿਤ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਇਸ ਵੇਲੇ ਇਹ ਫੋਰਸ ਕਪੂਰਥਲਾ ਵਿਖੇ ਸਿਖਲਾਈ ਲੈ ਰਹੀ ਹੈ ਅਤੇ ਸੂਬੇ ਵਿੱਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਉਣ ਲਈ ਤੇ ਸੂਬੇ ਦੀਆਂ ਸੜਕਾਂ 'ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਇਸ ਫੋਰਸ ਦੀ ਸ਼ੁਰੂਆਤ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਕਿਸਮ ਦੀ ਇਹ ਪਹਿਲੀ ਵਿਸ਼ੇਸ਼ ਫੋਰਸ ਪੰਜਾਬ ਵਿੱਚ ਰੋਜ਼ਾਨਾ ਸੜਕ ਹਾਦਸਿਆਂ ਵਿੱਚ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਏਗੀ ਅਤੇ ਇਸ ਫੋਰਸ ਨੂੰ ਗਲਤ ਡਰਾਈਵਿੰਗ ਨੂੰ ਰੋਕਣ, ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਦੀ ਜਾਂਚ ਦਾ ਕੰਮ ਸੌਂਪਿਆ ਜਾਵੇਗਾ।

# ਬੱਸ ਟਰਾਲੇ 'ਚ ਵੱਜੀ, ਏ ਐੱਸ ਆਈ ਸਣੇ ਤਿੰਨ ਮੁਲਾਜ਼ਮਾਂ ਦੀ ਮੌਤ

### ਮੁੱਖ ਮੰਤਰੀ ਵੱਲੋਂ ਦੁੱਖ ਪ੍ਰਗਟ, 2-2 ਕਰੋੜ ਦੀ ਸਹਾਇਤਾ



**ਮੁਕੇਰੀਆਂ** : ਬੁੱਧਵਾਰ ਸਵੇਰੇ ਕਰੀਬ 6 ਵਜੇ ਜਲੰਧਰ-ਪਠਾਨਕੋਟ ਕੌਮੀ ਮਾਰਗ 'ਤੇ ਕਸਬਾ ਐਮਾ ਮਾਂਗਟ ਕੋਲ ਪੁਲਸ ਮੁਲਾਜ਼ਮਾਂ ਦੀ ਭਰੀ ਬੱਸ ਸੜਕ ਕੰਢੇ ਖੜ੍ਹੇ ਟਰਾਲੇ ਨਾਲ ਟਕਰਾਉਣ ਕਾਰਨ 3 ਪੁਲਸ ਮੁਲਾਜ਼ਮਾਂ ਦੀ ਮੌਤ ਹੋ ਗਈ, ਜਦਕਿ ਇਕ ਦਰਜਨ ਤੋਂ ਵੱਧ ਜ਼ਖਮੀ ਹੋ ਗਏ। ਬੱਸ 'ਚ ਪੀ ਏ ਪੀ ਜਲੰਧਰ ਦੇ ਕਰੀਬ 30 ਮੁਲਾਜ਼ਮ 26 ਜਨਵਰੀ ਦੇ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਲੱਗੀਆਂ ਡਿਊਟੀਆਂ ਕਾਰਨ ਗੁਰਦਾਸਪੁਰ ਜਾ ਰਹੇ ਸਨ। ਹਾਦਸਾ ਇੰਨਾ ਭਿਆਨਕ ਸੀ ਕਿ ਡਰਾਈਵਰ ਸਮੇਤ ਕਈ ਜ਼ਖਮੀਆਂ ਨੂੰ ਬਾਹਰ ਕੱਢਣ ਲਈ ਭਾਰੀ ਜੱਦੋ-ਜਹਿਦ ਕਰਨੀ ਪਈ ਅਤੇ ਹੋਰਨਾਂ ਵਾਹਨਾਂ ਦੀ ਮਦਦ ਨਾਲ ਬੱਸ ਨੂੰ ਪਿੱਛੇ ਖਿੱਚ ਕੇ ਟਰਾਲੇ ਨਾਲੋਂ ਨਿਖੇੜ ਕੇ ਜ਼ਖਮੀ ਬਾਹਰ ਕੱਢੇ ਗਏ। ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਮ੍ਰਿਤਕਾਂ ਵਿਚ ਏ ਐੱਸ ਆਈ ਹਰਦੇਵ ਸਿੰਘ, ਬੱਸ ਡਰਾਈਵਰ ਸੀਨੀਅਰ ਕਾਂਸਟੇਬਲ ਗੁਰਪ੍ਰੀਤ ਸਿੰਘ ਤੇ ਮਹਿਲਾ ਕਾਂਸਟੇਬਲ ਸ਼ਾਲੂ ਰਾਣਾ ਸ਼ਾਮਲ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਦਸੇ ਵਿੱਚ ਤਿੰਨ ਪੁਲਸ ਮੁਲਾਜ਼ਮਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਪਰਵਾਰਾਂ ਨੂੰ ਦੋ-ਦੋ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ।ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੜਕ ਹਾਦਸੇ ਵਿੱਚ ਪੁਲਸ ਮੁਲਾਜ਼ਮਾਂ ਦੀ ਜਾਨ ਜਾਣੀ ਮੰਦਭਾਗੀ ਗੱਲ ਹੈ ਅਤੇ ਇਹ ਸੂਬੇ ਲਈ ਤੇ ਪੀੜਤ ਪਰਵਾਰਾਂ ਲਈ ਬਹੁਤ ਵੱਡਾ ਘਾਟਾ ਹੈ। ਇਸ ਸਹਾਇਤਾ ਰਾਸ਼ੀ ਵਿੱਚੋਂ ਵਿੱਚੋਂ ਇਕ-ਇਕ ਕਰੋੜ ਰੁਪਏ ਸੂਬਾ ਸਰਕਾਰ ਵੱਲੋਂ ਐਕਸ-ਗ੍ਰੇਸ਼ੀਆ ਵਜੋਂ ਦਿੱਤੇ ਜਾਣਗੇ, ਜਦੋਂ ਕਿ ਇਕ-ਇਕ ਕਰੋੜ ਰੁਪਏ ਦੇ ਬੀਮੇ ਦੀ ਅਦਾਇਗੀ ਐੱਚ ਡੀ ਐੱਫ ਸੀ ਬੈਂਕ ਵੱਲੋਂ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਪੁਲਸ ਮੁਲਾਜ਼ਮਾਂ ਦੇ ਪਰਵਾਰਾਂ ਨੂੰ ਵਿੱਤੀ ਸਹਾਇਤਾ ਸੂਬਾ ਸਰਕਾਰ ਦੀ ਸੈਨਿਕਾਂ (ਹਥਿਆਰਬੰਦ ਬਲਾਂ, ਅਰਧ ਸੈਨਿਕ ਬਲਾਂ ਅਤੇ ਪੁਲਸ ਮੁਲਾਜ਼ਮਾਂ) ਅਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਯਕੀਨੀ ਬਣਾਉਣ ਦੀ ਵਚਨਬੱਧਤਾ ਦੇ ਮੁਤਾਬਕ ਹੈ।

## ਬੱਸ ਟਿੱਪਰ 'ਚ ਵੱਜੀ, 20 ਜ਼ਖਮੀ



**ਮਾਨਸਾ** : ਬੁਢਲਾਡਾ ਪੀ ਆਰ ਟੀ ਸੀ ਦੇ ਡਿਪੂ ਦੀ ਬੱਸ ਖੜ੍ਹੇ ਟਿੱਪਰ ਨਾਲ ਟਕਰਾਉਣ ਕਾਰਨ 20 ਸਵਾਰੀਆਂ ਦੇ ਸੱਟਾਂ ਲੱਗੀਆਂ, ਜਿਨ੍ਹਾਂ ਵਿੱਚੋਂ ਬੱਸ ਦੇ ਡਰਾਈਵਰ ਬਖਸ਼ੀਸ਼ ਸਿੰਘ ਦੀ ਹਾਲਤ ਗੰਭੀਰ ਦੱਸੀ ਗਈ ਹੈ। ਇਹ ਬੱਸ ਹਰਿਦੁਆਰ ਤੋਂ ਬੁਢਲਾਡਾ ਆ ਰਹੀ ਸੀ ਅਤੇ ਅੰਬਾਲਾ ਤੋਂ ਚੱਲ ਕੇ ਪਟਿਆਲਾ ਆਉਂਦਿਆਂ ਰਸਤੇ ਵਿਚ ਖੜ੍ਹੇ ਭਾਰੀ ਟਿੱਪਰ ਨਾਲ ਟਕਰਾਅ ਗਈ। ਹਾਦਸਾ ਭਾਰੀ ਧੁੰਦ ਕਾਰਨ ਵਾਪਰ ਗਿਆ। ਬੱਸ ਤੜਕੇ ਚਾਰ ਵਜੇ ਹਰਿਦੁਆਰ ਤੋਂ ਅਤੇ ਅੱਠ ਵਜੇ ਅੰਬਾਲਾ ਬੱਸ ਅੱਡੇ ਤੋਂ ਚੱਲੀ ਸੀ। ਸਵਾਰੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ, ਜਦਕਿ ਡਰਾਈਵਰ ਦਾ ਇਲਾਜ ਚੱਲ ਰਿਹਾ ਹੈ।

## ਕੈਨੇਡਾ ਜਾਣ ਵਾਲੇ ਪਾੜ੍ਹਿਆਂ ਦੀ ਗਿਣਤੀ 86 ਫੀਸਦੀ ਘਟੀ



**ਓਟਵਾ** : ਕੈਨੇਡਾ 'ਚ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਏ ਕੂਟਨੀਤਕ ਵਿਵਾਦ ਕਾਰਨ ਭਾਰਤ ਵੱਲੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢੇ ਜਾਣ ਤੋਂ ਬਾਅਦ ਪਿਛਲੇ ਸਾਲ ਦੇ ਅਖੀਰ 'ਚ ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਸਟੱਡੀ ਪਰਮਿਟਾਂ ਦੀ ਗਿਣਤੀ 'ਚ ਤੇਜ਼ੀ ਨਾਲ ਕਮੀ ਆਈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇੰਟਰਵਿਊ 'ਚ ਕਿਹਾ ਕਿ ਉਨ੍ਹਾ ਦਾ ਮੰਨਣਾ ਹੈ ਕਿ ਇਹ ਗਿਣਤੀ ਨੇੜ ਭਵਿੱਖ 'ਚ ਵਧਣ ਦੀ ਸੰਭਾਵਨਾ ਨਹੀਂ ਹੈ। ਭਾਰਤ 'ਚ ਬਹੁਤ ਸਾਰੀਆਂ ਅਰਜ਼ੀਆਂ ਨੂੰ ਪ੍ਰੋਸੈਸ ਕਰਨ ਦੀ ਸਮਰੱਥਾ ਅੱਧੀ ਰਹਿ ਗਈ ਹੈ। ਇਸ ਤੋਂ ਇਲਾਵਾ ਵਿਵਾਦ ਨੇ ਭਾਰਤੀ ਵਿਦਿਆਰਥੀਆਂ ਨੂੰ ਦੂਜੇ ਦੇਸ਼ਾਂ 'ਚ ਪੜ੍ਹਾਈ ਕਰਨ ਲਈ ਪ੍ਰੇਰਿਆ ਹੈ। ਇਨ੍ਹਾਂ ਕਾਰਕਾਂ ਕਾਰਨ ਪਿਛਲੇ ਸਾਲ ਦੀ ਚੌਥੀ ਤਿਮਾਹੀ 'ਚ ਭਾਰਤੀਆਂ ਨੂੰ ਜਾਰੀ ਕੀਤੇ ਵਿਦਿਆਰਥੀ ਪਰਮਿਟਾਂ 'ਚ ਪਿਛਲੀ ਤਿਮਾਹੀ ਤੋਂ 86 ਫੀਸਦ ਦੀ ਗਿਰਾਵਟ ਆਈ, ਜੋ 1,08,940 ਤੋਂ 14,910 ਰਹਿ ਗਈ।

## ਪ੍ਰਗਨਾਨੰਦ ਨੰਬਰ ਇਕ ਭਾਰਤੀ ਸ਼ਤਰੰਜ ਖਿਡਾਰੀ



**ਨਵੀਂ ਦਿੱਲੀ** : ਸ਼ਤਰੰਜ ਦੇ ਉੱਘੇ ਖਿਡਾਰੀ ਰਮੇਸ਼ਬਾਬੂ ਪ੍ਰਗਨਾਨੰਦਾ ਨੇ ਵਿਸ਼ਵ ਚੈਂਪੀਅਨ ਡਿੰਗ ਲੀਰੇਨ 'ਤੇ ਆਪਣੀ ਜਿੱਤ ਤੋਂ ਬਾਅਦ ਭਾਰਤ ਦੇ ਸ਼ਤਰੰਜ ਖਿਡਾਰੀਆਂ ਵਿਚ ਨੰਬਰ ਇਕ ਸਥਾਨ ਹਾਸਲ ਕਰ ਲਿਆ ਹੈ। 18 ਸਾਲਾ ਖਿਡਾਰੀ ਨੇ ਬੁੱਧਵਾਰ 2024 ਟਾਟਾ ਸਟੀਲ ਸ਼ਤਰੰਜ ਟੂਰਨਾਮੈਂਟ 'ਚ ਚੀਨ ਦੇ ਲੀਰੇਨ ਨੂੰ ਕਾਲੇ ਮੋਹਰਿਆਂ ਨਾਲ ਹਰਾਇਆ ਅਤੇ ਮਹਾਨ ਵਿਸ਼ਵਨਾਥਨ ਆਨੰਦ ਨੂੰ ਪਛਾੜ ਕੇ ਨੰਬਰ ਇਕ ਸਥਾਨ ਹਾਸਲ ਕੀਤਾ। ਪ੍ਰਗਨਾਨੰਦਾ ਨੇ ਕਿਹਾ ਕਿ ਉਹ ਹੈਰਾਨ ਹੈ, ਕਿਉਂਕਿ ਉਸ ਨੂੰ ਉਮੀਦ ਨਹੀਂ ਸੀ ਕਿ ਵਿਸ਼ਵ ਚੈਂਪੀਅਨ ਇਸ ਤਰ੍ਹਾਂ ਹਾਰ ਜਾਵੇਗਾ।

## ਸਾਨ੍ਹ ਨਾਲ ਪੰਗਾ ਲੈਂਦੇ ਦੋ ਮਰੇ



**ਸ਼ਿਵਗੰਗਾ** : ਤਾਮਿਲਨਾਡੂ ਦੇ ਸ਼ਿਵਗੰਗਾ ਨੇੜੇ ਸੀਰਾਵਯਲ ਵਿਖੇ ਜੱਲੀਕੱਟੂ (ਸਾਨ੍ਹ ਨੂੰ ਕਾਬੂ 'ਚ ਕਰਨ ਵਾਲੀ ਖੇਡ), ਦੌਰਾਨ 11 ਸਾਲਾ ਮੁੰਡੇ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪੁਲਸ ਅਨੁਸਾਰ ਘਟਨਾ ਵਾਲੀ ਥਾਂ 'ਤੇ ਸਾਨ੍ਹ ਦੇ ਹਮਲੇ 'ਚ ਮੁੰਡਾ ਅਤੇ ਕਰੀਬ 30 ਸਾਲ ਦਾ ਵਿਅਕਤੀ ਗੰਭੀਰ ਜ਼ਖਮੀ ਹੋ ਗਏ। ਬਾਅਦ ਵਿਚ ਦੋਵਾਂ ਦੀ ਮੌਤ ਹੋ ਗਈ।

## ਪਾਕਿਸਤਾਨ ਤੇ ਈਰਾਨ ਵਿਚਾਲੇ ਤਣਾਅ ਵਧਿਆ



**ਲਾਹੌਰ** : ਪਾਕਿਸਤਾਨ ਨੇ ਈਰਾਨ ਨੂੰ ਬਲੋਚਿਸਤਾਨ ਸੂਬੇ ਵਿਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕਰਨ ਲਈ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਈਰਾਨ ਵੱਲੋਂ ਕੀਤੇ ਇਨ੍ਹਾਂ ਹਮਲਿਆਂ 'ਚ ਦੋ ਬੱਚੇ ਮਾਰੇ ਗਏ, ਜਦਕਿ ਤਿੰਨ ਹੋਰ ਜ਼ਖਮੀ ਹੋ ਗਏ। ਈਰਾਨੀ ਮੀਡੀਆ ਨੇ ਦੱਸਿਆ ਕਿ ਪਾਕਿਸਤਾਨ ਵਿਚ ਬਲੋਚੀ ਅੱਤਵਾਦੀ ਸਮੂਹ ਜੈਸ਼-ਅਲ-ਅਦਲ ਦੇ ਦੋ ਟਿਕਾਣਿਆਂ ਨੂੰ ਦੇਸ਼ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਮੰਗਲਵਾਰ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਇਆ। ਇਹ ਕਾਰਵਾਈ ਇਰਾਕ ਅਤੇ ਸੀਰੀਆ 'ਚ ਹੋਏ ਹਮਲਿਆਂ ਤੋਂ ਇੱਕ ਦਿਨ ਬਾਅਦ ਕੀਤੀ ਗਈ ਹੈ। ਪਾਕਿਸਤਾਨ ਨੇ ਈਰਾਨ ਦੇ ਰਾਜਦੂਤ ਨੂੰ ਵਿਦੇਸ਼ ਮੰਤਰਾਲੇ 'ਚ ਤਲਬ ਕਰਕੇ ਆਪਣੇ ਹਵਾਈ ਖੇਤਰ ਦੀ ਉਲੰਘਣਾ ਦੀ ਸਖਤ ਨਿੰਦਾ ਕੀਤੀ। ਇਸ ਦੇ ਬਾਅਦ ਉਸ ਨੇ ਈਰਾਨ ਦੇ ਰਾਜਦੂਤ ਨੂੰ ਦੇਸ਼ ਛੱਡਣ ਦਾ ਫਰਮਾਨ ਜਾਰੀ ਕਰ ਦਿੱਤਾ ਤੇ ਆਪਣੇ ਰਾਜਦੂਤ ਨੂੰ ਈਰਾਨ ਤੋਂ ਵਾਪਸ ਬੁਲਾ ਲਿਆ। ਈਰਾਨ ਨੇ ਸਰਹੱਦ 'ਤੇ ਫੌਜੀ ਤਾਇਨਾਤੀ ਵਧਾ ਦਿੱਤੀ ਹੈ। ਪਾਕਿਸਤਾਨੀ ਫੌਜ ਅੱਤਵਾਦੀਆਂ ਨੂੰ ਢਾਲ ਬਣਾ ਕੇ ਈਰਾਨ ਖਿਲਾਫ ਜਵਾਬੀ ਕਾਰਵਾਈ ਕਰ ਸਕਦੀ ਹੈ। ਇਸ ਹਮਲੇ ਦੇ ਬਾਅਦ ਪਾਕਿਸਤਾਨੀ ਫੌਜ ਤੇ ਸਰਕਾਰ ਦੀ ਦੇਸ਼ ਵਿਚ ਕਾਫੀ ਕਿਰਕਿਰੀ ਹੋ ਰਹੀ ਹੈ।

## ਜਹਾਜ਼ ਦੇ ਪਖਾਨੇ 'ਚ ਫਸਿਆ ਰਿਹਾ

**ਮੁੰਬਈ** : ਡੀ ਜੀ ਸੀ ਏ ਸਪਾਈਸ ਜੈੱਟ ਦੇ ਮੁੰਬਈ ਤੋਂ ਬੇਂਗਲੁਰੂ ਜਾ ਰਹੇ ਜਹਾਜ਼ ਦੇ ਪਖਾਨੇ 'ਚ ਮੁਸਾਫਰ ਦੇ ਫਸਣ ਦੇ ਮਾਮਲੇ ਦੀ ਜਾਂਚ ਕਰ ਰਿਹਾ ਹੈ। ਇਹ ਮੁਸਾਫਰ ਉਡਾਣ ਦੇ ਸਾਰੇ ਸਮੇਂ ਪਖਾਨੇ 'ਚ ਫਸਿਆ ਰਿਹਾ। ਇਹ ਘਟਨਾ ਮੰਗਲਵਾਰ ਨੂੰ ਪਖਾਨੇ ਦੇ ਦਰਵਾਜ਼ੇ ਦਾ ਤਾਲਾ ਖਰਾਬ ਹੋਣ ਕਾਰਨ ਵਾਪਰੀ। ਬੇਂਗਲੁਰੂ ਹਵਾਈ ਅੱਡੇ 'ਤੇ ਜਹਾਜ਼ ਦੇ ਉਤਰਨ ਤੋਂ ਬਾਅਦ ਇੰਜੀਨੀਅਰ ਨੇ ਤਾਲਾ ਖੋਲ੍ਹਿਆ, ਤਾਂ ਜਾ ਕੇ ਯਾਤਰੀ ਪਖਾਨੇ 'ਚੋਂ ਬਾਹਰ ਆਇਆ। ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਦੇ ਅਧਿਕਾਰੀ ਮੁਤਾਬਕ ਇਹ ਘਟਨਾ ਰੱਖ-ਰਖਾਅ ਦੀ ਸਮੱਸਿਆ ਜਾਂ ਕਿਸੇ ਹੋਰ ਕਾਰਨ ਹੋ ਸਕਦੀ ਹੈ। ਯਾਤਰੀ ਲਗਭਗ ਇਕ ਘੰਟੇ ਤੱਕ ਫਸਿਆ ਰਿਹਾ। ਕੰਪਨੀ ਨੇ ਕਿਹਾ ਕਿ ਯਾਤਰੀ ਨੂੰ ਪੂਰਾ ਕਿਰਾਇਆ ਵਾਪਸ ਕੀਤਾ ਜਾ ਰਿਹਾ ਹੈ।

### ਜਹਾਜ਼ ਦੇ ਅਮਲੇ ਦੇ ਮੈਂਬਰ ਨੂੰ ਵੱਢਿਆ

**ਟੋਕੀਓ** : ਅਮਰੀਕੀ ਸ਼ਹਿਰ ਸਿਆਟਲ ਜਾਣ ਵਾਲਾ ਜਾਪਾਨ ਦੀ ਆਲ ਨਿਪੋਨ ਏਅਰਵੇਜ਼ ਦਾ ਜਹਾਜ਼ ਟੋਕੀਓ ਦੇ ਹਨੇਦਾ ਹਵਾਈ ਅੱਡੇ 'ਤੇ ਉਦੋਂ ਪਰਤ ਆਇਆ, ਜਦੋਂ ਯਾਤਰੀ ਨੇ ਜਹਾਜ਼ ਦੇ ਅਮਲੇ ਦੇ ਮੈਂਬਰ ਦੀ ਬਾਂਹ ਨੂੰ ਦੰਦਾਂ ਨਾਲ ਵੱਢ ਲਿਆ। 55 ਸਾਲਾ ਵਿਅਕਤੀ, ਜਿਸ ਨੂੰ ਅਮਰੀਕੀ ਨਾਗਰਿਕ ਮੰਨਿਆ ਜਾਂਦਾ ਹੈ, ਨੂੰ ਟੋਕੀਓ ਪੁਲਸ ਨੇ ਗ੍ਰਿਫਤਾਰ ਕਰ ਲਿਆ। ਇਹ ਘਟਨਾ ਮੰਗਲਵਾਰ ਰਾਤ ਨੂੰ ਵਾਪਰੀ, ਜਦੋਂ ਜਹਾਜ਼ ਉੱਡ ਰਿਹਾ ਸੀ। ਦੰਦਾਂ ਨਾਲ ਵੱਢਣ ਦੇ ਕਾਰਨ ਦਾ ਹਾਲੇ ਪਤਾ ਨਹੀਂ ਲੱਗਿਆ।

## ਸੈਂਟਰ ਫਾਰ ਪਾਲਿਸੀ ਰਿਸਰਚ ਦਾ ਵਿਦੇਸ਼ੀ ਚੰਦਾ ਪੱਕਾ ਬੰਦ

**ਨਵੀਂ ਦਿੱਲੀ** : ਸਰਕਾਰ ਨੇ ਕਾਨੂੰਨਾਂ ਦੀ ਕਥਿਤ ਉਲੰਘਣਾ ਲਈ ਪ੍ਰਮੁੱਖ ਜਨਤਕ ਥਿੰਕ ਟੈਂਕ ਸੈਂਟਰ ਫਾਰ ਪਾਲਿਸੀ ਰਿਸਰਚ (ਸੀ ਪੀ ਆਰ) ਦੀ ਵਿਦੇਸ਼ੀ ਯੋਗਦਾਨ ਰੈਗੂਲੇਸ਼ਨ ਐਕਟ (ਐੱਫ ਸੀ ਆਰ ਏ) ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਹੈ। ਇਹ ਕਦਮ ਗ੍ਰਹਿ ਮੰਤਰਾਲੇ ਵੱਲੋਂ ਐੱਫ ਸੀ ਆਰ ਏ ਤਹਿਤ ਐੱਨ ਜੀ ਓ ਦੀ ਰਜਿਸਟ੍ਰੇਸ਼ਨ ਨੂੰ ਮੁਅੱਤਲ ਕਰਨ ਦੇ ਸਾਲ ਬਾਅਦ ਚੁੱਕਿਆ ਹੈ। ਆਮਦਨ ਕਰ ਵਿਭਾਗ ਵੱਲੋਂ ਕੀਤੇ ਸਰਵੇਖਣਾਂ ਤੋਂ ਬਾਅਦ ਥਿੰਕ-ਟੈਂਕ ਦੀ ਜਾਂਚ ਕੀਤੀ ਜਾ ਰਹੀ ਸੀ। ਮੰਤਰਾਲੇ ਨੇ ਵਿਦੇਸ਼ੀ ਫੰਡਿੰਗ ਕਾਨੂੰਨ ਦੀ ਕਥਿਤ ਉਲੰਘਣਾ ਲਈ ਗੈਰ ਸਰਕਾਰੀ ਸੰਗਠਨ ਦੀ ਐੱਫ ਸੀ ਆਰ ਏ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਹੈ। ਐੱਫ ਸੀ ਆਰ ਏ ਲਾਇਸੰਸ ਫਰਵਰੀ 2023 'ਚ 180 ਦਿਨਾਂ ਲਈ ਮੁਅੱਤਲ ਕੀਤਾ ਗਿਆ ਸੀ ਅਤੇ ਫਿਰ ਮੁਅੱਤਲੀ ਨੂੰ ਹੋਰ 180 ਦਿਨਾਂ ਲਈ ਵਧਾ ਦਿੱਤਾ ਗਿਆ ਸੀ।

## ਭਾਜਪਾ ਸੱਦ ਰਹੀ ਹੈ



**ਮੁੰਬਈ** : ਪੰਜ ਸਾਲਾਂ 'ਚ ਦੂਜੀ ਵਾਰ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਬੁੱਧਵਾਰ ਦਾਅਵਾ ਕੀਤਾ ਕਿ ਉਨ੍ਹਾ ਅਤੇ ਉਨ੍ਹਾ ਦੀ ਵਿਧਾਇਕ ਧੀ ਪ੍ਰਨਿਤੀ ਸ਼ਿੰਦੇ ਨੂੰ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣ ਦੀ ਪੇਸ਼ਕਸ਼ ਹੋਈ ਹੈ। ਉਨ੍ਹਾ ਇਹ ਨਹੀਂ ਦੱਸਿਆ ਕਿ ਪੇਸ਼ਕਸ਼ ਕਦੋਂ ਹੋਈ। ਇਕ ਸਵਾਲ ਦੇ ਜਵਾਬ 'ਚ ਉਨ੍ਹਾ ਮੁਸਕਰਾਉਂਦੇ ਹੋਏ ਕਿਹਾ ਕਿ ਉਹ ਹੁਣ 83 ਸਾਲ ਦੇ ਹਨ ਅਤੇ ਸਾਰੀ ਉਮਰ ਕਾਂਗਰਸ ਦੇ ਕੱਟੜ ਵਫਾਦਾਰ ਰਹੇ ਹਨ। ਇਸ ਲਈ ਉਸ ਦੀ ਧੀ ਜਾਂ ਉਸ ਵੱਲੋਂ ਅਜਿਹੀ ਕੋਈ ਪੇਸ਼ਕਸ਼ ਸਵੀਕਾਰ ਕਰਨ ਦਾ ਕੋਈ ਸਵਾਲ ਹੀ ਨਹੀਂ ਹੈ। ਭਾਜਪਾ ਦੇ ਸੂਬਾ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਨੇ ਇਨਕਾਰ ਕੀਤਾ ਕਿ ਸ਼ਿੰਦੇ ਜਾਂ ਉਨ੍ਹਾ ਦੀ ਧੀ ਨੂੰ ਅਜਿਹੀ ਕੋਈ ਪੇਸ਼ਕਸ਼ ਕੀਤੀ ਗਈ ਹੈ।

## ਸ਼ਿਵ ਸੈਨਾ ਮਾਮਲੇ ਦੀ ਸੁਣਵਾਈ 22 ਤੱਕ ਟਲੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੇ ਸ਼ਿਵ ਸੈਨਾ ਧੜੇ ਨੂੰ 'ਅਸਲੀ ਸਿਆਸੀ ਪਾਰਟੀ' ਐਲਾਨਣ ਦੇ ਮਹਾਰਾਸ਼ਟਰ ਵਿਧਾਨ ਸਭਾ ਸਪੀਕਰ ਦੇ ਹੁਕਮਾਂ ਖਿਲਾਫ ਸ਼ਿਵ ਸੈਨਾ ਦੇ ਊਧਵ ਠਾਕਰੇ ਧੜੇ ਦੀ ਪਟੀਸ਼ਨ 'ਤੇ ਸੁਣਵਾਈ 22 ਜਨਵਰੀ ਤੱਕ ਮੁਲਤਵੀ ਕਰ ਦਿੱਤੀ। ਜੂਨ 2022 'ਚ ਪਾਰਟੀ ਦੋ ਧੜਿਆਂ 'ਚ ਵੰਡੀ ਗਈ ਸੀ। ਠਾਕਰੇ ਧੜੇ ਵੱਲੋਂ ਸੋਮਵਾਰ ਨੂੰ ਦਾਇਰ ਪਟੀਸ਼ਨ ਨੂੰ ਸੁਪਰੀਮ ਕੋਰਟ ਦੀ ਰਜਿਸਟਰੀ ਨੇ 19 ਜਨਵਰੀ ਲਈ ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਅੱਗੇ ਸੂਚੀਬੱਧ ਕੀਤਾ ਸੀ।

## ਕੇਜਰੀਵਾਲ ਤੇ ਮਾਨ ਅੱਜ ਤੋਂ ਗੋਆ ਦੌਰੇ 'ਤੇ

**ਪਣਜੀ** : ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 18 ਜਨਵਰੀ ਤੋਂ ਗੋਆ ਦੇ ਤਿੰਨ ਦਿਨਾ ਦੌਰੇ 'ਤੇ ਹੋਣਗੇ। ਪਾਰਟੀ ਦੇ ਸੂਬਾ ਪ੍ਰਧਾਨ ਅਮਿਤ ਪਾਲੇਕਰ ਨੇ ਦੱਸਿਆ ਕਿ ਕੇਜਰੀਵਾਲ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੰਸਦ ਮੈਂਬਰ ਰਾਘਵ ਚੱਢਾ ਤੇ ਸੰਦੀਪ ਪਾਠਕ ਵੀ 18 ਤੋਂ 20 ਜਨਵਰੀ ਤੱਕ ਤੱਟਵਰਤੀ ਰਾਜ 'ਚ ਰਹਿਣਗੇ। ਉਹ ਗੋਆ ਦੇ ਵਿਧਾਇਕਾਂ ਅਤੇ ਰਾਜ ਦੇ ਹੋਰ ਅਹੁਦੇਦਾਰਾਂ ਨਾਲ ਮੁਲਾਕਾਤ ਕਰਨਗੇ। 'ਆਪ' ਦੇ ਗੋਆ ਵਿਧਾਨ ਸਭਾ 'ਚ ਦੋ ਵਿਧਾਇਕ ਹਨ।

## ਮਨੀਪੁਰ ਦੀ ਤਾਜ਼ਾ ਹਿੰਸਾ 'ਚ ਜਵਾਨ ਤੇ ਮਹਿਲਾ ਦੀ ਮੌਤ



**ਇੰਫਾਲ** : ਮਨੀਪੁਰ ਦੇ ਤੇਂਗਨੂਪਾਲ ਜ਼ਿਲ੍ਹੇ ਦੇ ਸਰਹੱਦੀ ਕਸਬੇ ਮੋਰੇਹ 'ਚ ਬੁੱਧਵਾਰ ਮਸ਼ਕੂਕ ਕੁੱਕੀ ਅੱਤਵਾਦੀਆਂ ਨੇ ਸੁਰੱਖਿਆ ਬਲਾਂ ਦੇ ਵਾਹਨ 'ਤੇ ਹਮਲਾ ਕਰ ਦਿੱਤਾ, ਜਿਸ 'ਚ ਭਾਰਤੀ ਰਿਜ਼ਰਵ ਬਟਾਲੀਅਨ (ਆਈ ਆਰ ਬੀ) ਦੇ ਸਿਪਾਹੀ ਵਾਂਗਖੇਮ ਸਮਰਜੀਤ ਦੀ ਮੌਤ ਹੋ ਗਈ, ਜੋ ਮੋਰੇਹ 'ਚ ਸਟੇਟ ਪੁਲਸ ਕਮਾਂਡੋ ਵਜੋਂ ਤਾਇਨਾਤ ਸੀ। ਮਿਆਂਮਾਰ ਸਰਹੱਦ ਨੇੜੇ ਵਾਪਰੀ ਇਸ ਘਟਨਾ ਵਿਚ ਤਿੰਨ ਜਵਾਨ ਜ਼ਖਮੀ ਹੋ ਗਏ। ਜਦੋਂ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਮਹਿਲਾਵਾਂ ਸਮੇਤ ਕੁਝ ਕਬਾਇਲੀ ਲੋਕਾਂ ਨੇ ਵਿਰੋਧ ਕੀਤਾ ਅਤੇ ਜਵਾਨਾਂ ਨਾਲ ਲੜ ਪਏ। ਇਸ ਦੌਰਾਨ ਇਕ ਮਹਿਲਾ ਦੀ ਮੌਤ ਹੋ ਗਈ ਤੇ ਕੁਝ ਹੋਰ ਜ਼ਖਮੀ ਹੋ ਗਏ।

## ਸ਼ੇਅਰ ਬਾਜ਼ਾਰ 'ਚ ਭਾਰੀ ਗਿਰਾਵਟ



**ਮੁੰਬਈ** : ਘਰੇਲੂ ਸ਼ੇਅਰ ਬਾਜ਼ਾਰਾਂ ਵਿਚ ਤਾਜ਼ਾ ਤੇਜ਼ੀ ਤੋਂ ਬਾਅਦ ਬੁੱਧਵਾਰ ਵੱਡੀ ਗਿਰਾਵਟ ਆਈ, ਜਿਸ ਦੇ ਨਤੀਜੇ ਵਜੋਂ ਬੀ ਐੱਸ ਈ ਸੈਂਸੈਕਸ 1,628 ਅੰਕ ਹੇਠਾਂ ਡਿੱਗ ਗਿਆ। ਸੈਂਸੈਕਸ 'ਚ ਡੇਢ ਸਾਲ ਤੋਂ ਵੱਧ ਸਮੇਂ 'ਚ ਇਹ ਇਕ ਦਿਨ ਦੀ ਸਭ ਤੋਂ ਵੱਡੀ ਗਿਰਾਵਟ ਹੈ। 30 ਸ਼ੇਅਰਾਂ 'ਤੇ ਆਧਾਰਤ ਸੈਂਸੈਕਸ 1,628.01 ਅੰਕ ਜਾਂ 2.23 ਫੀਸਦੀ ਡਿੱਗ ਕੇ 71,500.76 ਅੰਕ 'ਤੇ ਆ ਗਿਆ। ਨੈਸ਼ਨਲ ਸਟਾਕ ਐਕਸਚੇਂਜ ਦਾ ਪੰਜਾਹ ਸ਼ੇਅਰਾਂ 'ਤੇ ਆਧਾਰਤ ਨਿਫਟੀ ਵੀ 460.35 ਅੰਕ ਜਾਂ 2.09 ਫੀਸਦੀ ਡਿੱਗ ਕੇ 21,571.95 ਅੰਕ 'ਤੇ ਬੰਦ ਹੋਇਆ। ਸ਼ੇਅਰ ਬਾਜ਼ਾਰ 'ਚ ਲਗਾਤਾਰ ਦੂਜੇ ਦਿਨ ਗਿਰਾਵਟ ਦਰਜ ਕੀਤੀ ਗਈ ਹੈ।

## ਅੱਜ-ਨਾਮਾ

ਛੱਤੀਸਗੜ੍ਹ ਦੀ ਪੁਲਸ ਜਦ ਰੇਡ ਕਰਿਆ,
ਰਾਜਸਥਾਨ ਵਿੱਚ ਖੇਪ ਇੱਕ ਫੜੀ ਮੀਆਂ।
ਫੈਕਟਰੀ ਨਸ਼ੇ ਦੀ ਰਹੀ ਸੀ ਚੱਲ ਸੁਣਿਆ,
ਜੁੜਦੀ ਕਈਆਂ ਪ੍ਰਾਂਤਾਂ ਨਾਲ ਕੜੀ ਮੀਆਂ।
ਕਿੱਥੋਂ ਤੀਕ ਸੀ ਪਤਾ ਨਹੀਂ ਮਾਲ ਵਿਕਦਾ,
ਨਵੀਂ ਸਪਲਾਈ ਤਿਆਰ ਸੀ ਖੜੀ ਮੀਆਂ।
ਚੱਲੇ ਸਰਕਾਰ ਪਈ ਕਿਸੇ ਵੀ ਪਾਰਟੀ ਦੀ,
ਕਮਾਈ ਹੁੰਦੀ ਰਹੀ ਨਸ਼ੇ ਦੀ ਬੜੀ ਮੀਆਂ।
ਘਰੀਂ ਸੀ ਲੋਕਾਂ ਦੇ ਸੱਥਰ ਵਿਛਾਏ ਉਹਨਾਂ,
ਗਏ ਨਹੀਂ ਰੋਕਣ ਸੀ ਕੋਈ ਜਨਾਬ ਮੀਆਂ।
ਬਣਦਾ-ਵਿਕਦਾ ਤਾਂ ਮਾਲ ਸਭ ਹੋਰ ਥਾਂਈਂ,
ਬਦਨਾਮ ਹੁੰਦਾ ਰਿਹਾ ਸਦਾ ਪੰਜਾਬ ਮੀਆਂ।

-ਤੀਸ ਮਾਰ ਖਾਂ

# 16 ਫਰਵਰੀ ਦੇ ਐਕਸ਼ਨ ਲਈ ਵਿਸ਼ਾਲ ਲਾਮਬੰਦੀ ਦਾ ਸੱਦਾ

**ਲੁਧਿਆਣਾ, (ਐੱਮ ਐੱਸ ਭਾਟੀਆ)**- ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਨੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਦੇਸ਼-ਵਿਰੋਧੀ ਵਿਨਾਸ਼ਕਾਰੀ ਨੀਤੀਆਂ ਵਿਰੁੱਧ 16 ਫਰਵਰੀ ਨੂੰ ਉਦਯੋਗਿਕ/ ਖੇਤਰੀ ਹੜਤਾਲ ਅਤੇ ਪੇਂਡੂ ਭਾਰਤ ਬੰਦ ਦੇ ਨਾਲ-ਨਾਲ ਵਿਸ਼ਾਲ ਦੇਸ਼ ਵਿਆਪੀ ਲਾਮਬੰਦੀ ਦਾ ਸੱਦਾ ਦਿੱਤਾ ਹੈ। ਨਵੀਂ ਦਿੱਲੀ 'ਚ ਬੁੱਧਵਾਰ ਪ੍ਰੈੱਸ ਕਾਨਫਰੰਸ ਕਰਕੇ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ/ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਦੇ ਸਾਂਝੇ ਮੰਚ ਨੇ ਸੱਤਾਧਾਰੀ ਕਾਰਪੋਰੇਟ-ਫਿਰਕੂ ਗਠਜੋੜ ਦੀਆਂ ਕਾਰਵਾਈਆਂ 'ਤੇ ਚਿੰਤਾ ਜ਼ਾਹਰ ਕੀਤੀ, ਜਿਸ ਵਿੱਚ ਰਾਸ਼ਟਰੀ ਸੰਪਤੀ ਨੂੰ ਬੇਸ਼ਰਮੀ ਨਾਲ ਮੁੱਠੀ-ਭਰ ਨਿੱਜੀ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ ਨੂੰ ਅਪੰਗ ਕਰਕੇ ਉਨ੍ਹਾਂ 'ਤੇ ਕਬਜ਼ਾ ਕੀਤਾ ਜਾ ਰਿਹਾ ਹੈ। ਇਹ ਸਰਕਾਰ ਸਮੁੱਚੇ ਤੌਰ 'ਤੇ ਕਿਰਤੀ ਲੋਕਾਂ ਦੇ ਜੀਵਨ ਅਤੇ ਉਪਜੀਵਕਾ 'ਤੇ ਲਗਾਤਾਰ ਵਹਿਸ਼ੀ ਹਮਲੇ ਕਰ ਰਹੀ ਹੈ ਅਤੇ ਵੱਖ-ਵੱਖ ਕਾਨੂੰਨਾਂ, ਕਾਰਜਕਾਰੀ ਹੁਕਮਾਂ ਅਤੇ ਨੀਤੀਗਤ ਮੁਹਿੰਮਾਂ ਰਾਹੀਂ ਜ਼ੋਰਦਾਰ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਲੋਕ-ਵਿਰੋਧੀ ਕਦਮ ਚੁੱਕ ਰਹੀ ਹੈ। ਇਹ ਸੰਵਿਧਾਨਕ ਤੌਰ 'ਤੇ ਚੁਣੀਆਂ ਗਈਆਂ ਰਾਜ ਸਰਕਾਰਾਂ ਦੇ ਅਧਿਕਾਰਾਂ ਤੋਂ ਇਨਕਾਰ ਕਰ ਰਹੀ ਹੈ। ਇਹ ਸਾਰੇ ਜਮਹੂਰੀ ਦਾਅਵਿਆਂ ਅਤੇ ਲੋਕਾਂ ਦੇ ਵੱਖ-ਵੱਖ ਵਰਗਾਂ ਦੀਆਂ ਅਸਹਿਮਤੀ ਦੀਆਂ ਸਾਰੀਆਂ ਆਵਾਜ਼ਾਂ ਨੂੰ ਦਬਾਅ ਰਹੀ ਹੈ। ਇਹ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਏਜੰਸੀਆਂ ਦੀ ਘੋਰ ਦੁਰਵਰਤੋਂ ਕਰਦੇ ਹੋਏ ਰਾਜਨੀਤੀ ਅਤੇ ਸੰਵਿਧਾਨਕ ਸੰਸਥਾਵਾਂ ਦਾ ਫਿਰਕੂਕਰਨ ਕਰਨ ਦੀ ਆਪਣੀ ਖਤਰਨਾਕ ਯੋਜਨਾ ਨੂੰ ਜਾਰੀ ਰੱਖ ਰਹੀ ਹੈ। ਕੇਂਦਰ ਸਰਕਾਰ ਮੀਡੀਆ ਦੀ ਆਜ਼ਾਦੀ 'ਤੇ ਲਗਾਤਾਰ ਹਮਲਾ ਕਰ ਰਹੀ ਹੈ ਅਤੇ ਜਿਨਸੀ ਸ਼ੋਸ਼ਣ ਦੇ ਅਪਰਾਧੀਆਂ ਨੂੰ ਬੇਸ਼ਰਮੀ ਨਾਲ ਬਚਾਅ ਰਹੀ ਹੈ, ਜਿਸ ਨਾਲ ਕਾਨੂੰਨ ਅਤੇ ਵਿਵਸਥਾ 'ਤੇ ਲੋਕਾਂ ਦਾ ਭਰੋਸਾ ਖਤਮ ਹੋ ਰਿਹਾ ਹੈ।



ਕਾਮਰੇਡ ਅਮਰਜੀਤ ਕੌਰ ਜਨਰਲ ਸਕੱਤਰ ਏਟਕ ਦਿੱਲੀ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

ਸੀ ਟੀ ਯੂ, ਫੈਡਰੇਸ਼ਨਾਂ/ ਐਸੋਸੀਏਸ਼ਨਾਂ 26 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ ਵਿਖੇ ਟਰੈਕਟਰ/ ਵਾਹਨ ਪਰੇਡ ਲਈ ਐੱਸ ਕੇ ਐੱਮ ਦੁਆਰਾ ਪਹਿਲਾਂ ਹੀ ਦਿੱਤੇ ਗਏ ਸੱਦੇ ਦਾ ਸਮਰਥਨ ਕਰਦੀਆਂ ਹਨ। ਮਜ਼ਦੂਰ ਅਤੇ ਕਿਸਾਨ ਸਾਂਝੇ ਤੌਰ 'ਤੇ 10 ਤੋਂ 20 ਜਨਵਰੀ ਤੱਕ ਭਾਰਤ ਭਰ ਦੇ ਸਾਰੇ ਪਿੰਡਾਂ ਵਿੱਚ ਘਰ-ਘਰ ਜਾ ਕੇ ਜਨ-ਜਾਗਰਣ ਮੁਹਿੰਮ ਚਲਾ ਰਹੇ ਹਨ ਤਾਂ ਜੋ ਹੈਂਡ ਬਿੱਲ/ ਪੈਂਫਲਟ ਵੰਡਣ, ਮੰਗ ਪੱਤਰ ਵੰਡਣ ਅਤੇ ਸੰਘਰਸ਼ਾਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ। ਇਹ ਸਾਰੀਆਂ ਜਨ-ਸੰਪਰਕ ਗਤੀਵਿਧੀਆਂ ਕਾਰਪੋਰੇਟ-ਫਿਰਕੂ ਗਠਜੋੜ ਨਾਲ ਅਪਣਾਈਆਂ ਜਾ ਰਹੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਦੇਸ਼-ਵਿਰੋਧੀ ਨੀਤੀਆਂ ਵਿਰੁੱਧ ਦੇਸ਼ ਵਿਆਪੀ ਲਾਮਬੰਦੀ ਪੈਦਾ ਕਰਨ ਵਿੱਚ ਸਹਾਈ ਹੋਣਗੀਆਂ।

ਐੱਸ ਕੇ ਐੱਮ ਅਤੇ ਸੀ ਟੀ ਯੂ/ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਵੱਲੋਂ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਨੀਤੀਆਂ ਵਿਰੁੱਧ 16 ਫਰਵਰੀ ਨੂੰ ਉਦਯੋਗਿਕ/ ਖੇਤਰੀ ਹੜਤਾਲ ਅਤੇ ਪੇਂਡੂ ਭਾਰਤ ਬੰਦ ਦੇ ਨਾਲ-ਨਾਲ ਵੱਖ-ਵੱਖ ਪੱਧਰਾਂ 'ਤੇ ਦੇਸ਼ ਵਿਆਪੀ ਵਿਸ਼ਾਲ ਅੰਦੋਲਨ ਦਾ ਸੱਦਾ ਦਿੱਤਾ ਗਿਆ ਹੈ। ਹੜਤਾਲਾਂ ਸਮੇਤ ਕਈ ਖੇਤਰਾਂ ਵਿੱਚ ਅੰਦੋਲਨ ਅਤੇ ਸੰਘਰਸ਼ ਚੱਲ ਰਹੇ ਹਨ। ਉਹਨਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਅੰਦੋਲਨ ਨੂੰ ਐੱਸ ਕੇ ਐੱਮ ਅਤੇ ਸੀ ਟੀ ਯੂ ਦੁਆਰਾ ਸਾਂਝੇ ਤੌਰ 'ਤੇ ਅਪਣਾਏ ਗਏ 16 ਫਰਵਰੀ ਦੇ ਦੇਸ਼-ਵਿਆਪੀ ਪ੍ਰੋਗਰਾਮ ਨਾਲ ਮੇਲਣ।

ਉਹਨਾਂ ਵਿਦਿਆਰਥੀਆਂ, ਨੌਜਵਾਨਾਂ, ਅਧਿਆਪਕਾਂ, ਔਰਤਾਂ, ਸਮਾਜਕ ਅੰਦੋਲਨਾਂ ਅਤੇ ਕਲਾ, ਸੱਭਿਆਚਾਰ, ਸਾਹਿਤ ਦੇ ਖੇਤਰ ਵਿੱਚ ਸਾਰੀਆਂ ਸਮਾਨ ਸੋਚ ਵਾਲੀਆਂ ਲਹਿਰਾਂ ਨੂੰ ਅਪੀਲ ਕੀਤੀ ਕਿ ਉਹ ਸੰਯੁਕਤ ਕਿਸਾਨ ਮੋਰਚਾ ਅਤੇ ਸੀ ਟੀ ਯੂ/ ਫੈਡਰੇਸ਼ਨਾਂ/ਐਸੋਸੀਏਸ਼ਨਾਂ ਦੀਆਂ ਸਾਂਝੀਆਂ ਮੁਹਿੰਮਾਂ ਵਿੱਚ ਸ਼ਾਮਲ ਹੋਣ।

## 750 ਲੀਟਰ ਲਾਹਣ ਬਰਾਮਦ, ਇੱਕ ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਥਾਣਾ ਗੁਰੂਹਰਸਹਾਏ ਪੁਲਿਸ ਨੇ ਗਸ਼ਤ ਤੇ ਚੈਕਿੰਗ ਦੌਰਾਨ 750 ਲੀਟਰ ਲਾਹਣ ਬਰਾਮਦ ਕਰਕੇ ਇਕ ਵਿਅਕਤੀ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਮਹਿਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸੰਬੰਧ ਵਿਚ ਦਾਣਾ ਮੰਡੀ ਪੰਜੇ ਕੇ ਉਤਾੜ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਮੇਜ ਸਿੰਘ ਪੁੱਤਰ ਮੱਲ ਸਿੰਘ ਵਾਸੀ ਨੱਥੂ ਦੁੱਲੇਕੇ ਢਾਣੀ ਨਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨਜਾਇਜ਼ ਸ਼ਰਾਬ ਵੇਚ ਰਿਹਾ ਹੈ। ਜੇਕਰ ਹੁਣੇ ਇਸ ਦੇ ਘਰ ’ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ ’ਤੇ ਛਾਪੇਮਾਰੀ ਕੀਤੀ ਗਈ ਤਾਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ ਤੇ ਮੌਕੇ ’ਤੇ 750 ਲੀਟਰ ਲਾਹਣ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪਤੀ-ਪਤਨੀ ਦੀ ਕੁੱਟਮਾਰ ਕਰਕੇ ਜਾਨੋਂ ਮਾਰਨ ਦੀਆਂ ਦਿੱਤੀਆਂ ਧਮਕੀਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਥਾਣਾ ਆਰਿਫ ਕੇ ਦੇ ਅਧੀਨ ਆਉਂਦੇ ਪਿੰਡ ਬੱਗੇ ਕੇ ਪਿੱਪਲ ਵਿਖੇ ਇਕ ਵਿਅਕਤੀ ਅਤੇ ਉਸ ਦੀ ਪਤਨੀ ਦੀ ਕੁੱਟਮਾਰ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿਚ ਪੁਲਸ ਨੇ 6 ਬਾਏ ਨੇਮ ਵਿਅਕਤੀਆਂ ਅਤੇ 14-15 ਅਣਪਛਾਤੇ ਵਿਅਕਤੀਆਂ ਖਿਲਾਫ 323, 324, 506, 427, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਸਵੰਤ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਪਿੰਡ ਬੱਗੇ ਕੇ ਪਿੱਪਲ ਨੇ ਦੱਸਿਆ ਕਿ ਦੋਸ਼ੀਅਨ ਵਿਜੈ ਕੁਮਾਰ ਪੁੱਤਰ ਪੂਰਨ ਸਿੰਘ, ਅਜੈ ਕੁਮਾਰ ਪੁੱਤਰ ਪੂਰਨ ਸਿੰਘ, ਪੂਰਨ ਸਿੰਘ ਪੁੱਤਰ ਕਾਕਾ ਸਿੰਘ, ਗੋਰਾ ਪੁੱਤਰ ਹਰਜਿੰਦਰ ਸਿੰਘ, ਬੋਰੀ ਪੁੱਤਰ ਹਰਜਿੰਦਰ ਸਿੰਘ, ਕਰਨ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਅਨ ਪਿੰਡ ਬੱਗੇ ਕੇ ਪਿੱਪਲ ਤੇ 14-15 ਅਣਪਛਾਤੇ ਵਿਅਕਤੀਆਂ ਨੇ ਹਮਮਸ਼ਵਰਾ ਹੋ ਕੇ ਉਸ ਦੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਤੇ ਉਸ ਦੀ ਪਤਨੀ ਅਮਰਜੀਤ ਕੌਰ ਦੀ ਕੁੱਟਮਾਰ ਕੀਤੀ ਤੇ ਉਸ ਦੇ ਸੱਟਾਂ ਮਾਰੀਆਂ ਅਤੇ ਜਾਂਦੇ ਹੋਏ ਕਮਰੇ ਅੰਦਰ ਬੰਦ ਕਰਕੇ ਗਾਲੀ ਗਲੋਚ ਕੀਤੀ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ। ਵਜ੍ਹਾ ਰੰਜਿਸ਼ ਇਹ ਹੈ ਕਿ ਦੋਸ਼ੀ ਸ਼ੱਕ ਕਰਦੇ ਸਨ ਕਿ ਉਹ ਉਨ੍ਹਾਂ ਦੀ ਨੂੰਹ ਨੂੰ ਫੋਨ ਕਰਦਾ ਹੈ। ਜਸਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਦੋ ਵਾਹਨਾਂ ਦੀ ਜ਼ਬਰਦਸਤ ਟੱਕਰ, 2 ਔਰਤਾਂ ਸਮੇਤ 4 ਜ਼ਖ਼ਮੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਫ਼ਿਰੋਜ਼ਪੁਰ-ਮੋਗਾ ਰੋਡ ’ਤੇ ਹਰਿਆਲੀ ਪੈਟਰੋਲ ਪੰਪ ਨੇੜੇ ਇਕ ਐਕਟਿਵਾ ਸਕੂਟਰ ਤੇ ਮੋਟਰਸਾਈਕਲ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ, ਜਿਸ ਵਿੱਚ ਐਕਟਿਵਾ ਸਕੂਟਰ ’ਤੇ ਸਵਾਰ ਦੋ ਔਰਤਾਂ ਅਤੇ ਮੋਟਰਸਾਈਕਲ ’ਤੇ ਬੈਠੇ ਦੋ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।ਇਹ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ।ਦੱਸਿਆ ਜਾ ਰਿਹਾ ਹੈ ਕਿ ਦੋ ਔਰਤਾਂ ਐਕਟਿਵਾ ਸਕੂਟਰ ’ਤੇ ਜਾ ਰਹੀਆਂ ਸਨ ਤੇ ਦੋ ਪੁਰਸ਼ ਮੋਟਰਸਾਈਕਲ ’ਤੇ ਜਾ ਰਹੇ ਸਨ ਤਾਂ ਉਨ੍ਹਾਂ ਦੀ ਆਪਸ ’ਚ ਟੱਕਰ ਹੋ ਗਈ।ਸੜਕ ’ਤੇ ਆ ਰਹੇ ਵਾਹਨਾਂ ਦੀ ਰਫ਼ਤਾਰ ਘੱਟ ਹੋਣ ਕਾਰਨ ਸੜਕ ’ਤੇ ਡਿੱਗਿਆ ਇਹ ਵਿਅਕਤੀ ਵਾਹਨਾਂ ਦੀ ਲਪੇਟ ’ਚ ਆਉਣ ਤੋਂ ਬਚ ਗਿਆ ।

## ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਕੂਲ ’ਚ ਪਾਠ ਕਰਾਇਆ




**ਜਗਰਾਉਂ, (ਅਮਿਤ ਖੰਨਾ)** ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸਕੂਲ ਵਿੱਚ ਸੁਖਮਨੀ ਸਾਹਿਬ ਜੀ ਦਾ ਪਾਠ ਕਰਾਇਆ ਗਿਆ, ਜਿਸ ਵਿੱਚ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੇ ਪਾਠ ਕੀਤਾ।ਸਕੂਲ ਦੇ ਡਾਇਰੈਕਟਰ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਬੱਚਿਆਂ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਜਾਣੂ ਕਰਾਇਆ। ਗੁਰੂ ਦਾ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਵਾਇਸ ਪ੍ਰਧਾਨ ਕਾਂਤਾ ਸਿੰਗਲਾ, ਸੈਕਟਰੀ ਮਹਾਵੀਰ ਜੈਨ, ਚੰਦਰ ਪ੍ਰਭਾ, ਸ਼ੁਭ ਜੈਨ, ਪ੍ਰਿੰਸੀਪਲ ਸੁਪ੍ਰਿਆ ਖੁਰਾਣਾ, ਵੀਨਾ ਸਹਿਗਲ, ਮਲਕੀਤ ਕੌਰ ਕਮਾਲਪੁਰਾ, ਕੁਲਦੀਪ ਕੌਰ ਚਚਰਾੜੀ, ਜਤਿੰਦਰ ਕੌਰ, ਹਰਪ੍ਰੀਤ ਕੌਰ, ਨਰਿੰਦਰ ਕੌਰ, ਰਿਪਲ ਰਾਣੀ, ਕੁਲਦੀਪ ਕੌਰ ਸਿੱਧੂ, ਕੁਲਵਿੰਦਰ ਕੌਰ ਸੰਧੂ, ਪਰਮਜੀਤ ਕੌਰ ਸੰਧੂ, ਪ੍ਰਭਜੋਤ ਕੌਰ ਜੱਸਲ, ਕੁਲਵਿੰਦਰ ਕੌਰ,ਪਰਮਪ੍ਰੀਤ ਕੌਰ, ਪਰਮਜੀਤ ਕੌਰ ਡੀ.ਪੀ.,ਕੁਲਵਿੰਦਰ ਕੌਰ ਡੀ.ਪੀ, ਰੇਨੂੰ ਬਾਲਾ, ਸਾਕਸ਼ੀ ਸ਼ਰਮਾ, ਸ਼ੈਲੀ ਗਾਬਾ, ਦੀਕਸ਼ਾ ਹੰਸ, ਪਾਇਲ ਗਰਗ, ਮਲਕਾ ਰਾਣੀ, ਕਮਲੇਸ਼ ਰਾਣੀ, ਨਵਜੀਤ ਸ਼ਰਮਾ, ਨਵਜੀਤ ਧੀਰ, ਅਨੀਤਾ ਸ਼ਰਮਾ, ਪਲਕ ਕਾਲੜਾ, ਮਨਪ੍ਰੀਤ ਕੌਰ, ਹਰਸਿਰਤ ਕੌਰ, ਅਨੂੰ ਖੁਰਾਨਾ, ਸਰਬਜੀਤ ਕੌਰ, ਨਿਸ਼ਾ ਬਾਂਸਲ, ਨਵਜੋਤ ਕੌਰ, ਸੁਨੀਤਾ ਕਪੂਰ, ਸ਼ਸ਼ੀ ਸ਼ਰਮਾ, ਗੁਰਮੀਤ ਕੌਰ, ਨਿਧੀ ਜੈਨ, ਆਰਤੀ ਪਲਟਾ, ਸੁਨੀਤਾ ਰਾਣੀ, ਕਾਜਲ ਧੀਰ, ਪੂਨਮ ਦੇਵੀ, ਨਿਰਮਲਜੀਤ ਕੌਰ, ਸਰਿਤਾ ਅੱਗਰਵਾਲ, ਨਵਦੀਪ ਬਾਵਾ, ਸਨੀ ਪਾਸੀ, ਸਰਬਜੀਤ ਸਿੰਘ, ਅਕਾਸ਼ ਕੁਮਾਰ, ਬੇਅੰਤ ਸਿੰਘ, ਵਿਨੋਦ ਕੁਮਾਰ, ਮਨੋਜ ਕੁਮਾਰ ਚੱਢਾ, ਮੁਨੀਸ਼ ਕੁਮਾਰ ਤੇ ਮਨਦੀਪ ਸਿੰਘ ਕਮਾਲਪੁਰਾ ਆਦਿ ਹਾਜ਼ਰ ਸਨ।

## ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ’ਚ ਲੜਕੀਆਂ ਲਈ ਲਾਇਆ ਸੈਮੀਨਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਬੀਤੇ ਦਿਨੀਂ ਐੱਸ.ਆਰ.ਐੱਸ ਵਿੱਦਿਆਪੀਠ ਵਿੱਚ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਵੱਲੋਂ ਲੜਕੀਆਂ ਲਈ ਇੱਕ ਸੈਮੀਨਾਰ ਆਯੋਜਤ ਕੀਤਾ ਗਿਆ।ਸੈਮੀਨਾਰ ਦੇ ਮੁੱਖ ਸੰਚਾਲਕ ਪੀ ਐਂਡ ਜੀ ਕੰਪਨੀ ਵੱਲੋਂ ਮਨਪ੍ਰੀਤ ਕੌਰ ਸਨ।ਉਨ੍ਹਾਂ ਕੁੜੀਆਂ ਨੂੰ ਮਾਹਵਾਰੀ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।ਉਨ੍ਹਾਂ ਵੱਲੋਂ ਵਿਦਿਆਰਥਣਾਂ ਨੂੰ ਫ੍ਰੀ ਪੈਡ ਵੀ ਵੰਡੇ ਗਏ।ਸਕੂਲ ਵੱਲੋਂ ਮਨਪ੍ਰੀਤ ਕੌਰ ਨੂੰ ਧੰਨਵਾਦ ਕਰਦੇ ਹੋਏ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਅਖੰਡ ਪਾਠ ਸਾਹਿਬ ਦੇ ਭੋਗ ਪਾਏ

**ਬੁਢਲਾਡਾ (ਅਸ਼ੋਕ ਲਾਕੜਾ)** ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਇਲਾਕਾ ਬਾਰਾ ਬੁਢਲਾਡਾ ਵਿਖੇ ਬੜੀ ਸ਼ਰਧਾ ਉਤਸਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਹਜ਼ੂਰੀ ਰਾਗੀ ਜੱਥਾ ਭਾਈ ਹਰਦੇਵ ਸਿੰਘ ਭਾਈ ਨਿਧਾਨ ਸਿੰਘ ਨੇ ਮਨੋਹਰ ਕੀਰਤਨ ਰਾਹੀ ਗੁਰਜਸ ਸਰਵਨ ਕਰਾ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਸਤਨਾਮ ਸਿੰਘ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੈਕਟਰੀ ਹਾਕਮ ਸਿੰਘ ਖ਼ਜ਼ਾਨਚੀ ਬਲਦੇਵ ਸਿੰਘ ਚੱਕ ਭਾਈ ਕੇ, ਰਘਵੀਰ ਚਹਿਲ, ਤੇਜਾ ਸਿੰਘ ਸੇਖੂਵਾਸੀਆ, ਸੂਬੇਦਾਰ ਬਲਦੇਵ ਸਿੰਘ ਫੁੱਲੂਵਾਲਾ ਰੋਡ, ਸਰਪੰਚ ਬਿੱਕਰ ਸਿੰਘ ਫੁੱਲੂਵਾਲਾ, ਦਰਸ਼ਨ ਸਿੰਘ ਰੱਲੀ, ਕੁਲਵਿੰਦਰ ਸਿੰਘ ਰੱਲੀ, ਜਗਮੇਲ ਸਿੰਘ ਮੇਲਾ, ਸੋਹਣਾ ਸਿੰਘ ਕਲੀਪੁਰ, ਸੁਖਪਾਲ ਪ੍ਰਧਾਨ ਨਗਰ ਕੌਂਸਲ ਬੁਢਲਾਡਾ ਆਦਿ ਸ਼ਾਮਲ ਸਨ।

## ਪ੍ਰਕਾਸ਼ ਦਿਹਾੜੇ ਦੀ ਖੁਸ਼ੀ ’ਚ ਲੰਗਰ ਲਾਇਆ



**ਬੁਢਲਾਡਾ (ਅਸ਼ੋਕ ਲਾਕੜਾ)** ਮਾਰਕਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਮਾਘੀ ਦੀ ਸੰਗਰਾਂਦ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਅਤੇ ਅਯੋਧਿਆ ਵਿੱਚ ਰਾਮ ਮੰਦਰ ਬਣਨ ਦੀ 22 ਜਨਵਰੀ ਨੂੰ ਹੋ ਰਹੇ ਉਦਘਾਟਨ ਦੀ ਖੁਸ਼ੀ ਵਿੱਚ ਰਕੇਸ਼ ਕੁਮਾਰ ਬੱਗਾ ਸਾਬਕਾ ਐਮਸੀ ਦੀ ਦੁਕਾਨ ’ਤੇ ਚਾਹ, ਬ੍ਰੈਡ ਪਕੌੜਿਆਂ ਦਾ ਲੰਗਰ ਲਾਇਆ ਗਿਆ। ਰਾਹਗੀਰਾਂ ਨੂੰ ਸਮੂਹ ਸੇਵਾਦਾਰਾਂ ਵੱਲੋਂ ਮੋਟਰਸਾਈਕਲਾਂ ਦੇ ਕਾਰਾਂ ਵਿੱਚ ਜਾ ਰਹੇ ਲੋਕਾਂ ਨੂੰ ਖੜਾ ਕੇ ਲੰਗਰ ਛਕਾਇਆ ਗਿਆ।

## ਅਗਿਆਤ ਪੱਤਰ ਮਾਮਲੇ ’ਚ ਪੜਤਾਲੀਆ ਟੀਮ ਦੇ ਹੱਥ ਖਾਲੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਹਰ ਸਮੇਂ ਵਿਭਾਗੀ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੇ ਵਿਵਾਦਾਂ ਵਿਚ ਘਿਰੀ ਰਹਿਣ ਵਾਲੀ ਸਿਰਸਾ ਦੀ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਇੱਕ ਗੁੰਮਨਾਮ ਪੱਤਰ ਰਾਹੀਂ ਯੂਨੀਵਰਸਿਟੀ ਦੇ ਹੀ ਇੱਕ ਪ੍ਰੋਫੈਸਰ ’ਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਸਨ।ਇਸ ਮਾਮਲੇ ਦੀ ਜਾਂਚ ਕਮੇਟੀ ਨੇ ਵਿਦਿਆਰਥੀਆਂ ਨੂੰ ਸੁਨੇਹਾ ਜਾਰੀ ਕੀਤਾ ਕਿ ਜੇ ਕੋਈ ਵਿਦਿਆਰਥੀ ਕਿਸੇ ਕਿਸਮ ਦੀ ਸ਼ਿਕਾਇਤ ਕਰਨਾ ਚਾਹੁੰਦਾ ਹੈ ਤਾਂ ਉਹ ਅੱਗੇ ਆ ਸਕਦਾ ਹੈ, ਪਰ ਖ਼ਬਰ ਲਿਖੇ ਜਾਣ ਤੱਕ ਕੋਈ ਵੀ ਵਿਦਿਆਰਥੀ ਸਾਹਮਣੇ ਨਹੀਂ ਆਇਆ। ਅਜਿਹੀ ਸਥਿਤੀ ਵਿੱਚ ਅਗਿਆਤ ਪੱਤਰ ਨੂੰ ਲੈ ਕੇ ਯੂਨੀਵਰਸਿਟੀ ਦੀ ਜਾਂਚ ਕਮੇਟੀ ਦੇ ਹੱਥ ਖਾਲੀ ਹਨ। ਰਜਿਸਟਰਾਰ ਰਾਜੇਸ਼ ਬਾਂਸਲ ਨੇ ਕਿਹਾ ਕਿ ਕੋਈ ਵੀ ਵਿਦਿਆਰਥੀ ਕਮੇਟੀ ਦੇ ਸਾਹਮਣੇ ਨਹੀਂ ਆਇਆ। ਯੂਨੀਵਰਸਿਟੀ ਦੇ ਇੱਕ ਵੀ ਵਿਦਿਆਰਥੀ ਨੇ ਪੱਤਰ ਵਿੱਚ ਸ਼ਾਮਲ ਦੋਸ਼ਾਂ ਦੀ ਪੁਸ਼ਟੀ ਨਹੀਂ ਕੀਤੀ। ਪੁਲਸ ਜਾਂਚ ਵਿੱਚ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਪੱਤਰ ਕਿਸੇ ਦੀ ਸ਼ਰਾਰਤੀ ਦਾ ਹੈ। ਇਸ ਲਈ ਪੁਲਸ ਹੁਣ ਅਗਿਆਤ ਦੀ ਭਾਲ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ ਪੁਲਸ ਦੀਆਂ ਤਿੰਨ ਟੀਮਾਂ ਇਸ ਮਾਮਲੇ ਦੀ ਪੜਤਾਲ ਕਰ ਰਹੀਆਂ ਹਨ। ਐਸਪੀ ਰੈਂਕ ਦੇ ਅਧਿਕਾਰੀ ਸ਼ੱਕੀ ਵਿਅਕਤੀਆਂ ਦੀਆਂ ਕਾਲਾਂ ਤੇ ਸੀਡੀਯੂ ਦੀਆਂ ਗਤੀਵਿਧੀਆਂ ਸਮੇਤ ਪ੍ਰੋਫੈਸਰਾਂ ਦੀਆਂ ਗਤੀਵਿਧੀਆਂ ਨੂੰ ਵੀ ਵੇਖ ਰਹੀਆਂ ਹਨ। .

# ਸੰਸਦ ਅੰਦਰ ਲੋਕ ਮਸਲੇ ਉਠਾਉਣ ਵਾਲੇ ਨੌਜਵਾਨਾਂ ’ਤੇ ਦੇਸ਼ ਧ੍ਰੋਹ ਦੇ ਕੇਸ ਦਾ ਵਿਰੋਧ



**ਮੂਨਕ (ਰਾਜਪਾਲ ਸਿੰਗਲਾ)**-ਪਿਛਲੇ ਦਿਨੀਂ ਸੰਸਦ ਅੰਦਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਕਿਸਾਨ-ਮਜ਼ਦੂਰ ਮਸਲੇ ਹੱਲ ਕਰਨ, ਮਨੀਪੁਰ ਸਮੇਤ ਸਮੂਹ ਔਰਤਾਂ ’ਤੇ ਜਬਰ ਬੰਦ ਕਰਨ ਅਤੇ ਮੋਦੀ ਹਕੂਮਤ ਦੀ ਤਾਨਾਸ਼ਾਹੀ ਰੋਕਣ ਦੀ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਉੱਤੇ ਦੇਸ਼ ਧ੍ਰੋਹ ਅਤੇ ਹੋਰ ਮੁਕੱਦਮੇ ਦਰਜ ਕਰਨ ਵਿਰੁੱਧ ਅੱਜ ਲੋਕ ਮੋਰਚਾ ਪੰਜਾਬ ਵੱਲੋਂ ਮੂਨਕ ਵਿਖੇ ਰੈਲੀ ਅਤੇ ਮੁਜ਼ਾਹਰਾ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕਿਸਾਨਾਂ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ, ਇਨਸਾਫ਼ ਪਸੰਦ ਅਤੇ ਸੰਘਰਸ਼ਸ਼ੀਲ ਲੋਕਾਂ ਨੇ ਸ਼ਮੂਲੀਅਤ ਕੀਤੀ।ਰੈਲੀ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ ਨੇ ਕਿਹਾ ਕਿ ਸੰਸਦ ਅੰਦਰ ਰੋਸ ਪ੍ਰਗਟ ਕਰਨ ਗਏ ਇਹ ਨੌਜਵਾਨ ਦੇਸ਼ ਵਿਰੋਧੀ ਨਹੀਂ ਹਨ, ਲੋਕ ਮਨਾਂ ਵਿੱਚ ਸੁਲਘ ਰਹੇ ਮਸਲਿਆਂ ਦੀ ਆਵਾਜ਼ ਹਨ।ਹਰ ਵਿਅਕਤੀ ਨੂੰ ਆਪਣਾ ਰੋਸ ਪ੍ਰਗਟਾਉਣ ਦਾ ਬੁਨਿਆਦੀ ਜਮਹੂਰੀ ਹੱਕ ਹੈ ਤੇ ਇਨ੍ਹਾਂ ਨੌਜਵਾਨਾਂ ਦਾ ਰੋਸ ਵੀ ਹੱਕੀ ਹੈ।ਇਨ੍ਹਾਂ ਨੌਜਵਾਨਾਂ ਦਾ ਇਹ ਐਕਸ਼ਨ ਕਿਸੇ ਦਾ ਜਾਨੀ ਮਾਲੀ ਨੁਕਸਾਨ ਕਰਨ ਦਾ ਰੱਤੀ ਭਰ ਵੀ ਦ੍ਰਿਸ਼ ਪੇਸ਼ ਨਹੀਂ ਕਰਦਾ, ਸਗੋਂ ਕੁਝ ਸੰਸਦ ਮੈਂਬਰਾਂ ਅਤੇ ਸੁਰੱਖਿਆ ਬਲਾਂ ਵੱਲੋਂ ਬੁਰੀ ਤਰ੍ਹਾਂ ਕੁੱਟੇ ਜਾਣ ਦੌਰਾਨ ਵੀ ਉਹ ਉਕਤ ਲੋਕ ਮੁੱਦਿਆਂ ਦੀ ਗੱਲ ਕਰਦੇ ਰਹੇ।ਮੋਦੀ ਸਰਕਾਰ ਇਨ੍ਹਾਂ ਨੌਜਵਾਨਾਂ ਉਪਰ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਇਨ੍ਹਾਂ ਦੀ ਹੱਕੀ ਆਵਾਜ਼ ਦਾ ਗਲਾ ਘੁੱਟ ਰਹੀ ਹੈ। ਸਰਕਾਰ ਦੀਆਂ ਸਕੀਆਂ ਮੌਕਾਪ੍ਰਸਤ ਸਿਆਸੀ ਪਾਰਟੀਆਂ ਵੀ ਇਸ ਨੂੰ ਸੁਰੱਖਿਆ ’ਚ ਸੰਨ੍ਹ ਦੇ ਮਾਮਲੇ ਤੱਕ ਸੁੰਗੇੜ ਕੇ ਸਰਕਾਰ ਖ਼ਿਲਾਫ਼ ਲੜਨ ਦਾ ਖੇਖਣ ਕਰ ਰਹੀਆਂ ਹਨ। ਇਨ੍ਹਾਂ ਨੌਜਵਾਨਾਂ ਵੱਲੋਂ ਕੀਤਾ ਐਕਸ਼ਨ ਤੇ ਲਾਏ ਨਾਅਰੇ ਕਿਸੇ ਪੱਖੋਂ ਵੀ ਦੇਸ਼ ਧ੍ਰੋਹ ਦੇ ਘੇਰੇ ਵਿੱਚ ਨਹੀਂ ਆਉਂਦੇ। ਮੋਦੀ ਹਕੂਮਤ ਕੌਮੀ ਆਜ਼ਾਦੀ ਦੀ ਲੜਾਈ ਦੇ ਪਰਵਾਨੇ ਸ਼ਹੀਦ ਏ ਆਜ਼ਮ ਸ਼ਹੀਦ ਭਗਤ ਸਿੰਘ ਨੂੰ ਦੇਸ਼ ਧ੍ਰੋਹੀ ਕਹਿ ਕੇ ਫਾਂਸੀ ਚਾੜ੍ਹਨ ਵਾਲੇ ਅੰਗਰੇਜ਼ਾਂ ਦੀ ਵਿਰਾਸਤ ਨੂੰ ਜਾਰੀ ਰੱਖ ਰਹੀ ਹੈ।ਇਨ੍ਹਾਂ ਨੌਜਵਾਨਾਂ ’ਤੇ ਦੇਸ਼ ਧ੍ਰੋਹ ਦੇ ਕਨੂੰਨ ਅਧੀਨ ਪਰਚੇ ਪਾ ਰਹੀ ਹੈ। ਸਰਕਾਰ ਦੇ ਇਨ੍ਹਾਂ ਕਦਮਾਂ ਦਾ ਵਿਰੋਧ ਕਰਨ, ਇਨ੍ਹਾਂ ਨੌਜਵਾਨਾਂ ਦੀ ਹਮਾਇਤ ਕਰਨ ਅਤੇ ਇਨ੍ਹਾਂ ਨੌਜਵਾਨਾਂ ਵੱਲੋਂ ਉਠਾਈਆਂ ਮੰਗਾਂ ਦੇ ਪ੍ਰਚਾਰ ਪ੍ਰਸਾਰ ਲਈ ਨੌਜਵਾਨਾਂ, ਔਰਤਾਂ, ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ, ਜਮਹੂਰੀ ਤੇ ਇਨਸਾਫ਼ਪਸੰਦ ਲੋਕਾਂ ਨੂੰ ਇਨ੍ਹਾਂ ਮੰਗਾਂ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਗਿਆ ਕਿ ਇਨ੍ਹਾਂ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ, ਇਨ੍ਹਾਂ ਖਿਲਾਫ਼ ਦਰਜ ਕੀਤਾ ਦੇਸ਼ ਧ੍ਰੋਹ ਦਾ ਮੁਕੱਦਮਾ ਖਾਰਜ ਕੀਤਾ ਜਾਵੇ, ਦੇਸ਼ ਧ੍ਰੋਹ ਦਾ ਇਹ ਕਾਨੂੰਨ ਤੇ ਹੋਰ ਕਾਲੇ ਜਾਬਰ ਕਨੂੰਨ ਰੱਦ ਕੀਤੇ ਜਾਣ ਅਤੇ ਇਨ੍ਹਾਂ ਵੱਲੋਂ ਉਠਾਈਆਂ ਮੰਗਾਂ ਪੂਰੀਆਂ ਕੀਤੀਆਂ ਜਾਣ।ਇਸ ਮੌਕੇ ਹਰਿਆਣੇ ਤੋਂ ਮਜ਼ਦੂਰ ਕਿਸਾਨ ਆਗੂ ਰਾਜੂ ਨਰਵਾਣਾ, ਮਜ਼ਦੂਰ ਆਗੂ ਹਰਭਗਵਾਨ ਸਿੰਘ ਮੂਨਕ, ਵਿਦਿਆਰਥੀ ਆਗੂ ਹੁਸ਼ਿਆਰ ਸਿੰਘ ਨੇ ਵੀ ਸੰਬੋਧਨ ਕੀਤਾ ਤੇ ਵਿਸ਼ੇਸ਼ ਤੌਰ ’ਤੇ ਪਹੁੰਚੇ ਨੀਲਮ ਅਜ਼ਾਦ ਦੇ ਮਾਂ ਸਰਸਵਤੀ ਵੱਲੋਂ ਵੀ ਸੰਬੋਧਨ ਕੀਤਾ ਗਿਆ। ਸਟੇਜ ਸਕੱਤਰ ਦੀ ਕਾਰਵਾਈ ਰਾਮ ਸਿੰਘ ਢੀਂਡਸਾ ਨੇ ਕੀਤੀ।ਰੈਲੀ ਉਪਰੰਤ ਨਾਹਰੇ ਮਾਰਦੇ ਇਕੱਠ ਨੇ ਸ਼ਹਿਰ ਵਿਚ ਮਾਰਚ ਕੀਤਾ।ਮਾਰਚ ਵਿੱਚ ਸ਼ਾਮਲ ਲੋਕਾਂ ਦੇ ਹੱਥਾਂ ਵਿੱਚ ਤਖਤੀਆਂ ਸਨ, ਜਿਨ੍ਹਾਂ ’ਤੇ ਮੰਗਾਂ ਨਾਲ ਸਬੰਧਤ ਨਾਹਰੇ ਛਪੇ ਹੋਏ ਸਨ।ਅੱਜ ਦੇ ਪ੍ਰੋਗਰਾਮ ’ਚ ਮੋਰਚੇ ਵੱਲੋਂ ਬੱਬੂ ਚੱਠਾ, ਗਗਨ ਮੂਨਕ, ਤਰਸੇਮ ਮੂਨਕ, ਭਗਤ ਸਿੰਘ ਮੂਨਕ, ਕਿਸਾਨ ਆਗੂ ਰਿੰਕੂ ਮੂਨਕ, ਸੁਖਦੇਵ ਕੜੈਲ, ਬਹਾਦਰ ਭੂਟਾਲ ਤੇ ਦਰਸ਼ਨ ਚੰਗਾਲੀਵਾਲਾ ਆਦਿ ਵੀ ਹਾਜ਼ਰ ਸਨ।

## ਨਿਸ਼ਾਨ ਯਾਤਰਾ ’ਚ ਵੱਡੀ ਗਿਣਤੀ ਸ਼ਰਧਾਲੂਆਂ ਨੇ ਕੀਤੀ ਸ਼ਮੂਲੀਅਤ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਸ੍ਰੀ ਸਨਾਤਨ ਧਰਮ ਸਭਾ ਮੰਦਰ ਵਿਖੇ ਸਥਾਪਿਤ ਸ੍ਰੀ ਖਾਟੂ ਜੀ ਸ਼ਿਆਮ ਦੀ ਮੰਦਰ ਸਥਾਪਨਾ ਨੂੰ ਇੱਕ ਸਾਲ ਪੂਰਾ ਹੋਣ ਦੀ ਖੁਸ਼ੀ ਵਿੱਚ ਅੱਜ ਸਭਾ ਦੇ ਪ੍ਰਧਾਨ ਦਵਿੰਦਰ ਕੁਮਾਰ ਬਿੰਦਾ ਦੀ ਅਗਵਾਈ ਹੇਠ ਵਿਸ਼ਾਲ ਨਿਸ਼ਾਨ ਯਾਤਰਾ ਸਜਾਈ ਗਈ। ਇਸ ਸ਼ੋਭਾ ਯਾਤਰਾ ਦੌਰਾਨ ਧੂਰੀ ਸ਼ਹਿਰ ਖਾਟੂ ਜੀ ਸ਼ਿਆਮ ਦੇ ਰੰਗ ਵਿੱਚ ਰੰਗਿਆ ਹੋਇਆ ਨਜ਼ਰ ਆਇਆ। ਸ੍ਰੀ ਸ਼ਿਆਮ ਦੇਵਾਯ ਮੰਡਲ ਧੂਰੀ, ਸ੍ਰੀ ਸ਼ਿਆਮ ਪ੍ਰਚਾਰ ਮੰਡਲ ਧੂਰੀ, ਸਮੱਸਤ ਸਿਆਮ ਮੰਡਲ ਧੂਰੀ, ਸ੍ਰੀ ਬਾਲਾ ਜੀ ਖਾਟੂ ਸ਼ਿਆਮ ਸੇਵਾ ਮੰਡਲ ਧੂਰੀ, ਸ਼ਿਆਮ ਰਸੋਈ ਮੰਡਲ ਧੂਰੀ ਅਤੇ ਸਮੂਹ ਹਿੰਦੂ ਪ੍ਰੇਮੀਆਂ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਇਹ ਨਿਸ਼ਾਨ ਯਾਤਰਾ ਸਨਾਤਨ ਧਰਮ ਮੰਦਰ ਪਾਠਸ਼ਾਲਾ ਰੋਡ ਧੂਰੀ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਗੁਜ਼ਰੀ, ਜਿਥੇ ਸੰਗਤਾਂ ਵੱਲੋਂ ਨਿਸ਼ਾਨ ਯਾਤਰਾ ਦਾ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ।ਪ੍ਰਧਾਨ ਦਵਿੰਦਰ ਕੁਮਾਰ ਬਿੰਦਾ ਨੇ ਦੱਸਿਆ ਕਿ 18 ਜਨਵਰੀ ਨੂੰ ਮੰਦਰ ਵਿਖੇ ਸ੍ਰੀ ਸ਼ਿਆਮ ਸੰਕੀਰਤਨ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪਿਆ ਗੁਪਤਾ ਭੋਪਾਲ ਵਾਲੇ ਸ਼ਾਮ 8 ਵਜੇ ਤੋਂ ਪ੍ਰਭੂ ਇੱਛਾ ਤੱਕ ਸ੍ਰੀ ਸ਼ਿਆਮ ਬਾਬਾ ਜੀ ਦਾ ਗੁਣਗਾਨ ਕਰਨਗੇ।

## ਵਿਦਿਆਰਥੀਆਂ ਨੇ ਕਾਰਵਾਂ-ਏ-ਹੁਨਰ ਮੁਕਾਬਲੇ ’ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)** ਜੀ.ਐੱਚ.ਜੀ ਅਕੈਡਮੀ ਕੋਠੇ ਬੱਗੂ ਦੇ ਵਿਦਿਆਰਥੀਆਂ ਨੇ ਐੱਲ.ਆਰ.ਐੱਮ.ਡੀ.ਏ.ਵੀ ਕਾਲਜ ਵਿਖੇ ਸੁਆਮੀ ਵਿਵੇਕਾਨੰਦ ਜੀ ਦੇ ਜਨਮ ਦਿਵਸ ਦੀ ਖੁਸ਼ੀ ਵਿੱਚ ਕਰਾਏ ਗਏ ਇੰਟਰ ਹਾਊਸ ਮੁਕਾਬਲੇ ‘ਕਾਰਵਾਂ-ਏ-ਹੁਨਰ’ ਵਿੱਚ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੇ ਵੱਖ-ਵੱਖ ਹੁਨਰਾਂ ਦਾ ਪ੍ਰਦਰਸ਼ਨ ਕੀਤਾ।ਇਨ੍ਹਾਂ ਮੁਕਾਬਲਿਆਂ ਨੂੰ ਵੱਖ-ਵੱਖ ਸੱਤ ਕੈਟਾਗਿਰੀਆਂ ਵਿੱਚ ਵੰਡਿਆ ਗਿਆ, ਜਿਸ ਵਿੱਚ ਸੁੰਦਰ ਲਿਖਾਈ, ਪੋਸਟਰ ਬਣਾਉਣੇ, ਮਹਿੰਦੀ, ਰੰਗੋਲੀ, ਸਲੋਗਨ ਲਿਖਣ, ਲੇਖ ਲਿਖਣ ਤੇ ਭਾਸ਼ਣ ਲਿਖਣ ਦੇ ਮੁਕਾਬਲੇ ਕਰਾਏ ਗਏ। ਮੈਡੀਕਲ ਦੀ ਵਿਦਿਆਰਥਣ ਸੰਦੀਪ ਕੌਰ ਨੇ ਵੀ ਪਹਿਲਾ ਇਨਾਮ ਹਾਸਲ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਭਾਸ਼ਣ ਲਿਖਣ ਦੀ ਪ੍ਰਤੀਯੋਗਤਾ ਵਿੱਚ ਨੌਵੀਂ ਜਮਾਤ ਦੀ ਸਿਮਰਨ ਕੌਰ ਨੇ ਦੂਜਾ ਇਨਾਮ ਹਾਸਲ ਕੀਤਾ।ਇਸੇ ਤਰ੍ਹਾਂ ਅੰਗਰੇਜ਼ੀ ਸੁੰਦਰ ਲਿਖਾਈ ਵਿੱਚ ਪਲੱਸ ਵਨ ਮੈਡੀਕਲ ਦੀ ਵਿਦਿਆਰਥਣ ਪਰਮਿੰਦਰ ਕੌਰ ਨੇ ਦੂਜਾ, ਮਹਿੰਦੀ ਪ੍ਰਤਿਯੋਗਿਤਾ ਵਿੱਚ ਨੌਵੀਂ ਜਮਾਤ ਦੀ ਗੁਰਜੋਤ ਕੌਰ ਨੇ ਦੂਜਾ ਅਤੇ ਸਲੋਗਨ ਲਿਖਣ ਪ੍ਰਤਿਯੋਗਿਤਾ ਵਿੱਚ ਪਲੱਸ ਵਨ ਦੀ ਜਸ਼ਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਜੀ.ਐੱਚ.ਜੀ ਅਕੈਡਮੀ ਦੇ ਵਿਦਿਆਰਥੀਆਂ ਨੇ ਇਨ੍ਹਾਂ ਸਾਰੀਆਂ ਕੈਟੇਗਿਰੀਆਂ ਵਿੱਚ ਭਾਗ ਲਿਆ ਤੇ ਹਰ ਕੈਟਾਗਿਰੀ ਵਿੱਚੋਂ ਇਨਾਮ ਹਾਸਲ ਕੀਤੇ।ਪੰਜਾਬੀ ਸੁੰਦਰ ਲਿਖਾਈ ਵਿੱਚ ਪਲੱਸ ਵਨ ਮੈਡੀਕਲ ਦੀ ਵਿਦਿਆਰਥਣ ਦਮਨਦੀਪ ਕੌਰ ਨੇ ਪਹਿਲਾ ਇਨਾਮ ਹਾਸਲ ਕੀਤਾ ਅਤੇ ਲੇਖ ਲਿਖਣ ਦੀ ਪ੍ਰਤੀ ਯੋਗਿਤਾ ਵਿੱਚ ਪਲੱਸ ਵਨ

## ਔਰਤ ਦੀ ਕੁੱਟਮਾਰ ਕਰਕੇ ਦਿੱਤੀ ਜਾਨੋਂ ਮਾਰਨ ਦੀ ਧਮਕੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਫ਼ਿਰੋਜ਼ਪੁਰ ਕੈਂਟ ਦੀ ਗਵਾਲ ਮੰਡੀ ਵਿਖੇ ਇੱਕ ਔਰਤ ਦੀ ਕੁੱਟਮਾਰ ਕਰਕੇ ਜਾਨੋਂ ਮਾਰਨ ਦੀ ਧਮਕੀ ਦੇ ਕੇ ਘਰ ਦੇ ਸਮਾਨ ਦੀ ਭੰਨ ਤੋੜ ਕਰਕੇ ਪਿਸਤੌਲਾਂ ਨਾਲ ਹਵਾਈ ਫਾਇਰ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਕੈਂਟ ਫਿਰੋਜ਼ਪੁਰ ਪੁਲਿਸ ਨੇ 6 ਲੋਕਾਂ ਸਮੇਤ 10 ਅਣਪਛਾਤੇ ਵਿਅਕਤੀਆਂ ਖਿਲਾਫ਼ 458, 427, 336, 323, 506, 148, 149 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਿਮਲਾ ਦੇਵੀ ਪਤਨੀ ਮਿਸ਼ਰੀਵਾਲਾ ਵਾਸੀ ਮਕਾਨ ਨੰਬਰ 229 ਗਵਾਲ ਮੰਡੀ ਕੈਂਟ ਫ਼ਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਅਨ ਨੰਨ੍ਹਾ ਪੁੱਤਰ ਬੰਟੀ, ਸਲੀਮ ਪੁੱਤਰ ਬੰਟੀ, ਮੈਂਗੋ, ਕਾਕਾ, ਲੱਡੂ, ਟਿੰਕਾ ਵਾਸੀਅਨ ਖਟੀਕ ਮੰਡੀ ਕੈਂਟ ਫਿਰੋਜ਼ਪੁਰ ਅਤੇ 10 ਅਣਪਛਾਤੇ ਆਦਮੀਆਂ ਨੇ ਹਮਮਸ਼ਵਰਾ ਹੋ ਕੇ ਉਸ ਦੇ ਅੰਦਰ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤ ਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ। ਬਿਮਲਾ ਦੇਵੀ ਨੇ ਦੱਸਿਆ ਕਿ ਉਕਤ ਦੋਸ਼ੀਅਨ ਨੇ ਉਸ ਦੇ ਘਰ ਦੇ ਸਮਾਨ ਦੀ ਭੰਨ ਤੋੜ ਕੀਤੀ ਅਤੇ ਪਿਸਤੌਲਾਂ ਨਾਲ ਹਵਾਈ ਫਾਇਰ ਕੀਤੇ। ਰੰਜਿਸ਼ ਇਹ ਹੈ ਕਿ ਉਸ ਦੇ ਲੜਕੇ ਨਾਲ ਦੋਸ਼ੀ ਨੰਨ੍ਹੇ ਵਗੈਰਾ ਦਾ ਪਹਿਲਾਂ ਕਿਤੇ ਆਪਸ ਵਿਚ ਬੋਲ ਬੁਲਾਰਾ ਹੋਇਆ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਗਣਤੰਤਰ ਦਿਹਾੜੇ ਦੀਆਂ ਤਿਆਰੀਆਂ ਸ਼ੁਰੂ, ਕਲਚਰਲ ਆਈਟਮਾਂ ਦੀ ਹੋਈ ਚੋਣ



**ਜਗਰਾਉਂ, (ਅਮਿਤ ਖੰਨਾ)** ਐਸ. ਡੀ. ਐਮ ਗੁਰਵੀਰ ਸਿੰਘ ਕੋਹਲੀ ਦੇ ਦਿਸ਼ਾ-ਨਿਰਦੇਸ਼ ਹੇਠ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਦੀ ਅਗਵਾਈ ਹੇਠ ਸਕੂਲ ਆਫ਼ ਐਮੀਨੈਂਸ ਵਿੱਚ ਬਣਾਈ ਗਈ ਸਿਲੈਕਸ਼ਨ ਕਮੇਟੀ ਨੇ 26 ਜਨਵਰੀ ਦੇ ਦਿਹਾੜੇ ਨੂੰ ਵਧੀਆ ਢੰਗ ਨਾਲ ਮਨਾਉਣ ਲਈ ਕਲਚਰਲ ਆਈਟਮਾਂ ਦੀ ਚੋਣ ਕੀਤੀ। ਇਸ ਕਮੇਟੀ ’ਚ ਨਾਇਬ ਤਹਿਸਲਦਾਰ ਗੁਰਦੀਪ ਸਿੰਘ, ਕੈਪਟਨ ਨਰੇਸ਼ ਵਰਮਾ, ਪ੍ਰਿੰਸੀਪਲ ਗੁਰਵਿੰਦਰ ਸਿੰਘ, ਪ੍ਰਿੰਸੀਪਲ ਰੁਪਿੰਦਰ ਕੌਰ, ਵਾਈਸ ਪ੍ਰਿੰਸੀਪਲ ਨਿਰਮਲ ਕੌਰ ਅਤੇ ਜਤਿੰਦਰ ਸਿੰਘ ਸ਼ਾਮਲ ਸਨ। ਕੈਪਟਨ ਨਰੇਸ਼ ਵਰਮਾ ਨੇ ਦੱਸਿਆ ਕਿ ਵੱਖ-ਵੱਖ ਸਕੂਲਾਂ ਦੀਆਂ ਛੇ ਆਈਟਮਾਂ ਸਿਲੈਕਟ ਹੋਈਆਂ ਨੇ। ਇਸ ਤੋਂ ਇਲਾਵਾ ਗਿੱਧਾ-ਭੰਗੜਾ ਹੋਵੇਗਾ। ਉਨ੍ਹਾਂ ਦੱਸਿਆ ਕਿ ਫਾਈਨਲ ਰਿਹਰਸਲ 24 ਤਾਰੀਕ ਨੂੰ ਹੋਵੇਗੀ, ਜਿਸ ਵਿੱਚ ਪੀ ਟੀ, ਐਨ ਸੀ ਸੀ ਤੇ ਬੈਂਡ ਵੀ ਸ਼ਾਮਲ ਹੋਣਗੇ। ਇਸ ਤੋਂ ਇਲਾਵਾ 22 ਤੇ 23 ਜਨਵਰੀ ਨੂੰ ਸਕੂਲ ਆਫ਼ ਐਮੀਨੈਂਸ ਵਿੱਚ ਰਿਹਰਸਲਾਂ ਹੋਣਗੀਆਂ। ਮੰਚ ਸੰਚਾਲਨ ਦੀ ਡਿਊਟੀ ਕੈਪਟਨ ਨਰੇਸ਼ ਵਰਮਾ ਤੇ ਜਤਿੰਦਰ ਸਿੰਘ ਨਿਭਾਉਣਗੇ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ’ਤੇ ਗੁਰਮਤਿ ਸਮਾਗਮ





**ਮੱਖੂ (ਰਛਪਾਲ ਸਿੰਘ ਸੰਧੂ)** ਪਿੰਡ ਨਿਜ਼ਾਮਦੀਨ ਵਾਲਾ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਕਰਾਇਆ ਗਿਆ।ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਤੋਂ ਉਪਰੰਤ ਕਵੀਸ਼ਰ ਭਾਈ ਸੰਦੀਪ ਸਿੰਘ ਮਹਿਮਾ, ਕਵੀਸ਼ਰੀ ਜਥੇ ਭਾਈ ਸ਼ੇਰ ਸਿੰਘ ਪੰਡੋਰੀ ਤੇ ਭਾਈ ਗੁਰਸ਼ਰਨ ਸਿੰਘ ਕੋਟ ਖਹਿਰਾ ਵੱਲੋਂ ਸੰਗਤਾਂ ਨੂੰ ਗੁਰੂ ਘਰ ਦਾ ਹਰ ਜੱਸ ਸੁਣਾ ਕੇ ਨਿਹਾਲ ਕੀਤਾ ਅਤੇ ਛੋਟੇ-ਛੋਟੇ ਬੱਚਿਆਂ ਵੱਲੋਂ ਕਵਿਤਾ ਪੇਸ਼ ਕੀਤੀਆਂ ਗਈਆਂ।

ਇਸ ਮੌਕੇ ਬਾਬਾ ਗੁਰਨਾਮ ਸਿੰਘ, ਜਥੇ. ਹਰਜੀਤ ਸਿੰਘ, ਵੀਰ ਸਿੰਘ, ਪਰਮਜੀਤ ਸਿੰਘ,ਪਲਵਿੰਦਰ ਸਿੰਘ, ਹਰਮਿੰਦਰ ਸਿੰਘ ਬਿੱਲਾ, ਗੁਰਵਿੰਦਰ ਸਿੰਘ, ਸੁਰਜੀਤ ਸਿੰਘ, ਪ੍ਰਿੰਸੀਪਲ ਇਕਬਾਲ ਸਿੰਘ, ਦਰਬਾਰਾ ਸਿੰਘ, ਸੁਖਵਿੰਦਰ ਸਿੰਘ, ਦਵਿੰਦਰ ਸਿੰਘ, ਗੁਰਮੀਤ ਸਿੰਘ, ਨਿਰਮਲ ਸਿੰਘ, ਗੁਰਬਿੰਦਰ ਸਿੰਘ, ਗੁਰਦਿਆਲ ਸਿੰਘ, ਅਜੀਤ ਸਿੰਘ, ਹਰਜੀਤ ਸਿੰਘ ਕਾਲੜਾ, ਦਿਲਬਾਗ ਸਿੰਘ ਫੌਜੀ, ਸਿਮਰਤਜੀਤ ਸਿੰਘ, ਮਨਪ੍ਰੀਤ ਸਿੰਘ, ਕਿਰਪਾਲ ਸਿੰਘ, ਮੋਹਰ ਸਿੰਘ, ਦੀਦਾਰ ਸਿੰਘ, ਕੰਵਰਜੀਤ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਮੇਜਰ ਸਿੰਘ, ਰਤਨ ਸਿੰਘ, ਸੁਖਵਿੰਦਰ ਸਿੰਘ ਸੰਧੂ, ਮੁਖਤਿਆਰ ਸਿੰਘ, ਮਹਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ।

## ਅਲਾਇੰਸ ਏਅਰ ਦੀ ਉਡਾਣ ਹਫ਼ਤੇ ’ਚ 5 ਦਿਨ ਉੱਡੇਗੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਬਠਿੰਡਾ ਦੇ ਵਿਰਕ ਕਲਾਂ ਏਅਰ ਪੋਰਟ ਨੂੰ ਮਾਲਵੇ ਨੇ ਭਰਵਾਂ ਹੁੰਗਾਰਾ ਦਿੱਤਾ ਹੈ।ਹੁੰਗਾਰੇ ਨੂੰ ਦੇਖਦੇ ਹੋਏ ਹਵਾਈ ਕੰਪਨੀਆਂ ਬਾਗੋ ਬਾਗ਼ ਹੋ ਗਈਆਂ ਹਨ, ਜਿਸ ਨੂੰ ਦੇਖਦੇ ਅਲਾਇੰਸ ਏਅਰ ਵੱਲੋਂ ਆਉਣ ਵਾਲ਼ੇ ਦਿਨਾਂ ਦੌਰਾਨ ਹਫ਼ਤੇ ਵਿੱਚ 5 ਦਿਨ ਦਿੱਲੀ ਲਈ ਉਡਾਣ ਭਰਨ ਦਾ ਐਲਾਨ ਕਰ ਦਿੱਤਾ ਹੈ।ਅਲਾਇੰਸ ਏਅਰ (ਏਏ) ਦੇ ਸੀਨੀਅਰ ਅਧਿਕਾਰੀ ਲਕਸ਼ਮਣ ਭਾਰਦਵਾਜ ਨੇ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਅਲਾਇੰਸ ਏਅਰ ਲਾਇਨ ਦੀ ਉਡਾਣ ਪਹਿਲਾਂ 3 ਦਿਨਾਂ ਲਈ ਬਠਿੰਡਾ ਤੋਂ ਦਿੱਲੀ ਚੱਲਦੀ ਸੀ। ਉਨ੍ਹਾਂ ਕਿਹਾ ਕਿ ਯਾਤਰੀਆਂ ਦੇ ਵਧਦੇ ਰਿਸਪੌਂਸ ਨੂੰ ਦੇਖਦੇ ਹੋਏ ਕੰਪਨੀ ਵੱਲੋਂ 22 ਜਨਵਰੀ ਤੋਂ ਇਸ ਵਿੱਚ ਵਾਧਾ ਕਰਦੇ ਹੋਏ ਹਫ਼ਤੇ ਵਿੱਚੋਂ ਬੁੱਧਵਾਰ ਤੇ ਐਤਵਾਰ ਦਾ ਦਿਨ ਛੱਡਦੇ 5 ਦਿਨ ਕਰ ਦਿੱਤਾ ਹੈ।ਕਰੋਨਾ ਕਾਲ ਦੌਰਾਨ ਕਾਫ਼ੀ ਲੰਮਾ ਸਮਾ ਬੰਦ ਰਹਿਣ ਕਾਰਨ ਇਸ ਨੂੰ ਤਾਲਾ ਲਾਉਣ ਤੱਕ ਨੌਬਤ ਆ ਗਈ ਸੀ।ਬਠਿੰਡਾ ਏਅਰਪੋਰਟ ਦੇ ਸ਼ੁਰੂਆਤੀ ਦੌਰ ਦੀ ਗੱਲ ਕੀਤੀ ਜਾਵੇ ਤਾਂ ਬਠਿੰਡਾ ਲਈ ਭਾਰਤ ਸਰਕਾਰ ਵੱਲੋਂ ਅਲਾਇੰਸ ਏਅਰ (ਏ.ਏ) ਦੀ ਦੇਸ਼ ਕਾ ਆਮ ਨਾਗਰਿਕ ਉਡਾਣ ਦੀ ਖੇਤਰੀ ਕਨੈਕਟਵੀ ਸਕੀਮ (ਆਰਸੀ ਐੱਸ) ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਸੀ, ਜਿਸ ਦੇ ਕਰਾਏ ਵੀ ਘੱਟ ਰੱਖੇ ਗਏ ਸਨ।ਦੁਨੀਆ ਭਰ ਵਿਚ ਕਰੋਨਾ ਕਾਲ ਦੌਰਾਨ ਦਾ ਐਸਾ ਦੌਰ ਆਇਆ ਕਿ ਅਲਾਇੰਸ ਏਅਰ ਕੰਪਨੀ ਵੱਲੋਂ ਹਵਾਈ 28 ਨਵੰਬਰ ਨੂੰ 2020 ਤੋਂ ਦਿੱਲੀ ਰੂਟ ’ਤੇ ਹਵਾਈ ਸੇਵਾਵਾਂ ਬੰਦ ਕਰ ਦਿੱਤੀਆਂ ਸਨ। 27 ਅਕਤੂਬਰ ਨੂੰ 2019 ਨੂੰ ਜੰਮੂ ਕਸ਼ਮੀਰ ਲਈ ਉਡਾਨਾਂ ਵਾਲੀਆਂ ਉਡਾਨਾਂ ਬੰਦ ਕਰ ਦਿੱਤੀਆਂ ਸਨ।ਬੀਤੇ ਵਰ੍ਹੇ 2023 ਤੋਂ ਇਸ ਪੋਰਟ ਤੋਂ ਦੋ ਏਅਰ ਕੰਪਨੀਆਂ ਵੱਲੋਂ ਜਹਾਜ਼ ਉਡਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਅਲਾਇੰਸ ਏਅਰ ਵੱਲੋਂ ਬਠਿੰਡਾ ਤੋਂ ਦਿੱਲੀ ਅਤੇ ਫੈਲਾਈ ਬਿਗ ਚਾਰਟਰ ਵੱਲੋਂ ਦਿੱਲੀ ਤੋਂ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਹਿੰਡਨ ਤੱਕ ਯਾਤਰੀਆਂ ਨੂੰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਧੁੰਦ ਕਾਰਨ ਬਠਿੰਡਾ ਏਅਰਪੋਰਟ ’ਤੇ ਪੁੱਜਣ ਵਾਲੀਆਂ ਉਡਾਨਾਂ ਦਾ ਸਮੇਂ ਤੋਂ ਲੇਟ ਪੁੱਜ ਰਹੀਆਂ ਹਨ।ਭਾਵੇਂ ਬਠਿੰਡਾ ਪੁੱਜਣ ਵਾਲੀਆਂ ਉਡਾਨਾਂ ਦਾ ਸਮਾਂ ਦੁਪਹਿਰ 2 ਵਜੇ ਦੇ ਕਰੀਬ ਹੈ, ਪਰ ਹਵਾਈ ਉਡਾਨਾਂ 2.55 ਦੇ ਕਰੀਬ ਲੈਂਡ ਕਰਦੀਆਂ ਹਨ ਤੇ ਦੇਰ ਸ਼ਾਮ 3 ਵਜੇ ਤੱਕ ਦਿੱਲੀ ਲਈ ਰਵਾਨਾ ਹੁੰਦੀਆਂ ਹਨ। ਏਅਰ ਕੰਪਨੀ ਦੇ ਅਧਿਕਾਰੀ ਨੇ ਦੱਸਿਆਂ ਕਿ ਕਈ ਵਾਰ ਜਹਾਜ਼ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਤੋਂ ਦਿੱਲੀ ਏਅਰ ਪੋਰਟ ਤੇ ਹੀ ਲੇਟ ਪੁੱਜਦੇ ਹਨ, ਉੱਥੇ ਧੁੰਦ ਵੀ ਵੱਡਾ ਅੜਿੱਕਾ ਬਣੀ ਹੋਈ ਹੈ।

## ਭਾਕਿਯੂ ਡਕੌਂਦਾ ਨੇ ਕੁਲਰੀਆਂ ਦੇ ਜ਼ਮੀਨੀ ਘੋਲ ਨੂੰ ਦਿੱਤੀਆਂ ਜਰਬਾਂ

### ਡੀ ਐੱਸ ਪੀ ਦਫ਼ਤਰ ਅੱਗੇ ਲੱਗਾ ਪੱਕਾ ਮੋਰਚਾ ਜਿੱਤ ਤੱਕ ਰਹੇਗਾ ਜਾਰੀ : ਕਿਸਾਨ ਆਗੂ

**ਬੁਢਲਾਡਾ (ਅਸ਼ੋਕ ਲਾਕੜਾ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਡੀਐਸਪੀ ਦਫ਼ਤਰ ਅੱਗੇ ਚੱਲ ਰਿਹਾ ਪੱਕਾ ਮੋਰਚਾ ਧੁੰਦ ਤੇ ਠੰਡ ਦੀ ਪ੍ਰਵਾਹ ਕੀਤੇ ਬਿਨਾਂ ਬਾਰ੍ਹਵੇਂ ਦਿਨ ਵੀ ਨਿਰੰਤਰ ਜਾਰੀ ਰਿਹਾ।

ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਅਤੇ ਕਿਸਾਨਾਂ ’ਤੇ ਜਾਨਲੇਵਾ ਹਮਲਾ ਕਰਨ ਦੇ ਦੋਸੀਆਂ ਖਿਲਾਫ ਕਾਰਵਾਈ ਕਰਾਉਣ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਸੰਘਰਸ਼ ਦੇ ਰਾਹ ’ਤੇ ਹੈ। ਸੰਘਰਸ਼ੀ ਕਿਸਾਨਾਂ ਦੀ ਲੋਹੜੀ ਅਤੇ ਮਾਘੀ ਵੀ ਮੋਰਚੇ ’ਤੇ ਹੀ ਬੀਤੀ ਹੈ।

ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਦਾ ਕਹਿਣਾ ਹੈ ਕਿ ਉਹ ਸ਼ਾਂਤਮਈ ਅਤੇ ਜਮਹੂਰੀ ਢੰਗ ਨਾਲ ਸਰਕਾਰ ਦੇ ਕੰਨਾਂ ਤੱਕ ਆਪਣੀ ਆਵਾਜ ਪੁਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪਿਛਲੀਆਂ ਸਰਕਾਰਾਂ ਵਾਂਗ, ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਵੀ ਲੋਕਾਂ ਦੀ ਗੱਲ ਸੁਣਨ ਤੋਂ ਇਨਕਾਰੀ ਹੋ ਕੇ ਆਪਣੇ ਚਹੇਤਿਆਂ ਨੂੰ ਕਿਸਾਨਾਂ ਤੇ ਜਾਨਲੇਵਾ ਹਮਲੇ ਕਰਨ ਦੀ ਖੁੱਲ੍ਹੀ ਛੋਟ ਦੇ ਰੱਖੀ ਹੈ।

ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 19 ਜਨਵਰੀ ਨੂੰ ਜਿੱਥੇ ਬਰਨਾਲਾ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਾਲੇ ਝੰਡੇ ਦਿਖਾਏ ਜਾਣਗੇ, ਉੱਥੇ ਮਾਨਸਾ ਜ਼ਿਲ੍ਹੇ ਅੰਦਰ ਬੁਢਲਾਡਾ ਵਿਖੇ ਪੁਲਸ ਸਿਆਸੀ ਗੁੰਡਾ ਗਠਜੋੜ ਦਾ ਪੁਤਲਾ ਫੂਕਿਆ ਜਾਵੇਗਾ।

ਪੱਕੇ ਮੋਰਚੇ ਦੇ ਬਾਰ੍ਹਵੇਂ ਦਿਨ ਮਾਨਸਾ ਤੋਂ ਇਲਾਵਾ, ਬਠਿੰਡਾ ਜ਼ਿਲ੍ਹੇ ਦੇ ਕਿਸਾਨ ਕਾਫ਼ਲੇ ਮੋਰਚੇ ਵਿੱਚ ਸਾਮਲ ਹੋਏ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸੈਂਕੜੇ ਕਿਸਾਨ ਬੀਤੀ ਰਾਤ ਤੋਂ ਮੋਰਚੇ ਵਿੱਚ ਡਟੇ ਹੋਏ ਸਨ।

ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਐਸ ਐਸ ਪੀ ਮਾਨਸਾ ਵੱਲੋਂ ਜਥੇਬੰਦੀ ਨਾਲ ਵਾਅਦਾ ਕੀਤਾ ਗਿਆ ਸੀ ਕਿ 19 ਦਸੰਬਰ ਤੋਂ ਪਹਿਲਾਂ ਪਹਿਲਾਂ ਕਿਸਾਨਾਂ ’ਤੇ ਜਾਨਲੇਵਾ ਹਮਲਾ ਕਰਨ ਵਾਲੇ ਦੋਸੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਪਰ ਲਗਭਗ ਇੱਕ ਮਹੀਨਾ ਹੋਰ ਬੀਤ ਜਾਣ ’ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਬਾਰ੍ਹਵੇਂ ਦਿਨ ਦੇ ਧਰਨੇ ਨੂੰ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ ਬਠਿੰਡਾ ਜ਼ਿਲ੍ਹੇ ਦੇ ਪ੍ਰਧਾਨ ਬਲਵਿੰਦਰ ਸਿੰਘ ਜੇਠੂਕੇ, ਜਨਰਲ ਸਕੱਤਰ ਹਰਵਿੰਦਰ ਸਿੰਘ ਕੋਟਲੀ, ਜਸਕਰਨ ਸਿੰਘ ਬਰੇਟਾ, ਜਗਜੀਵਨ ਸਿੰਘ ਹਸਨਪੁਰ, ਬਲਾਕ ਪ੍ਰਧਾਨ ਸੱਤਪਾਲ ਸਿੰਘ ਬਰੇ, ਬਲਾਕ ਪ੍ਰਧਾਨ ਜਗਸੀਰ ਸਿੰਘ ਰੱਲਾ, ਹਰੀ ਸਿੰਘ ਬਗੁਰ, ਤੇਜ ਸਿੰਘ ਅਹਿਮਦਪੁਰ, ਮਹਿੰਦਰ ਸਿੰਘ ਬਾਲਿਆਂਵਾਲੀ ਤੇ ਜਨਰਲ ਸਕੱਤਰ ਬਲਵਿੰਦਰ ਸ਼ਰਮਾ ਨੇ ਵੀ ਸੰਬੋਧਨ ਕੀਤਾ।

## ਨਿੱਝਰ, ਮੂਸੇਵਾਲ, ਦੀਪ ਸਿੱਧੂ ਦੇ ਕਤਲਾਂ ਦੀ ਜਾਂਚ ਕੌਮੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ : ਮਾਨ



**ਧੂਰੀ, (ਬਿੰਨੀ ਗਰਗ, ਮੋਹਿਤ ਗਰਗ)**-ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਵਿਦੇਸ਼ ਦੀ ਧਰਤੀ ’ਤੇ ਨਿੱਝਰ ਦੇ ਹੋਏ ਕਤਲ ਦੇ ਨਾਲ ਨਾਲ ਪੰਜਾਬ ਦੇ ਨੌਜਵਾਨ ਦੀਪ ਸਿੱਧੂ ਤੇ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦੇ ਹੋਏ ਕਤਲਾਂ ਦੀ ਜਾਂਚ ਕੌਮੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ ਤਾਂ ਜੋ ਇਨ੍ਹਾਂ ਕਤਲਾਂ ਦੀ ਅਸਲੀਅਤ ਲੋਕਾਂ ਸਾਹਮਣੇ ਆ ਸਕੇ। ਸਾਂਸਦ ਮਾਨ ਅੱਜ ਇਥੇ ਵੱਖ ਵੱਖ ਸਮਾਗਮਾਂ ’ਚ ਸ਼ਿਰਕਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਸਿੱਖ ਕੌਮ ਤੇ ਪੰਜਾਬੀਆਂ ਨੂੰ ਆਪਣੀ ਜਨਮ ਅਤੇ ਮਾਤ ਭੂਮੀ ਨੂੰ ਛੱਡ ਕੇ ਬਾਹਰਲੇ ਮੁਲਕਾਂ ਵਿਚ ਹਿਜਰਤ ਕਰਕੇ, ਉਥੇ ਮਿਹਨਤ ਮੁਸ਼ੱਕਤਾਂ ਕਰਕੇ ਔਖੇ ਸਮੇਂ ਵਿਚ ਵਿਚਰਨ ਲਈ ਖੁਸ਼ੀ ਨਾਲ ਨਹੀਂ ਜਾਂਦੇ, ਬਲਕਿ ਲੰਮੇ ਸਮੇ ਤੋਂ ਜਦੋਂ ਤੋਂ ਮੁਲਕ ਦੀ ਵੰਡ ਹੋਈ ਹੈ, 1947 ਤੋਂ ਹੀ ਇਥੋਂ ਦੇ ਮੁਤੱਸਵੀ ਸੋਚ ਵਾਲੇ ਹੁਕਮਰਾਨ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਹਰ ਖੇਤਰ ਵਿਚ ਵੱਡੀਆਂ ਜ਼ਿਆਦਤੀਆਂ, ਬੇਇਨਸਾਫ਼ੀਆਂ ਤੇ ਜਬਰ ਜ਼ੁਲਮ ਕਰਦੇ ਆ ਰਹੇ ਹਨ । ਉਨ੍ਹਾਂ ਨੂੰ ਸਾਜਸ਼ੀ ਢੰਗਾਂ ਨਾਲ ਕਮਜ਼ੋਰ ਹੀ ਕਰਦੇ ਆ ਰਹੇ ਹਨ ।ਉਨ੍ਹਾ ਕਿਹਾ ਕਿ ਸੈਂਟਰ ਵੱਲੋਂ ਪੰਜਾਬ ਦੇ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਨੂੰ ਫਸਲਾਂ ਅਤੇ ਹੋਰ ਵਸਤੂਆਂ ਦੇ ਵਪਾਰ ਲਈ ਨਾ ਖੋਲ੍ਹ ਕੇ ਹੋਰ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ । ਜਿਸ ਤੋਂ ਸਪੱਸ਼ਟ ਹੈ ਕਿ ਕੇਂਦਰ ਦੀ ਨੀਤੀ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨੂੰ ਆਰਥਿਕ ਤੌਰ ’ਤੇ ਕਮਜ਼ੋਰ ਕਰਨ ਵਾਲੀ ਹੈ ।ਉਨ੍ਹਾਂ ਕਿਹਾ ਕਿ ਇਕ ਪਾਸੇ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਜ਼ਿਮੀਂਦਾਰਾਂ ਨੂੰ ਇਹ ਸਲਾਹ ਮਸ਼ਵਰਾ ਦੇ ਰਹੀਆ ਹਨ ਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਬਹੁਤ ਨੀਵੇਂ ਪੱਧਰ ਤੱਕ ਜਾਣ ਦੀ ਬਦੌਲਤ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਦਾ ਉਤਪਾਦ ਕਰਨਾ ਚਾਹੀਦਾ ਹੈ । ਜਦੋਂ ਜ਼ਿਮੀਂਦਾਰ ਸਰਕਾਰ ਦੀ ਰਾਏ ਤੇ ਸਲਾਹ ਅਨੁਸਾਰ ਘੱਟ ਪਾਣੀ ਲੈਣ ਵਾਲੀ ਨਰਮੇ ਦੀ ਫਸਲ ਪੈਦਾ ਕਰਦਾ ਹੈ, ਤਾਂ ਉਸ ਨੂੰ ਉਸ ਦੀ ਐਮ.ਐਸ.ਪੀ ਨਾ ਦੇ ਕੇ ਅਤੇ ਸਹੀ ਸਮੇਂ ’ਤੇ ਖਰੀਦ ਨਾ ਕਰਕੇ ਸਰਕਾਰਾਂ ਵੱਲੋਂ ਹੋਰ ਵੀ ਵੱਡੀ ਜ਼ਿਆਦਤੀ ਕੀਤੀ ਜਾ ਰਹੀ ਹੈ ।ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਹਰਬੰਸ ਸਿੰਘ ਸਲੇਮਪੁਰ, ਸੁਰਿੰਦਰ ਪਾਲ ਸਿੰਘ ਨੀਟਾ, ਗੁਰਕੰਵਲ ਸਿੰਘ ਕੋਹਲੀ, ਗੁਰਮੀਤ ਸਿੰਘ ਛੰਨਟੀ, ਬੀਬੀ ਅਮਰਜੀਤ ਕੌਰ ਹੋਰ ਵੀ ਹਾਜ਼ਰ ਸਨ।

## 21 ਨੂੰ ਸਨਾਤਨ ਗੌਰਵ ਯਾਤਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ੍ਰੀ ਅਯੁੱਧਿਆ ਧਾਮ ਵਿੱਚ ਭਗਵਾਨ ਸ੍ਰੀ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਲੈ ਕੇ ਭਾਰਤ ਵਾਰਸ਼ ਤੇ ਵਿਦੇਸ਼ਾਂ ਵਿੱਚ ਬੈਠੇ ਰਾਮ ਭਗਤਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਲੋਕ ਆਪਣੇ ਘਰਾਂ ਦੇ ਮੰਦਰਾਂ ਤੋਂ ਲੈ ਕੇ ਗਲੀ-ਮੁਹੱਲਿਆਂ, ਪਾਰਕਾਂ, ਚੌਰਾਹਿਆਂ, ਸਾਂਝੀਆਂ ਥਾਵਾਂ ਅਤੇ ਬਜ਼ਾਰਾਂ ਨੂੰ ਸਜਾ ਰਹੇ ਹਨ ਤਾਂ ਜੋ ਦੀਪਮਾਲਾ ਕਰਕੇ ਮਹਾਂ ਦਿਵਾਲੀ ਮਨਾਈ ਜਾਵੇ। ਇਸੇ ਸਬੰਧੀ ਭਗਵਾਨ ਸ੍ਰੀ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਲੈ ਕੇ ਸਮੂਹ ਕਾਂਵੜ ਸੰਘ ਰਾਮਪੁਰਾਫੂਲ ਵੱਲੋਂ ਸ਼ਹਿਰ ਦੇ ਧਾਰਮਿਕ, ਸਮਾਜਿਕ ਸੰਗਠਨਾਂ ਅਤੇ ਸਮੂਹ ਸ਼ਹਿਰ ਵਾਸੀਆ ਦੇ ਸਹਿਯੋਗ ਨਾਲ 21 ਜਨਵਰੀ ਨੂੰ ਸਨਾਤਨ ਗੌਰਵ ਯਾਤਰਾ ਕੱਢੀ ਜਾ ਰਹੀ ਹੈ। ਸਮੂਹ ਕਾਂਵੜ ਸੰਘ ਰਾਮਪੁਰਾਫੂਲ ਦੇ ਪ੍ਰਧਾਨ ਨੀਰਜ ਚੌਧਰੀ, ਜਨਰਲ ਸਕੱਤਰ ਕੇਵਲ ਕ੍ਰਿਸ਼ਨ ਹੈਪ ਬੁੱਗਰ ਅਤੇ ਪ੍ਰੈੱਸ ਸਕੱਤਰ ਮਨਦੀਪ ਗਰਗ ਨੇ ਦੱਸਿਆ ਕਿ ਭਗਵਾਨ ਸ੍ਰੀ ਰਾਮ ਜੀ ਦੇ ਪਵਿੱਤਰ ਝੰਡਿਆਂ ਅਤੇ ਰਾਮ ਭਗਤਾਂ ਦੇ ਉਤਸ਼ਾਹ ਨਾਲ ਇਹ ਯਾਤਰਾ ਸਥਾਨਕ ਸ੍ਰੀ ਦੁਰਗਾ ਸੇਵਾ ਦਲ ਰਾਮਪੁਰਾਫੂਲ ਫੈਕਟਰੀ ਰੋਡ ਤੋਂ ਸ਼ੁਰੂ ਹੋ ਕੇ ਗਿੱਲ ਬਜ਼ਾਰ, ਮੈਨ ਚੌਕ, ਫੂਲ ਬਜ਼ਾਰ, ਸਿਨੇਮਾ ਰੋਡ, ਪੁਰਾਣੀ ਅਨਾਜ ਮੰਡੀ (ਇੰਦਰਾ ਮਾਰਕੀਟ), ਆਰੀਆ ਸਕੂਲ ਰੋਡ, ਕਚਹਿਰੀ ਬਜ਼ਾਰ, ਮੈਨ ਚੌਕ, ਲਹਿਰਾ ਬਜ਼ਾਰ, ਰੇਲਵੇ ਫਾਟਕ, ਗਾਂਧੀ ਨਗਰ, ਪੰਚਾਇਤੀ ਧਰਮਸ਼ਾਲਾ, ਡਿੱਗੀ ਵਾਲਾ ਸਕੂਲ, ਬੱਸ ਸਟੈਂਡ ਰੋਡ, ਥਾਣੇ ਵਾਲਾ ਮੋੜ, ਅਨਾਜ ਮੰਡੀ ਦੁਕਾਨ ਨੰਬਰ 118, ਨੇੜੇ ਥਾਣਾ ਸਿਟੀ ਵਿਖੇ ਸਮਾਪਤ ਹੋਵੇਗੀ। ਇਸ ਯਾਤਰਾ ਦੀ ਅਗਵਾਈ ਸ਼ਹਿਰ ਦੇ ਸਮੂਹ ਵੱਖ ਵੱਖ ਮੰਦਰਾਂ ਦੇ ਪੰਡਿਤ ਕਰਨਗੇ। ਉਨ੍ਹਾਂ ਦੱਸਿਆ ਕਿ ਪੰਜ ਸਦੀਆਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਭਗਵਾਨ ਸ੍ਰੀ ਰਾਮ ਲੱਲਾ ਅਯੁੱਧਿਆ ਸਥਿਤ ਅਪਣੇ ਸੁੰਦਰ ਮੰਦਰ ’ਚ ਬਿਰਾਜਮਾਨ ਹੋਣ ਦਾ ਹਰ ਰਾਮ ਭਗਤ ਨੂੰ ਬੇਸਬਰੀ ਨਾਲ ਇੰਤਜ਼ਾਰ ਹੈ। ਇਸ ਯਾਤਰਾ ਦੌਰਾਨ ਸ਼ਹਿਰ ਵਿੱਚ ਸਵਾਗਤੀ ਗੇਟ ਲਾਏ ਜਾਣਗੇ ਅਤੇ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਇਸ ਮੌਕੇ ਸਮੂਹ ਕਾਂਵੜ ਸੰਘ ਦੇ ਮੈਂਬਰ ਹਾਜ਼ਰ ਸਨ।

## ਪਰਮਿੰਦਰ ਸੇਖੋਂ ਨੇ ਲੇਖਕ ਮੰਚ ਦੀ ਇਕੱਤਰਤਾ ’ਚ ਲਾਈ ਗੀਤਾਂ ਦੀ ਛਹਿਬਰ



**ਸਮਰਾਲਾ (ਸੁਰਜੀਤ ਸਿੰਘ)** : ਲੇਖਕ ਮੰਚ (ਰਜਿ.) ਦੀ ਨਵੇਂ ਸਾਲ ਦੀ ਪਹਿਲੀ ਮਹੀਨਾਵਾਰ ਇਕੱਤਰਤਾ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਅਤੇ ਬਾਲ ਕਲਾਕਾਰ ਕਮਲਜੀਤ ਨੀਲੋਂ ਦੀ ਪ੍ਰਧਾਨਗੀ ਹੇਠ ‘ਮਰਹੂਮ ਕਾਮਰੇਡ ਜਗਜੀਤ ਸਿੰਘ ਬਾਗ਼ੀ ਭਵਨ’ ਭਗਵਾਨਪੁਰਾ ਰੋਡ ਸਮਰਾਲਾ ਵਿਖੇ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਆਏ ਹੋਏ ਸਾਹਿਤਕਾਰਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ, ਉਪਰੰਤ ਵਿਛੜ ਚੁੱਕੀਆਂ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਡਾ. ਸਰਬਜੀਤ ਦੇ ਪਿਤਾ ਕਾਮਰੇਡ ਪੂਰਨ ਸਿੰਘ ਨਾਰੰਗਵਾਲ, ਉੱਘੇ ਗ਼ਜ਼ਲਗੋ ਜੀਤ ਸੁਰਜੀਤ ਦੀ ਧਰਮ ਪਤਨੀ, ਉਰਦੂ ਦੇ ਜਗਤ ਪ੍ਰਸਿੱਧ ਗ਼ਜ਼ਲਗੋ ਜਨਾਬ ਮੁਨੱਵਰ ਰਾਣਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਟਿੰਗ ਦੀ ਕਾਰਵਾਈ ਆਰੰਭ ਕਰਦੇ ਹੋਏ ਮੰਚ ਦੇ ਜਨਰਲ ਸਕੱਤਰ ਹਰਬੰਸ ਮਾਲਵਾ ਨੇ ਪ੍ਰਸਿੱਧ ਗ਼ਜ਼ਲਗੋ ਜਨਾਬ ਮੁਨੱਵਰ ਰਾਣਾ ਦਾ ਇੱਕ ਸ਼ੇਅਰ, ‘ਕਿਸੀ ਕੋ ਘਰ ਮਿਲਾ ਹਿੱਸੇ ਮੇਂ ਯਾਂ ਕੋਈ ਦੁਕਾਂ ਆਈ, ਮੈਂ ਘਰ ਮੇਂ ਸਬ ਸੇ ਛੋਟਾ ਥਾ, ਮੇਰੇ ਹਿੱਸੇ ਮੇਂ ਮਾਂ ਆਈ’ ਕਹਿਣ ਉਪਰੰਤ ਸਭ ਤੋਂ ਪਹਿਲਾਂ ਰਚਨਾ ਪੇਸ਼ ਕਰਨ ਲਈ ਅਵਤਾਰ ਸਿੰਘ ਉਟਾਲ ਨੂੰ ਸੱਦਾ ਦਿੱਤਾ, ਜਿਨ੍ਹਾਂ ਨੇ ਗੀਤ ‘ਫੜ੍ਹ ਨਹੀਂ ਮਾਰੀਦੀ’ ਸੁਣਾਇਆ, ਜੋ ਕਿ ਲੇਖਕ ਨੇ ਪਿੰਡ ਦੀ ਸੱਥ ਵਿਖੇ ਧੂਣੀ ਸੇਕਦਿਆਂ ਲਿਖਿਆ ਅਤੇ ਗੀਤ ਰਾਹੀਂ ਪਿੰਡਾਂ ਵਿੱਚ ਬੀਤੇ ਵੇਲਿਆਂ ’ਚ ਲਗਦੀਆਂ ਸੱਥਾਂ ਦੀ ਯਾਦ ਦਿਵਾ ਦਿੱਤੀ। ਮੈਨੇਜਰ ਕਰਮਚੰਦ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜਲੀ ਵਜੋਂ ਆਪਣੇ ਗੀਤ ਰਾਹੀਂ ਯਾਦ ਕੀਤਾ। ਕਲਮ ਅਤੇ ਆਵਾਜ਼ ਦੇ ਧਨੀ ਨੌਜਵਾਨ ਗਾਇਕ ਪਰਮਿੰਦਰ ਸੇਖੋਂ ਨੇ ਪਿਆਰਾ ਗੀਤ, ‘ਸਾਥੋਂ ਸੱਜਣਾ ਨਾਲ ਮਿੱਠਾ-ਮਿੱਠਾ ਹੱਸ ਹੋ ਗਿਆ’ ਸੁਣਾਇਆ। ਇਸ ਗੀਤ ’ਤੇ ਬਹਿਸ ਕਰਦਿਆਂ ਮਰਹੂਮ ਗ਼ਜ਼ਲ ਗਾਇਕ ਜਗਜੀਤ ਸਿੰਘ ਨੂੰ ਯਾਦ ਕੀਤਾ ਗਿਆ । ਕਮਲਜੀਤ ਨੀਲੋਂ ਨੇ ਬਾਲ ਕਹਾਣੀ ‘ਇਹ ਕਿਵੇਂ ਵਾਪਰਿਆ’ ਸੁਣਾਈ ਜਿਸ ਵਿਚ ਬੱਚਿਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਣ ਵਿਚ ਮਾਂ-ਪਿਓ ਅਤੇ ਭੈਣ-ਭਰਾਵਾਂ ਵੱਲੋਂ ਦਿੱਤੇ ਗਏ ਉਤਸ਼ਾਹ ਨਾਲ ਚੰਗੇ ਨਤੀਜੇ ਸਾਹਮਣੇ ਆਉਣ ਦਾ ਜ਼ਿਕਰ ਕੀਤਾ ਗਿਆ। ਸ਼ਾਇਰ ਸੁਰਜੀਤ ਵਿਸ਼ਾਦ ਨੇ ਕਿਹਾ ਕਿ ਕਮਲਜੀਤ ਨੀਲੋਂ ਦੀ ਬਾਲ ਮਾਨਸਿਕਤਾ ’ਤੇ ਗਹਿਰੀ ਪਕੜ ਹੈ। ਡਾ. ਹਰਜਿੰਦਰਪਾਲ ਸਿੰਘ ਅਤੇ ਕਰਨ ਢਿੱਲਵਾਂ ਨੇ ਵਧੀਆ ਕਹਾਣੀ ਕਹੀ। ਡਾ. ਹਰਜਿੰਦਰਪਾਲ ਸਿੰਘ ਨੇ ਮਰਹੂਮ ਮਾਸਟਰ ਤਰਲੋਚਨ ਸਿੰਘ ਨੂੰ ਇਸ ਮੌਕੇ ਯਾਦ ਕੀਤਾ ਅਤੇ ਉਨ੍ਹਾਂ ਬਾਰੇ ਆਪਣੇ ਮਨੋਭਾਵ ਸਾਂਝੇ ਕੀਤੇ। ਗਾਇਕ ਅਤੇ ਗੀਤਕਾਰ ਜੱਸੀ ਢਿੱਲਵਾਂ ਨੇ ਖ਼ੂਬਸੂਰਤ ਆਵਾਜ਼ ਵਿਚ ਗੀਤ ‘ਤੇਰੇ ਦਰ ਤੋਂ ਹੋ ਕੇ ਮੈਂ ਬੇਗ਼ਾਨਾ ਮੁੜਿਆਂ’ ਸੁਣਾਇਆ। ਹਰਬੰਸ ਮਾਲਵਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਵਜੋਂ ਗੀਤ ‘ਚੂਲੀ ਇੱਕ ਪਿਲਾ ਕੇ, ਸ਼ੇਰ ਬਣਾ ਕੇ ਚਲੇ ਗਏ’ ਸੁਣਾਇਆ।ਮੀਟਿੰਗ ਦੌਰਾਨ ਸਾਰੀਆਂ ਰਚਨਾਵਾਂ ’ਤੇ ਨਿੱਠ ਕੇ ਗੰਭੀਰਤਾ ਨਾਲ ਚਰਚਾ ਹੋਈ ਅਤੇ ਬਣਦੇ ਸੁਝਾਅ ਦਿੱਤੇ ਗਏ। ਅਖੀਰ ਕਮਲਜੀਤ ਨੀਲੋਂ ਨੇ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

18-JAN-PAGE-3-Majha-24.qxd 1/17/2024 10:31 PM Page 1



# ਈ ਟੀ ਓ ਨੇ ਚੱਕ ਅਰਾਈਆਂ 'ਚ ਉਸਰ ਰਹੇ 66 ਕੇ ਵੀ ਸਬ-ਸਟੇਸ਼ਨ ਦਾ ਰੱਖਿਆ ਨੀਂਹ ਪੱਥਰ

## * ਮਾਨ ਸਰਕਾਰ ਦੇ ਯਤਨਾਂ ਸਦਕਾ ਪਾਵਰਕਾਮ ਮੁੜ ਪੈਰਾਂ ਸਿਰ ਹੋਇਆ



ਗੁਰਦਾਸਪੁਰ/ਧਾਰੀਵਾਲ (ਜਨਕ ਮਹਾਜਨ, ਮਨਦੀਪ ਵਿੱਕੀ, ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਵਸਨੀਕਾਂ ਨੂੰ ਇੱਕ ਹੋਰ ਵੱਡਾ ਤੋਹਫ਼ਾ ਮਿਲਿਆ ਹੈ।ਸੂਬੇ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਚੱਕ ਅਰਾਈਆਂ ਵਿਖੇ 66 ਕੇ.ਵੀ. ਸਬ-ਸਟੇਸ਼ਨ ਦਾ ਨੀਂਹ ਪੱਥਰ ਰੱਖਿਆ ਗਿਆ ।ਇਸ ਮੌਕੇ ਇੱਕ ਵਿਸ਼ਾਲ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਬਿਜਲੀ ਮੰਤਰੀ ਈਟੀਓ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਚੱਕ ਅਰਾਈਆਂ ਵਿਖੇ 66 ਕੇਵੀ ਸਬ ਸਟੇਸ਼ਨ ਦੀ ਉਸਾਰੀ ਉਪਰ 5 ਕਰੋੜ ਖਰਚ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ 66 ਕੇਵੀ ਸਬ ਸਟੇਸ਼ਨ ਪਿੰਡ ਚੱਕ ਅਰਾਈਆਂ ਦੀ ਉਸਾਰੀ ਤੋਂ ਬਾਅਦ ਇਲਾਕੇ ਦੇ 21 ਪਿੰਡਾਂ ਚੱਕ ਅਰਾਈਆਂ, ਪੂਰੋਵਾਲ ਅਰਾਈਆਂ, ਸਿੰਘੋਵਾਲ, ਪਰਸੋ ਕਾ ਪਿੰਡ, ਦਾਖਲਾ, ਕੋਟਲੀ ਮੋਈਆਂ, ਚੌੜ ਸਿੱਧਵਾਂ, ਨਰਪੁਰ, ਵਰਸੋਲਾ, ਛੰਭ, ਮਸੀਤ, ਲੱਖੋਵਾਲ, ਮੁਸਤਫ਼ਾਬਾਦ ਸੈਦਾਂ, ਹੇਮਰਾਜਪੁਰ, ਵਰ੍ਹਿਆਂ, ਤੁੰਗ, ਖੋਖਰ, ਦਬੁੜੀ, ਧੂਤ, ਰਾਵਲਪਿੰਡੀ ਅਤੇ ਕਾਲਾ ਨੰਗਲ ਪਿੰਡਾਂ ਨੂੰ ਨਿਰਵਿਗਨ ਬਿਜਲੀ ਸਪਲਾਈ ਮਿਲੇਗੀ। ਬਜਲੀ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਨੇ ਗੋਇੰਦਵਾਲ ਦਾ ਇੱਕ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਨਵਾਂ ਇਤਿਹਾਸ ਸਿਰਜਿਆ ਹੈ।ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਜੋ ਪਾਵਰਕਾਮ ਘਾਟੇ ਵਿੱਚ ਚੱਲ ਰਿਹਾ ਸੀ ਉਹ ਇਸ ਸਮੇਂ 564 ਕਰੋੜ ਰੁਪਏ ਦੇ ਫ਼ਾਇਦੇ ਵਿੱਚ ਹੈ।ਮਾਨ ਸਰਕਾਰ ਵੱਲੋਂ ਪਾਵਰਕਾਮ ਦਾ 9020 ਕਰੋੜ ਰੁਪਏ ਦਾ ਕਰਜ਼ਾ ਵੀ ਉਤਾਰਿਆ ਜਾ ਰਿਹਾ ਹੈ।ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਬਿਜਲੀ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਚੱਕ ਅਰਾਈਆਂ ਵਿਖੇ 66 ਕੇਵੀ ਬਿਜਲੀ ਘਰ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ।ਬਹਿਲ ਨੇ ਬਿਜਲੀ ਘਰ ਦੇ ਨੀਂਹ ਪੱਥਰ ਸਮਾਗਮ ਮੌਕੇ ਪਹੁੰਚੇ ਹਜ਼ਾਰਾਂ ਲੋਕਾਂ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ, ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਪਾਵਰਕਾਮ ਦੇ ਉਚ ਅਧਿਕਾਰੀ, ਉਘੇ ਜਨਤਕ ਆਗੂ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ, ਗੁਰਦੀਪ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ, ਕੇਸ਼ਵ ਬਹਿਲ, ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾਂ, ਠੇਕੇਦਾਰ ਬਲਦੇਵ ਸਿੰਘ ਰੰਧਾਵਾ, ਹਰਜਿੰਦਰ ਸਿੰਘ ਸਾਬੀ ਚੱਕ ਅਰਾਈਆਂ, ਹਰਵਿੰਦਰ ਸਿੰਘ, ਜਗਦੀਪ ਸਿੰਘ ਲੱਖੋਵਾਲ, ਦਵਿੰਦਰ ਸਿੰਘ ਲੱਖੋਵਾਲ, ਹਰਦੀਪ ਸਿੰਘ ਬੇਦੀ, ਓਂਕਾਰ ਸਿੰਘ ਨਾਗੀ, ਬਲਜੀਤ ਕੁਮਾਰ, ਰਾਕੇਸ਼ ਕੁਮਾਰ, ਰਾਜੇਸ਼ ਕੁਮਾਰ, ਨਿਸ਼ਾਨ ਸਿੰਘ ਜੌੜਾ, ਰੌਸ਼ਨ ਲਾਲ, ਮੋਹਨ ਸਿੰਘ, ਭੁਪਿੰਦਰ ਸਿੰਘ, ਪ੍ਰਧਾਨ ਦਲੇਰ ਸਿੰਘ, ਹਰਜਿੰਦਰ ਸਿੰਘ ਸਾਬੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

# ਦਸਮ ਪਾਤਸ਼ਾਹ ਦੇ ਅਵਤਾਰ ਪੁਰਬ ਸੰਬੰਧੀ ਚੀਫ਼ ਖ਼ਾਲਸਾ ਦੀਵਾਨ ਨੇ ਅਲੌਕਿਕ ਨਗਰ ਕੀਰਤਨ ਸਜਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿੱਚ ਸਿੱਖੀ ਰਵਾਇਤਾਂ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ। ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਜੀ ਨਿੱਜਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਆਰੰਭ ਦੀਵਾਨ ਦੇ ਪ੍ਰਮੁੱਖ ਸਕੂਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ. ਟੀ. ਰੋਡ ਤੋਂ ਕੀਤਾ ਗਿਆ ਅਤੇ ਦੀਵਾਨ ਮੈਨੇਜਮੈਂਟ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦਾ ਸੁਆਗਤ ਕਰਦਿਆ ਆਖਿਆ। ਡਾ: ਨਿੱਜਰ ਵੱਲੋਂ ਸੰਗਤਾਂ ਨੂੰ ਸਮਾਜ ਅਤੇ ਵਸਦੀ ਲੋਕਾਈ ਦੀ ਬਿਹਤਰੀ ਲਈ ਆਪਣੇ ਜੀਵਨ ਆਚਰਨ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਚੱਲ ਕੇ ਸੁਧਾਰਨ ਦੀ ਲੋੜ ਦਾ ਸੰਦੇਸ਼ ਦਿੱਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਸਿਰਫ ਜ਼ੁਲਮ ਦੇ ਟਾਕਰੇ ਅਤੇ ਧਰਮ ਦੀ ਰੱਖਿਆ ਲਈ ਸਰਬੰਸ ਵਾਰ ਦਿੱਤਾ ਸਗੋਂ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਕੌਮ ਨੂੰ ਅਮਰ ਕਰ ਦਿੱਤਾ ਹੈ। ਇਸ ਮੌਕੇ ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦਾ ਮੁੱਖ ਮੰਤਵ ਸਿੱਖੀ ਅਤੇ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ ਜਿਸ ਦੇ ਫਲਸਰੂਪ ਜਿੱਥੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੇ ਪਵਿੱਤਰ ਦਿਹਾੜੇ ਸਿੱਖ ਰਵਾਇਤਾਂ ਨਾਲ ਸ਼ਰਧਾ ਸਹਿਤ ਮਨਾਏ ਜਾਂਦੇ ਹਨ, ਉੱਥੇ ਨਵੀਂ ਪਨੀਰੀ ਨੂੰ ਸਿੱਖਿਆ ਰਾਹੀਂ ਗੁਰ ਸਿੱਖੀ ਨਾਲ ਜੋੜਨ ਦੇ ਹਰ ਸੰਭਵ ਯਤਨ ਕੀਤੇ ਜਾਂਦੇ ਹਨ। ਪਾਲਕੀ ਸਾਹਿਬ ਵਿੱਚ ਬਿਰਾਜਮਾਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਖਾਲਸਾਈ ਸ਼ਾਨੋ ਸ਼ੌਕਤ ਦਾ ਪ੍ਰਦਰਸ਼ਨ ਕਰ ਰਹੇ ਸਨ ਅਤੇ ਨਗਰ ਕੀਰਤਨ ਦੇ ਉਤਸ਼ਾਹ ਅਤੇ ਸ਼ਰਧਾ ਵਿੱਚ ਵਾਧਾ ਕਰ ਰਹੇ ਸਨ। ਨਗਰ ਕੀਰਤਨ ਵਿੱਚ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ, ਸੀਕੇਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਸੀਕੇਡੀ ਨਰਸਿੰਗ ਕਾਲਜ, ਸੈਂਟਰਲ ਖ਼ਾਲਸਾ ਯਤੀਮਖਾਨਾ, ਅੰਮ੍ਰਿਤਸਰ ਸ਼ਹਿਰ ਦੇ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀ, ਟੀਚਿੰਗ, ਨਾਨ-ਟੀਚਿੰਗ ਸਟਾਫ, ਪ੍ਰਿੰਸੀਪਲ ਸਾਹਿਬਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸਾਹਿਬਾਨ ਸ਼ਾਮਲ ਸਨ। ਨਗਰ ਕੀਰਤਨ ਵਿੱਚ ਵੱਖ-ਵੱਖ ਸਕੂਲਾਂ ਦੀਆਂ ਬੈਂਡ ਅਤੇ ਗਤਕਾ ਟੀਮਾਂ ਨੇ ਆਪਣੇ-ਆਪਣੇ ਕਰਤੱਬ ਦਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਨਗਰ ਕੀਰਤਨ ਵਿੱਚ ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਜਾਇੰਟ ਸੱਕਤਰ ਅਤੇ ਮੈਂਬਰ ਇੰਚਾਰਜ ਮੁੱਖ ਦਫਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸੱਕਤਰ ਜਸਪਾਲ ਸਿੰਘ ਢਿੱਲੋਂ, ਮਨਮੋਹਨ ਸਿੰਘ, ਹਰਮਨਜੀਤ ਸਿੰਘ, ਤਰਲੋਚਨ ਸਿੰਘ, ਰਜਿੰਦਰ ਸਿੰਘ ਮਰਵਾਹਾ, ਏ. ਪੀ. ਐੱਸ. ਮਾਨ, ਰਬਿੰਦਰਬੀਰ ਸਿੰਘ ਭੱਲਾ, ਮੋਹਨਜੀਤ ਸਿੰਘ ਭੱਲਾ, ਗੁਰਭੇਜ ਸਿੰਘ, ਨਵਤੇਜ ਸਿੰਘ ਨਾਰੰਗ, ਡਾ: ਆਤਮਜੀਤ ਸਿੰਘ ਬਸਰਾ, ਪ੍ਰਦੀਪ ਸਿੰਘ ਵਾਲੀਆ, ਗੁਰਬਖਸ਼ ਸਿੰਘ ਬੇਦੀ, ਪ੍ਰੋ. ਸੂਬਾ ਸਿੰਘ, ਅਮਰਦੀਪ ਸਿੰਘ ਮਰਵਾਹਾ, ਹਰਜੋਤ ਸਿੰਘ ਸਾਹਨੀ, ਇੰਦਰਜੀਤ ਸਿੰਘ ਅੜੀ, ਸਰਬਜੀਤ ਸਿੰਘ (ਤਰਨਤਾਰਨ), ਕੁਲਜੀਤ ਸਿੰਘ ਸਾਹਨੀ, ਗੁਰਮਹਿੰਦਰ ਸਿੰਘ, ਅਵਤਾਰ ਸਿੰਘ ਘੁੱਲਾ, ਤਜਿੰਦਰ ਸਿੰਘ ਖ਼ਾਲਸਾ, ਜਤਿੰਦਰਬੀਰ ਸਿੰਘ, ਜਸਬੀਰ ਸਿੰਘ, ਡਾਇਰੈਕਟਰ ਓਪਰੇਸ਼ਨਜ਼ ਡਾ: ਅੰਮ੍ਰਿਤਪਾਲ ਸਿੰਘ ਚਾਵਲਾ, ਜੀ. ਟੀ. ਰੋਡ ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਸਕੂਲ ਵਿਖੇ ਧੂਮਧਾਮ ਨਾਲ ਮਨਾਇਆ ਪ੍ਰਕਾਸ਼ ਉਤਸਵ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਦੀ ਸਵੇਰ ਦੀ ਸਭਾ ਵਿੱਚ ਭਾਈ ਮਨਵੀਰ ਸਿੰਘ ਵੱਲੋਂ ਬਹੁਤ ਹੀ ਰਸ ਭਿੰਨਾ ਕੀਰਤਨ ਕੀਤਾ ਗਿਆ।

ਸੱਤਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉੱਪਰ ਆਪਣੇ ਭਾਸ਼ਣ ਰਾਹੀਂ ਚਾਨਣਾ ਪਾਇਆ ਗਿਆ ।ਸੱਤਵੀਂ ਜਮਾਤ ਦੀ ਹੀ ਵਿਦਿਆਰਥਣ ਅਵਨੀਤ ਕੌਣ ਨੇ ਬਹੁਤ ਹੀ ਸੁੰਦਰ ਕਵਿਤਾ ਦਾ ਗਾਇਨ ਕੀਤਾ । ਛੇਵੀਂ ਜਮਾਤ ਦੀ ਵਿਦਿਆਰਥਣ ਪ੍ਰਭਸਿਮਰਨ ਕੌਰ ਨੇ ਆਪਣੀ ਕਵਿਤਾ ਰਾਹੀਂ ਗੁਰੂ ਜੀ ਦੇ ਜੀਵਨ ਅਤੇ ਕੁਰਬਾਨੀਆਂ ਨੂੰ ਬਿਆਨ ਕੀਤਾ।

ਸਕੂਲ ਦੇ ਪ੍ਰਿੰ. ਕਿਰਨ ਕੇਸਰ ਦੁਆਰਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਦੇਸ਼ ਕੌਮ ਦੀ ਸੇਵਾ ਲਈ ਹਮੇਸ਼ਾ ਅੱਗੇ ਆਉਣਾ ਚਾਹੀਦਾ ਹੈ ਉਨ੍ਹਾਂ ਦੀਆਂ ਦੱਸੀਆਂ ਹੋਈਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹੋਏ ਜੀਵਨ ਬਿਤਾਉਣਾ ਚਾਹੀਦਾ ਹੈ ।

# ਡੀ ਐੱਮ ਐੱਫ ਤਹਿਸੀਲ ਬਾਬਾ ਬਕਾਲਾ ਦੇ ਮੁਲਾਜ਼ਮਾਂ ਵੱਲੋਂ ਅੰਮ੍ਰਿਤਸਰ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਤਹਿਸੀਲ ਬਾਬਾ ਬਕਾਲਾ ਵੱਲੋਂ ਕਸਬਾ ਰਈਆ ਵਿਖੇ ਸਾਥੀ ਰਾਕੇਸ਼ ਕੁਮਾਰ ਰਈਆ, ਸਰਬਜੀਤ ਕੌਰ ਛੱਜਲਵੱਡੀ ਅਤੇ ਹਰਪ੍ਰੀਤ ਸਿੰਘ ਗੱਗੜਭਾਣਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਜਿਸ ਵਿੱਚ ਡੀ.ਐਮ.ਐਫ. ਵੱਲੋਂ 21 ਜਨਵਰੀ ਨੂੰ ਨਿਊ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਹਰਭਜਨ ਸਿੰਘ ਦੇ ਘਰ ਅੱਗੇ ਕੀਤੀ ਜਾ ਰਹੀ ਜ਼ਿਲ੍ਹਾ ਪੱਧਰੀ ਰੈਲੀ ਵਿੱਚ ਤਹਿਸੀਲ ਬਾਬਾ ਬਕਾਲਾ ਤੋਂ 500 ਮੁਲਾਜ਼ਮਾਂ ਨੂੰ ਸ਼ਾਮਲ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਗੱਲ ਕਰਦਿਆਂ ਡੀ.ਐਮ.ਐਫ. ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਛੱਜਲਵੱਡੀ, ਮਮਤਾ ਸ਼ਰਮਾਂ, ਪਰਮਜੀਤ ਕੌਰ ਮਾਨ, ਰਛਪਾਲ ਸਿੰਘ ਜੋਧਾਨਗਰੀ ਅਤੇ ਸੁਖਦੇਵ ਸਿੰਘ ਉਮਰਾਨੰਗਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਸਮੂਹ ਮੁਲਾਜ਼ਮਾਂ ਨਾਲ ਕੀਤੇ ਗਏ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਮਿਡ-ਡੇ-ਮੀਲ ਵਰਕਰਾਂ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਪਿਛਲੇ ਲੰਬੇ ਸਮੇਂ ਤੋਂ ਅਪਮਾਨਜਨਕ ਭੱਤਿਆਂ 'ਤੇ ਕੰਮ ਕਰ ਰਹੀਆਂ ਹਨ ਅਤੇ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਮਾਣ-ਭੱਤਾ ਫੌਰੀ ਦੁੱਗਣਾ ਕਰਨ ਦੀ ਗਰੰਟੀ ਦੇਣ ਦੇ ਬਾਵਜੂਦ ਇਨ੍ਹਾਂ ਦੇ ਕਥਿਤ ਭੱਤੇ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਇਸੇ ਤਰ੍ਹਾਂ 37 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਦਾਅਵਿਆਂ ਤੋਂ ਬਾਅਦ ਵੀ ਕੋਈ ਕੱਚਾ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ। ਜਨਵਰੀ 2004 ਤੋਂ ਬਾਅਦ ਭਰਤੀ ਕੀਤੇ ਗਏ 2 ਲੱਖ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਕਥਿਤ ਵਾਅਦਾ ਵੀ ਝੂਠਾ ਸਾਬਤ ਹੋਇਆ ਹੈ।

ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਆਸ਼ਾ ਵਰਕਰਾਂ ਅਤੇ ਮਿੱਡ-ਡੇ-ਮੀਲ ਵਰਕਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੀ ਮੁਢਲੀ ਸਲੈਬ ਅਨੁਸਾਰ 18 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇ ਅਤੇ ਆਸ਼ਾ ਫੈਸਿਲੀਟੇਟਰਾਂ ਲਈ ਇਸ ਤੋਂ ਅਗਲੀ ਸਲੈਬ ਫਿਕਸ ਕੀਤੀ ਜਾਵੇ, ਵੱਖ ਵੱਖ ਵਿਭਾਗਾਂ ਅੰਦਰ ਕੰਮ ਕਰਦੇ ਹਰ ਤਰ੍ਹਾਂ ਦੇ ਕੱਚੇ, ਠੇਕਾ, ਆਊਟ ਸੋਰਸ ਅਤੇ ਇਨਲਿਸਟਮੈਂਟ ਸਕੀਮਾਂ ਦੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਾਮਲ ਕੀਤਾ ਜਾਵੇ। ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ 1972 ਦੇ ਨਿਯਮਾਂ ਮੁਤਾਬਕ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਪਰਖ ਸਮੇਂ ਦੌਰਾਨ ਮੁੱਢਲੀ ਤਨਖਾਹ ਦੇਣ ਸੰਬੰਧੀ 15-01-2015 ਦੇ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ, 17-07-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕੀਤੇ ਜਾਣ, ਪੇਂਡੂ ਅਤੇ ਬਾਰਡਰ ਏਰੀਏ ਸਮੇਤ ਬੰਦ ਕੀਤੇ ਸਮੂਹ ਭੱਤੇ ਅਤੇ ਏਸੀਪੀ ਸਕੀਮ ਬਹਾਲ ਕੀਤੀ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਦੋ ਕਿਸ਼ਤਾਂ (8%) ਅਤੇ ਪਿਛਲੇ ਸਾਰੇ ਬਕਾਏ ਫੌਰੀ ਅਦਾ ਕੀਤੇ ਜਾਣ, ਛੇਵੇਂ ਤਨਖਾਹ ਕਮਿਸ਼ਨ ਦੇ 01-01-2016 ਤੋਂ 30-06-2021 ਤੱਕ ਦੇ ਸਮੁੱਚੇ ਬਕਾਏ ਯੱਕ-ਮੁਸ਼ਤ ਅਦਾ ਕੀਤੇ ਜਾਣ, 200 ਰੁਪਏ ਜਜ਼ੀਆ ਟੈਕਸ ਬੰਦ ਕੀਤਾ ਜਾਵੇ, ਵੱਖ-ਵੱਖ ਵਿਭਾਗਾਂ ਵਿੱਚ ਅਕਾਰ ਘਟਾਈ ਤਹਿਤ ਖਤਮ ਕੀਤੀਆਂ ਗਈਆਂ ਹਜ਼ਾਰਾਂ ਅਸਾਮੀਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਸਮੂਹ ਵਿਭਾਗਾਂ ਅੰਦਰ ਦਰਜਾ-4 ਮੁਲਾਜ਼ਮਾਂ ਦੀ ਬੰਦ ਕੀਤੀ ਗਈ ਭਰਤੀ ਮੁੜ ਸ਼ੁਰੂ ਕੀਤੀ ਜਾਵੇ।

ਇਸ ਮੌਕੇ ਵਿਪਨ ਰਿਖੀ, ਕੇਵਲ ਸਿੰਘ ਲੋਹਗੜ੍ਹ, ਜੋਰਾਵਰ ਸਿੰਘ ਭੋਏਵਾਲ, ਮਨਪ੍ਰੀਤ ਸਿੰਘ ਰਈਆ, ਗੁਰਪ੍ਰੀਤ ਸਿੰਘ ਨਾਭਾ, ਰਣਜੀਤ ਦੁਲਾਰੀ, ਸਰਬਜੀਤ ਕੌਰ ਭੋਰਛੀ, ਸੁੱਖਾ ਸਿੰਘ ਲੋਹਗੜ੍ਹ, ਬਿਕਰਮਜੀਤ ਸਿੰਘ ਸਠਿਆਲਾ, ਹਰਬਿੰਦਰ ਸਿੰਘ ਭੁੱਲਰ, ਬਲਜਿੰਦਰ ਸਿੰਘ ਉਦੋਨੰਗਲ, ਸੁਖਜਿੰਦਰ ਕੌਰ ਛੱਜਲਵੱਡੀ, ਜਸਵਿੰਦਰ ਕੌਰ ਮਹਿਤਾ, ਸਵਿੰਦਰ ਕੌਰ ਖਿਲਚੀਆਂ ਅਤੇ ਮੰਗਤ ਸਿੰਘ ਜੱਲੂਪੁਰ ਆਦਿ ਵੀ ਹਾਜ਼ਰ ਸਨ।

# ਅਯੁੱਧਿਆ 'ਚ ਮੰਦਰ ਦੇ ਉਦਘਾਟਨ ਨੂੰ ਲੈ ਕੇ ਲੋਕ ਮਨਾਂ 'ਚ ਖੁਸ਼ੀ ਦੀ ਲਹਿਰ : ਰਜੀਵ ਮਹਾਜਨ



ਬਟਾਲਾ (ਤਰਲੋਕ ਬੱਗਾ)-ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ ਮੰਦਿਰ ਦਾ ਉਦਘਾਟਨ ਬੜੀ ਸ਼ਰਧਾ ਨਾਲ ਕੀਤਾ ਜਾ ਰਿਹਾ ਹੈ। ਇਸ ਦਿਨ ਨੂੰ ਲੈ ਕੇ ਲੋਕਾਂ ਦੇ ਮਨਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਿਵ ਸੈਨਾ ਸਮਾਜਵਾਦੀ ਦੇ ਪੰਜਾਬ ਪ੍ਰਧਾਨ ਰਜੀਵ ਮਹਾਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਉਨ੍ਹਾਂ ਕਿਹਾ ਕਿ 22 ਜਨਵਰੀ ਨੂੰ ਅਯੁੱਧਿਆ ਵਿੱਚ ਸ਼੍ਰੀ ਰਾਮ ਦੇ ਮੰਦਰ ਦਾ ਉਦਘਾਟਨ ਅਤੇ ਪ੍ਰਾਣ ਪਰਤਿਸ਼ਠਾ ਦਾ ਸਮਾਗਮ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ ਅਤੇ ਪੂਰੇ ਭਾਰਤ ਦੇ ਹਰ ਸ਼ਹਿਰ, ਕਸਬੇ ਅਤੇ ਹਰ ਪਿੰਡ ਵਿੱਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਏਗਾ। ਇਸ ਦਿਨ ਪੂਰੇ ਭਾਰਤ ਵਿੱਚ ਹਰ ਘਰ ਵਿੱਚ ਦੀਪ ਜਲਾ ਕਿ ਸ਼੍ਰੀ ਰਾਮ ਜੀ ਦੇ ਆਗਮਨ ਦਾ ਸਵਾਗਤ ਕੀਤਾ ਜਾਵੇਗਾ। ਹਰ ਮੰਦਿਰ ਵਿੱਚ ਪੂਜਾ ਕੀਤੀ ਜਾਵੇਗੀ।

ਇਸ ਪਵਿੱਤਰ ਦਿਨ ਤੇ ਰਜੀਵ ਮਹਾਜਨ ਨੇ ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਦਿਨ 22 ਜਨਵਰੀ ਨੂੰ ਪੂਰੇ ਪੰਜਾਬ ਵਿੱਚ ਛੁੱਟੀ ਦਾ ਐਲਾਨ ਕੀਤਾ ਜਾਵੇ ਅਤੇ ਇਸ ਦਿਨ ਸਾਰੇ ਪੰਜਾਬ ਅੰਦਰ ਮੀਟ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣ ਤਾਂ ਕਿ ਇਸ ਦਿਨ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਜਾ ਸਕੇ।

# ਪੀ ਐੱਸ ਈ ਬੀ ਇੰਪਲਾਈਜ਼ ਫੈਂਡਰੇਸ਼ਨ ਏਟਕ ਨੇ ਬਿਜਲੀ ਮੰਤਰੀ ਨੂੰ ਸੌਂਪਿਆ ਮੰਗ ਪੱਤਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਮਹਿਕਮਾ ਪਾਵਰਕੌਮ ਅੰਦਰ ਸੀ ਆਰ ਏ 295 ਅਧੀਨ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਨੂੰ ਜਿਨ੍ਹਾਂ ਨੇ ਆਪਣਾ ਤਿੰਨ ਸਾਲ ਦਾ ਪਰਵਿਜ਼ਨਲ ਪੀਰੀਅਡ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ, ਉਨ੍ਹਾਂ ਨੂੰ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਰਿਲੀਜ਼ ਕਰਾਉਣ ਸਬੰਧੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਵਲੋਂ ਸਰਕਲ ਪ੍ਰਧਾਨ ਸਾਥੀ ਬਲਵਿੰਦਰ ਸਿੰਘ ਉਦੀਪੁਰ ਦੀ ਅਗਵਾਈ ਹੇਠ ਵਫਦ ਨੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੂੰ ਮੰਗ ਪੱਤਰ ਦਿੱਤਾ। ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਪਿੰਡ ਚੱਕ ਅਰਾਈਆਂ ਵਿਖੇ 66 ਕੇ ਵੀ ਬਿਜਲੀ ਘਰ ਦਾ ਨੀਂਹ ਪੱਥਰ ਰੱਖਣ ਪਹੁੰਚੇ ਹੋਏ ਸਨ। ਬਿਜਲੀ ਮੰਤਰੀ ਨੂੰ ਮੰਗ ਪੱਤਰ ਸੌਂਪਦੇ ਹੋਏ ਪ੍ਰਧਾਨ ਸਾਥੀ ਬਲਵਿੰਦਰ ਸਮੇਤ ਜਥੇਬੰਦੀ ਦੇ ਵਫਦ ਨੇ ਮੰਗ ਕੀਤੀ ਕਿ ਇਨ੍ਹਾਂ ਸਹਾਇਕ ਲਾਈਨਮੈਨ ਕਰਮਚਾਰੀਆਂ ਨੂੰ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ ਅਤੇ ਮਸਲੇ ਦਾ ਨਿਪਟਾਰਾ ਕੀਤਾ ਜਾਵੇ ਤਾਂ ਜੋ ਕਰਮਚਾਰੀਆਂ ਵਿੱਚ ਸਰਕਾਰ ਪ੍ਰਤੀ ਪਾਈ ਜਾ ਰਹੀ ਨਿਰਾਸ਼ਤਾ ਦੂਰ ਹੋ ਸਕੇ। ਇਸ ਮੌਕੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਕਿ ਮਸਲੇ ਦਾ ਜਲਦੀ ਹੱਲ ਕਰ ਦਿੱਤਾ ਜਾਵੇਗਾ। ਇਸ ਮੌਕੇ ਸਾਥੀ ਸਾਹਿਬ ਸਿੰਘ ਧਾਲੀਵਾਲ ਮੰਡਲ ਪ੍ਰਧਾਨ ਗੁਰਦਾਸਪੁਰ, ਸਾਥੀ ਨਿਸ਼ਾਨ ਸਿੰਘ ਸੋਹਲ, ਸਾਥੀ ਅਮਨ ਧਾਲੀਵਾਲ, ਸਾਥੀ ਗੌਰਵ ਪ੍ਰਿਆ, ਸਾਥੀ ਸਤਪਾਲ ਬਲਵਿੰਦਰ ਸਿੰਘ ਸੋਹਲ, ਓਮ ਪ੍ਰਕਾਸ਼, ਅਸ਼ਵਨੀ ਕੁਮਾਰ ਸੈਣੀ, ਮਲਕੀਤ ਸਿੰਘ ਜੋੜਾ ਆਦਿ ਆਗੂ ਹਾਜ਼ਰ ਸਨ।

# ਲੈਫਟੀਨੈਂਟ ਗੁਰਪ੍ਰੀਤ ਸਿੰਘ ਨੇ ਆਰਮਡ ਕੋਰ ਦੇ ਸਾਬਕਾ ਸੈਨਿਕਾਂ ਦੀਆਂ ਮੁਸ਼ਕਲਾਂ ਸੁਣੀਆਂ



**ਟਾਂਗਰਾ (ਲਾਡੀ ਮੱਲ੍ਹੀ)**-ਆਰਮਡ ਕੋਰ ਦੇ ਸਾਬਕਾ ਸੈਨਿਕਾਂ ਅਤੇ ਆਰਮਡ ਕੋਰ ਰਿਕਾਰਡ ਆਫਿਸ ਅਹਿਮਦਨਗਰ ਦੀ ਪੈਨਸ਼ਨਰਜ਼ ਮੀਟਿੰਗ ਜਨਵਰੀ 2024 ਸੰਤ ਸਿੰਘ ਸੁੱਖਾ ਸਿੰਘ ਮੌਡਰਨ ਹਾਈ ਸਕੂਲ ਗੁੰਨੋਵਾਲ ਜੰਡਿਆਲਾ ਗੁਰੂ ਵਿਖੇ ਠਾਕੁਰਪਾਲ ਸਿੰਘ ਚੇਅਰਮੈਨ ਸਾਬਕਾ ਸੈਨਿਕ ਸੰਘਰਸ਼ ਕਮੇਟੀ ਅੰਮ੍ਰਿਤਸਰ ਦੀ ਰਹਿਨੁਮਾਈ ਵਿੱਚ ਹੋਈ ਜਿਸ ਵਿੱਚ ਆਰਮਡ ਕੋਰ ਰਿਕਾਰਡ ਅਹਿਮਦਨਗਰ ਤੋਂ ਲੈਫਟੀਨੈਂਟ ਗੁਰਪ੍ਰੀਤ ਸਿੰਘ ਅਤੇ ਕਲਰਕਾਂ ਦੀ ਟੀਮ ਨੇ ਹਾਜ਼ਰ ਹੋ ਕੇ ਆਰਮਡ ਕੋਰ ਦੇ ਸਾਬਕਾ ਸੈਨਿਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਮੌਕੇ ਤੇ ਹੱਲ ਕੀਤਾ ਜਿਸ ਵਿਚ ਰਿਸਾਲਦਾਰ ਰਸ਼ਪਾਲ ਸਿੰਘ, ਸੁਰਿੰਦਰ ਸਿੰਘ ਖਜ਼ਾਨਚੀ, ਪਰਮਿੰਦਰ ਸਿੰਘ, ਨਿਰਵੈਲ ਸਿੰਘ ਖਾਲਸਾ ਤਹਿਸੀਲ ਪ੍ਰਧਾਨ ਬਾਬਾ ਬਕਾਲਾ ਸਾਹਿਬ, ਕੁਲਵੰਤ ਸਿੰਘ, ਅਵਤਾਰ ਸਿੰਘ, ਜਗੀਰ ਸਿੰਘ, ਪ੍ਰਭਜੀਤ ਸਿੰਘ ਗਿਆਨ ਸਿੰਘ, ਦਾਰਾ ਸਿੰਘ ਰਜਨੀਸ਼ ਕੁਮਾਰ, ਪਰਜੀਤ ਸਿੰਘ, ਵਿਜੈਵੰਤ, ਕੈਪਟਨ ਜੋਬਨ ਸਿੰਘ, ਕੈਪਟਨ ਕਰਨੈਲ ਸਿੰਘ, ਕੈਪਟਨ ਭੁਪਿੰਦਰ ਸਿੰਘ, ਕੈਪਟਨ ਹਰਭਜਨ ਸਿੰਘ, ਕੈਪਟਨ ਗੁਰਮੀਤ ਸਿੰਘ, ਕੈਪਟਨ ਗੁਰਮੇਜ ਸਿੰਘ, ਕੈਪਟਨ ਚੰਨਣ ਸਿੰਘ, ਰਿਸਾਲਦਾਰ ਲਖਵਿੰਦਰ ਸਿੰਘ, ਗੁਰਮੀਤ ਸਿੰਘ, ਬਿੱਕਰ ਸਿੰਘ, ਬਲਦੇਵ ਸਿੰਘ, ਹਰਦੀਪ ਸਿੰਘ, ਸਾਹਿਬ ਸਿੰਘ, ਬਲਵੰਤ ਸਿੰਘ, ਸੁਖਦੇਵ ਸਿੰਘ, ਅਰਜੁਨ ਸਿੰਘ, ਦਫੇਦਾਰ ਬਲਵਿੰਦਰ ਸਿੰਘ, ਦਇਆ ਸਿੰਘ, ਲਖਵਿੰਦਰ ਸਿੰਘ, ਅਵਤਾਰ ਸਿੰਘ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ, ਜਗਦੀਪ ਸਿੰਘ, ਬੇਅੰਤ ਸਿੰਘ, ਨੱਥੂ ਸਿੰਘ, ਜੋਗਿੰਦਰ ਸਿੰਘ, ਸਵਰਨ ਸਿੰਘ, ਹਰਵਿੰਦਰ ਸਿੰਘ, ਜਗੀਰ ਸਿੰਘ ਤੋਂ ਇਲਾਵਾ ਬਹੁਤ ਸਾਰੇ ਰਿਟਾਇਰਡ ਫੌਜੀਆਂ ਤੇ ਵਿਧਵਾਵਾਂ, ਵੀਰ ਨਾਰੀਆਂ ਨੇ ਹਿੱਸਾ ਲਿਆ ਅਤੇ ਆਪਣੀਆਂ ਪੈਨਸ਼ਨ ਸਬੰਧੀ ਅਤੇ ਹੋਰ ਪੈਨਸ਼ਰਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਜਾਣੂ ਕਰਵਾਇਆ। ਲੈਫਟੀਨੈਂਟ ਗੁਰਪ੍ਰੀਤ ਸਿੰਘ ਨੇ ਸਾਰਿਆਂ ਨਾਲ ਬੜੇ ਪਿਆਰ ਸਤਿਕਾਰ ਨਾਲ ਗੱਲਬਾਤ ਕੀਤੀ ਅਤੇ ਸਮੱਸਿਆਵਾਂ ਦਾ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ।ਪਿੰ. ਸੱਤਪਾਲ ਸਿੰਘ ਅਤੇ ਠਾਕੁਰਪਾਲ ਸਿੰਘ ਚੇਅਰਮੈਨ ਨੇ ਆਰਮਡ ਕੋਰ ਰਿਕਾਰਡ ਅਹਿਮਦਨਗਰ ਦੀ ਟੀਮ ਦਾ ਇਥੇ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਅੰਮ੍ਰਿਤਸਰ ਪੰਜਾਬ ਇੰਡੀਆ ਦਾ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨ ਕੀਤਾ।ਲੈਫਟੀਨੈਂਟ ਗੁਰਪ੍ਰੀਤ ਸਿੰਘ ਨੇ ਦਸਵੀਂ ਕਲਾਸ ਦੇ ਬੱਚਿਆਂ ਨੂੰ ਆਰਮੀ ਵਿੱਚ ਭਰਤੀ ਹੋਣ ਲਈ ਜਾਗਰੂਕ ਵੀ ਕੀਤਾ।

# ਪ੍ਰਕਾਸ਼ ਪੁਰਬ ਸੰਬੰਧੀ ਸਜਾਏ ਵਿਸ਼ਾਲ ਨਗਰ ਕੀਰਤਨ ਦਾ ਜਲੌਅ



ਕਲਾਨੌਰ, (ਮਨਦੀਪ ਕੋਹਲੀ)-ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਸਬਾ ਕਲਾਨੌਰ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ ਕਲਾਨੌਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਗਿਆ। ਇਹ ਵਿਸ਼ਾਲ ਨਗਰ ਕੀਰਤਨ ਕਲਾਨੌਰ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਸ਼ੁਰੂ ਹੋ ਕੇ ਨੈਸ਼ਨਲ ਹਾਈਵੇ 354, ਬੱਸ ਸਟੈਂਡ, ਸ਼ਿਵ ਮੰਦਿਰ ਰੋਡ, ਬਟਾਲਾ ਰੋਡ, ਤਹਿਸੀਲ ਕੰਪਲੈਕਸ, ਮੁਹੱਲਾ ਨਵਾਂ ਕੱਟੜਾ ਹੁੰਦਾ ਹੋਇਆ ਵਾਪਸ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਸੰਪੰਨ ਹੋਇਆ। ਇਸ ਨਗਰ ਕੀਰਤਨ ਦਾ ਕਲਾਨੌਰ ਵਿਖੇ ਥਾਂ ਥਾਂ ਤੇ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਤਰ੍ਹਾਂ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੀਰਵਾਦ ਲਿਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਪਰਮਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਰਸ-ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

# ਵਿਕਸਿਤ ਭਾਰਤ ਸੰਕਲਪ ਯਾਤਰਾ ਮਜੀਠਾ ਹਲਕੇ ਦੇ ਪਿੰਡਾਂ 'ਚ ਪੁੱਜੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਰਾਜੇਸ਼ ਡੈਨੀ, ਖੁਸ਼ਬੂ ਸ਼ਰਮਾ)**- ਮਜੀਠਾ ਹਲਕਾ ਅਧੀਨ ਪੈਂਦੇ ਪਿੰਡਾਂ ਭੰਗਾਲੀ ਕਲਾਂ ਅਤੇ ਪੰਧੇਰ ਵਿਖੇ ਨਰਿੰਦਰ ਮੋਦੀ ਦੁਆਰਾ ਹਰੀ ਝੰਡੀ ਦੇ ਕੇ ਰਵਾਨਾ ਕੀਤੀ ਗਈ 'ਵਿਕਸਿਤ ਭਾਰਤ ਸੰਕਲਪ ਯਾਤਰਾ' ਦਾ ਪੁੱਜਣ 'ਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਇਸ ਯਾਤਰਾ ਦੀ ਅਗਵਾਈ ਕਰ ਰਹੇ ਭਾਜਪਾ ਦੇ ਕੌਮੀ ਖਜ਼ਾਨਚੀ ਅਤੇ ਰਾਜ ਸਭਾ ਮੈਂਬਰ ਨਰੇਸ਼ ਬਾਂਸਲ ਦੇ ਨਾਲ ਸੀਨੀਅਰ ਆਗੂ ਰਜਿੰਦਰ ਮੋਹਨ ਸਿੰਘ ਛੀਨਾ, ਭਾਜਪਾ ਪੰਜਾਬ ਅਤੇ ਵਿਕਸਿਤ ਭਾਰਤ ਸੰਕਲਪ ਯਾਤਰਾ ਦੇ ਇੰਚਾਰਜ ਸੂਰਜ ਭਾਰਦਵਾਜ ਅਤੇ ਅੰਮ੍ਰਿਤਸਰ ਦਿਹਾਤੀ ਦੇ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਸੁਸ਼ੀਲ ਦੇਵਗਨ ਵੀ ਮੌਜੂਦ ਸਨ, ਜਿਨਾਂ ਦਾ ਉਕਤ ਪਿੰਡਾਂ ਵਿੱਚ ਪੁੱਜਣ 'ਤੇ ਪਿੰਡ ਵਾਸੀਆਂ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਬਾਂਸਲ ਨੇ ਯਾਤਰਾ ਦੇ ਮਕਸਦ ਸਬੰਧੀ ਪਿੰਡ ਵਾਸੀਆਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਗਈਆਂ ਬੁਨਿਆਦੀ ਵਿਕਾਸ ਯੋਜਨਾਵਾਂ ਦਾ ਆਮ ਲੋਕਾਂ ਨੂੰ ਲਾਭ ਦੇਣਾ ਅਤੇ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸ਼ੁਰੂ ਕੀਤੀ ਗਈ ਯਾਤਰਾ ਦਾ ਸੰਕਲਪ ਲੋਕਾਂ ਦੇ ਘਰ ਘਰ ਤੱਕ ਸਰਕਾਰੀ ਸਕੀਮਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਛੀਨਾ ਨੇ ਕਿਹਾ ਕਿ ਯਾਤਰਾ ਦਾ ਅੱਜ ਭੰਗਾਲੀ ਕਲਾਂ ਅਤੇ ਪੰਧੇਰ ਵਿਖੇ ਪੁੱਜਣ ਮੌਕੇ ਪਿੰਡ ਵਾਸੀਆਂ 'ਚ ਭਾਰੀ ਉਤਸ਼ਾਹ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਹਰੇਕ ਯੋਜਨਾਵਾਂ ਉਚਿਤ ਅਤੇ ਸਹੀ ਢੰਗ ਨਾਲ ਲਾਭਪਾਤਰੀ ਅਤੇ ਪਛੜੇ ਵਰਗ ਦੇ ਲੋਕਾਂ ਤੱਕ ਪਹੁੰਚਾਉਣ ਅਤੇ ਜਾਣੂ ਕਰਵਾਉਣ ਦੇ ਮਕਸਦ ਤਹਿਤ ਸ਼ੁਰੂ ਕੀਤੀ ਉਕਤ ਯਾਤਰਾ ਸਬੰਧੀ ਭਾਜਪਾ ਦੇ ਪ੍ਰਦੀਪ ਸਿੰਘ ਭੁੱਲਰ, ਪਿੰਡ ਪੰਧੇਰ ਦੇ ਸਰਪੰਚ ਪਲਵਿੰਦਰ ਸਿੰਘ, ਪੰਚਾਂ ਅਤੇ ਪਿੰਡ ਵਾਸੀਆਂ ਨੇ ਸਵਾਗਤ ਕੀਤਾ ਅਤੇ ਇਸ ਦਾ ਮੌਕੇ 'ਤੇ ਲਾਭ ਵੀ ਉਠਾਇਆ। ਉਨ੍ਹਾ ਕਿਹਾ ਕਿ ਹੁਣ ਤੱਕ ਦੇਸ਼ ਦੇ ਕਰੋੜਾਂ ਪਰਿਵਾਰਾਂ ਨੇ ਡਿਜੀਟਲ ਪਲੇਟਫਾਰਮ ਦਾ ਲਾਭ ਲਿਆ ਹੈ, ਜਿਸ ਫਲਸਰੂਪ ਮੋਦੀ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਹਰੇਕ ਵਰਗ ਲਈ ਲਾਹੇਵੰਦ ਸਾਬਿਤ ਹੋ ਰਹੀਆਂ ਹਨ। ਜ਼ਿਕਰਯੋਗ ਹੈ ਕਿ 'ਹਮਾਰਾ ਸੰਕਲਪ ਵਿਕਸਿਤ ਭਾਰਤ' ਯਾਤਰਾ ਵੈਨ ਦੇ ਪੁੱਜਣ ਮੌਕੇ ਮੋਦੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਸਬੰਧ 'ਚ ਸਿਹਤ ਵਿਭਾਗ, ਡਾਕਖਾਨਾ, ਐਨ. ਐਫ਼. ਐਲ., ਖੇਤੀਬਾੜੀ ਵਿਭਾਗ, ਆਂਗਣਵਾੜੀ ਵਿਭਾਗ ਨੇ ਮੌਕੇ 'ਤੇ ਲੋਕਾਂ ਦੇ ਅਧਾਰ ਕਾਰਡ, ਆਯੂਸ਼ਮਾਨ ਕਾਰਡ, ਟੀ. ਬੀ. ਸਕ੍ਰੀਨਿੰਗ, ਸਿਹਤ ਸਬੰਧੀ ਟੈਸਟ ਅਤੇ ਆਂਗਣਵਾੜੀ ਵਰਕਰਾਂ ਵੱਲੋਂ ਰਜਿਸਟਰੇਸ਼ਨ ਕੀਤੀ ਗਈ ਅਤੇ ਸਹੂਲਤਾਂ ਪ੍ਰਾਪਤ ਕਰ ਰਹੇ ਲੋਕਾਂ ਨੂੰ ਰੂਬਰੂ ਕਰਵਾਇਆ ਗਿਆ। ਇਸ ਮੌਕੇ ਵਿਭਾਗਾਂ ਦੇ ਮੁਖੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਪ੍ਰਿਤਪਾਲ ਸਿੰਘ ਬੱਲ ਵੱਲੋਂ ਅਸੈਂਬਲੀ ਚੋਣ ਲੜਨ ਦਾ ਦਾਅਵਾ



**ਮਜੀਠਾ (ਸੋਇਮ ਆਨੰਦ)**-ਮਜੀਠਾ ਤੋਂ ਆਪ ਦੇ ਬਲਾਕ ਪ੍ਰਧਾਨ ਪ੍ਰਿਤਪਾਲ ਸਿੰਘ ਬੱਲ ਨੇ ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਅਪਣੀ ਦਾਅਵੇਦਾਰੀ ਪੇਸ਼ ਕਰਦਿਆਂ ਕਿਹਾ ਕਿ ਮਜੀਠਾ ਹਲਕੇ ਦੇ ਵੋਟਰ ਆਉਣ ਵਾਲੀ ਇਲੈਕਸ਼ਨ ਵਿਚ ਨਵਾਂ ਚਿਹਰਾ ਵੇਖਣਾ ਚਾਹੁੰਦੇ ਹਨ ਤੇ ਪਿਛਲੀ ਅਸੈਂਬਲੀ ਇਲੈਕਸ਼ਨ ਵਿਚ ਪੰਜਾਬ ਦੇ ਵੋਟਰਾਂ ਨੇ 92 ਨਵੇਂ ਚਿਹਰਿਆਂ ਨੂੰ ਜਿਤਾ ਕੇ ਪੰਜਾਬ ਅਸੈਂਬਲੀ ਵਿੱਚ ਮੁੱਖ ਮੰਤਰੀ ਭੰਗਵਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਬਣਾਈ ਸੀ।ਉਨ੍ਹਾਂ ਅੱਗੇ ਕਿਹਾ ਕਿ ਕੁੱਝ ਐੱਮਐੱਲਏ ਜਿੱਤਣ ਤੋਂ ਬਾਅਦ ਕਰਨੀ ਤੇ ਕਥਨੀ ਵਿੱਚ ਫਰਕ ਪਾਉਣ ਲੱਗ ਪੈਂਦੇ ਹਨ। ਆਮ ਲੋਕਾਂ ਵੱਲੋਂ ਇਨ੍ਹਾਂ ਲਈ ਦਰਵਾਜ਼ੇ ਬੰਦ ਹੋ ਜਾਂਦੇ ਹਨ ਤੇ ਲੋਕਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਜੇਕਰ ਹਾਈ ਕਮਾਨ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਮਜੀਠਾ ਹਲਕੇ ਤੋਂ ਮੈਨੂੰ ਸੀਟ ਦਿੰਦੀ ਹੈ ਤਾਂ ਮੈਂ ਦਾਅਵੇ ਨਾਲ ਮਜੀਠਾ ਹਲਕੇ ਦੀ ਸੀਟ ਜਿੱਤ ਕੇ ਹਾਈ ਕਮਾਨ ਦੀ ਝੋਲੀ ਵਿੱਚ ਪਾਵਾਂਗਾ ਤੇ ਹਲਕੇ ਦੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਵਾਂਗਾ।

# ਐਕਸ/ਟਵਿੱਟਰ ਨੇ ਸ਼੍ਰੋਮਣੀ ਕਮੇਟੀ ਦੇ ਨਾਂਅ 'ਤੇ ਚੱਲ ਰਿਹਾ ਫ਼ਰਜ਼ੀ ਖਾਤਾ ਕੀਤਾ ਬੰਦ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ/ਟਵਿੱਟਰ ਨੂੰ ਭੇਜੇ ਕਾਨੂੰਨੀ ਨੋਟਿਸ ਮਗਰੋਂ ਕੰਪਨੀ ਵੱਲੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਨਾਂਅ 'ਤੇ ਬਣਾਏ ਗਏ ਇਕ ਫ਼ਰਜ਼ੀ/ਪੈਰੋਡੀ ਖਾਤੇ ਨੂੰ ਬੰਦ ਕਰ ਦਿੱਤਾ ਹੈ।

ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਅਤੇ ਬੁਲਾਰੇ ਹਰਜਭਨ ਸਿੰਘ ਵਕਤਾ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ 'ਤੇ ਇਸ ਪੈਰੋਡੀ ਖਾਤੇ ਰਾਹੀਂ ਐਕਸ/ਟਵਿੱਟਰ 'ਤੇ ਸਿੱਖ ਸੰਸਥਾ ਅਤੇ ਸਿੱਖ ਕੌਮ ਵਿਰੁੱਧ ਨਫ਼ਰਤੀ ਪ੍ਰਚਾਰ ਕੀਤਾ ਜਾ ਰਿਹਾ ਸੀ, ਜਿਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਸੀ। ਮੁੱਢਲੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਰਾਹੀਂ ਭੇਜੇ ਗਏ ਕਾਨੂੰਨੀ ਨੋਟਿਸ ਮਗਰੋਂ ਬੀਤੇ ਕੱਲ੍ਹ ਐਕਸ ਵੱਲੋਂ ਇਹ ਫ਼ਰਜ਼ੀ ਖਾਤਾ ਬੰਦ ਕਰਨ ਦੀ ਜਾਣਕਾਰੀ ਬਾਰੇ ਇਕ ਈਮੇਲ ਪ੍ਰਾਪਤ ਹੋਈ ਹੈ। ਹਾਲਾਂਕਿ ਐਕਸ/ਟਵਿੱਟਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਨਾਂਅ 'ਤੇ ਫ਼ਰਜ਼ੀ/ਪੈਰੋਡੀ ਖਾਤਾ ਬੰਦ ਕਰ ਦਿੱਤਾ ਗਿਆ ਹੈ, ਪਰ ਇਸ ਨੂੰ ਚਲਾਉਣ ਵਾਲੇ ਸ਼ਰਾਰਤੀ ਅਨਸਰਾਂ ਦਾ ਪਤਾ ਲਗਾਉਣ ਬਾਰੇ ਵੀ ਕਾਰਵਾਈ ਜਾਰੀ ਰੱਖੀ ਜਾਵੇਗੀ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਰਦੇਸ਼ਾਂ ਅਨੁਸਾਰ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਅਗਲੀ ਕਾਰਵਾਈ ਕਰਨਗੇ।

# ਸੋਨੋਲੋਜਿਸਟ/ਰੇਡੀਓਲੋਜਿਸਟ ਦੀ ਜ਼ਰੂਰੀ ਮੀਟਿੰਗ ਹੋਈ



ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਅਤੇ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਸਿਵਲ ਸਰਜਨ ਦਫਤਰ ਵਿਖੇ ਜ਼ਿਲੇ ਦੇ ਸਮੂਹ ਸੋਨੋਲੋਜਿਸਟ ਅਤੇ ਰੇਡੀਓਲੋਜਿਸਟ ਦੀ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਨਵੀਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ ਗਿਆ। ਸਮੂਹ ਸੋਨੋਲੋਜਿਸਟ ਅਤੇ ਰੇਡੀਓਲੋਜਿਸਟ ਨੂੰ ਸਿਵਲ ਸਰਜਨ ਵੱਲੋਂ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਵੈੱਬਸਾਈਟ ਤੋਂ ਫੋਰਮ ਡਾਊਨਲੋਡ ਕਰਕੇ ਸਿਵਲ ਸਰਜਨ ਦਫਤਰ ਵਿਖੇ ਜਲਦ ਤੋਂ ਜਲਦ ਜਮ੍ਹਾ ਕਰਵਾਏ ਜਾਣ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ, ਡੀ. ਡੀ. ਐੱਚ. ਓ. ਲੋਕੇਸ਼, ਡੀ. ਆਈ. ਓ. ਡਾ. ਅਰਵਿੰਦ ਮਨਚੰਦਾ, ਡੀ. ਟੀ. ਓ. ਡਾ. ਰਮੇਸ਼ ਅੱਤਰੀ ਮੌਜੂਦ ਸਨ।

# ਪਿੰਡ ਸੱਲੋਪੁਰ 'ਚ ਅਬਾਦ ਕੈਂਪ ਦੌਰਾਨ 158 ਤੋਂ ਵੱਧ ਵਿਅਕਤੀਆਂ ਨੇ ਲਾਭ ਉਠਾਇਆ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)** - ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਬਲਾਕ ਕਾਹਨੂੰਵਾਨ ਦੇ ਪਿੰਡ ਸੱਲੋਪੁਰ ਵਿਖੇ ਮਿਸ਼ਨ 'ਅਬਾਦ' ਤਹਿਤ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ 'ਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਅੱਜ ਦੇ ਅਬਾਦ ਕੈਂਪ ਵਿੱਚ ਪਿੰਡ ਸੱਲੋਪੁਰ ਤੋਂ ਇਲਾਵਾ ਕੋਟਲਾ ਗੁੱਜਰਾਂ, ਕੋਟਲੀ ਹਰਚੰਦਾਂ, ਘੁਕਲਾ ਅਤੇ ਲਾਧੂਪੁਰ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਆਪਣੇ ਵਿਭਾਗ ਨਾਲ ਸਬੰਧਤ ਸੇਵਾਵਾਂ ਯੋਗ ਲਾਭਪਾਤਰੀਆਂ ਨੂੰ ਦਿੱਤੀਆਂ ਗਈਆਂ। ਇਸ ਦੌਰਾਨ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਜਿਸ ਵਿੱਚ ਮਰੀਜ਼ਾਂ ਦੀ ਮੁੱਢਲੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ। ਅਬਾਦ ਕੈਂਪ ਦੌਰਾਨ 158 ਤੋਂ ਵੱਧ ਵਿਅਕਤੀਆਂ ਨੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲਿਆ। ਇਸ ਮੌਕੇ ਪਿੰਡ ਸੱਲੋਪੁਰ ਦੇ ਵਸਨੀਕਾਂ ਵੱਲੋਂ ਪਿੰਡ ਵਿੱਚ ਖੇਡ ਸਟੇਡੀਅਮ, ਨਹਿਰ ਉੱਪਰ ਪੁਲ ਬਣਾਉਣ, ਪਿੰਡ ਸੱਲੋਪੁਰ ਨੂੰ ਬੱਸ ਸਰਵਿਸ ਸ਼ੁਰੂ ਕਰਨ ਸਮੇਤ ਪਿੰਡ ਦੇ ਵਿਕਾਸ ਦੀਆਂ ਮੰਗਾਂ ਵੀ ਰੱਖੀਆਂ। ਅਬਾਦ ਕੈਂਪ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹਰ ਸਮੇਂ ਜਨਤਾ ਦੀ ਸੇਵਾ ਵਿੱਚ ਹਾਜ਼ਰ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਬਾਦ ਕੈਂਪਾਂ ਅਤੇ ਜਨ-ਸੁਣਵਾਈ ਕੈਂਪਾਂ ਜ਼ਰੀਏ ਪਿੰਡਾਂ ਤੇ ਸ਼ਹਿਰਾਂ ਵਿੱਚ ਪਹੁੰਚ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਦੇ ਨਾਲ ਸਾਰੇ ਯੋਗ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਿਸ਼ਨ ਅਬਾਦ ਤਹਿਤ ਜਨ-ਸੁਣਵਾਈ ਕੈਂਪ ਲਗਾ ਕੇ ਜ਼ਿਲ੍ਹੇ ਦੇ ਸਾਰੇ ਪਿੰਡ ਕਵਰ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪਿੰਡ ਸੱਲੋਪੁਰ ਵਿਖੇ ਚਾਰ ਏਕੜ ਵਿੱਚ 400 ਮੀਟਰ ਦੇ ਟਰੈਕ ਵਾਲਾ ਸਟੇਡੀਅਮ ਬਣਾ ਕੇ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਜਦੋਂ ਹੀ ਇਸ ਸਬੰਧੀ ਪੰਚਾਇਤ ਵੱਲੋਂ ਮਤਾ ਆ ਜਾਵੇਗਾ ਓਸੇ ਸਮੇਂ ਸਟੇਡੀਅਮ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾ ਕਿਹਾ ਕਿ ਨਹਿਰ ਉੱਪਰ ਪੁੱਲ ਬਣਾਉਣ ਲਈ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇਗੀ ਅਤੇ ਇਸ ਸਬੰਧੀ ਐਸਟੀਮੇਟ ਬਣਾ ਕੇ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ। ਉਨ੍ਹਾਂ ਪਿੰਡ ਸੱਲੋਪੁਰ ਨੂੰ ਬੱਸ ਸਰਵਿਸ ਸ਼ੁਰੂ ਕਰਨ ਲਈ ਟਰਾਂਸਪੋਰਟ ਵਿਭਾਗ ਨੂੰ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸੱਲੋਪੁਰ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਐੱਸ.ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਮਾਰਕਿਟ ਕਮੇਟੀ ਕਾਦੀਆਂ ਦੇ ਚੇਅਰਮੈਨ ਮੋਹਨ ਸਿੰਘ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਬੀ.ਡੀ.ਪੀ.ਓ. ਕੁਲਵੰਤ ਸਿੰਘ, ਡੀ.ਡੀ.ਪੀ.ਓ. ਸਤੀਸ਼ ਕੁਮਾਰ, ਸੀ.ਡੀ.ਪੀ.ਓ. ਮਧੂ ਬਾਲਾ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ ਘੁੰਮਣ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ, ਚਾਂਦ ਠਾਕੁਰ, ਪ੍ਰਿੰਸੀਪਲ ਆਈ.ਟੀ.ਆਈ ਗੁਰਦਾਸਪੁਰ ਸੰਦੀਪ ਸਿੰਘ, ਪ੍ਰਿੰਸੀਪਲ ਦਵਿੰਦਰ ਰਾਣਾ, ਪਿੰਡ ਦੇ ਨੌਜਵਾਨ ਕੌਂਸ਼ਿਲ ਸਿੰਘ, ਸਰਪੰਚ ਗੁਰਪ੍ਰੀਤ ਸਿੰਘ, ਦੀਦਾਰ ਸਿੰਘ ਕੀਰਤੀ, ਸੁਰਜੀਤ ਸਿੰਘ, ਦਵਿੰਦਰ ਸਿੰਘ, ਗੁਰਦਿਆਲ ਸਿੰਘ, ਦਰਸ਼ਨ ਸਿੰਘ, ਸੰਤੋਖ ਸਿੰਘ, ਧਰਮ ਮਸੀਹ, ਸੌਦਾਗਰ ਮਸੀਹ ਤੋਂ ਇਲਾਵਾ ਹੋਰ ਮੋਹਤਬਰ ਵੀ ਹਾਜ਼ਰ ਸਨ।

# ਦਿੱਲੀ ਮੋਰਚੇ ਦੀਆਂ ਤਿਆਰੀਆਂ ਸੰਬੰਧੀ ਜਲਾਲਾਬਾਦ 'ਚ ਕਨਵੈਨਸ਼ਨ ਅੱਜ : ਮੀਆਂਵਿੰਡ/ਖੋਜਕੀਪੁਰ



**ਮੀਆਂਵਿੰਡ (ਰਵੀ ਖਹਿਰਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਦੋ ਫੋਰਮਾਂ ਵੱਲੋਂ ਦਿੱਲੀ ਸਾਂਝੇ ਮੋਰਚੇ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਅੱਜ ਪਿੰਡ ਜਲਾਲਾਬਾਦ ਵਿਖੇ ਕੀਤੀ ਜਾ ਰਹੀ ਕਨਵੈਨਸ਼ਨ ਸਬੰਧੀ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਅਤੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਅਗਵਾਈ ਹੇਠ ਪਿੰਡਾਂ ਵਿੱਚ ਮਾਰਚ ਕੱਢਿਆ ਗਿਆ ਅਤੇ ਲੋਕਾਂ ਨੂੰ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿਚ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਉੱਤਰ ਭਾਰਤ ਦੀਆ 18 ਜਥੇਬੰਦੀਆਂ ਵੱਲੋਂ ਤੇ ਗੈਰ-ਰਾਜਨੀਤਕ ਸੰਯੁਕਤ ਮੋਰਚੇ ਦੀ ਕਾਲ 'ਤੇ 13 ਫ਼ਰਵਰੀ ਨੂੰ ਫਿਰ ਤੋਂ ਦਿੱਲੀ ਮੋਰਚੇ ਦਾ ਬਿਗਲ ਵੱਜ ਗਿਆ ਜਿਸ ਵਿਚ ਭਾਰਤ ਦੇ ਕਿਸਾਨਾਂ/ਮਜ਼ਦੂਰਾਂ ਤੇ ਆਮ ਵਰਗ ਦੀਆਂ ਮੰਗਾਂ ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ 23 ਫਸਲਾਂ 'ਤੇ ਐੱਮਐੱਸਪੀ ਗਾਰੰਟੀ ਕਨੂੰਨ ਮੋਦੀ ਸਰਕਾਰ ਨੇ ਮੰਨ ਕੇ ਵਾਅਦਾ-ਖਿਲਾਫੀ, ਲਖੀਮਪੁਰ ਖੀਰੀ ਕਤਲ ਕਾਂਡ ਦੋਸ਼ੀ ਜੇਲੋਂ ਬਾਹਰ ਘੁੰਮਣ ਬੇ ਖੌਫ ਅਤੇ ਕਿਸਾਨਾਂ ਨੂੰ ਖੇਤੀ ਤੋਂ ਦੂਰ ਕਰਨ ਵਾਸਤੇ ਨਵੇਂ ਕਾਨੂੰਨਾਂ ਦਾ ਲਿਆਉਣਾ ਆਦਿ।ਕਿਸਾਨਾਂ/ਮਜ਼ਦੂਰਾਂ ਦੀ ਕਰਜ਼ਾ ਮੁਆਫੀ, ਫਸਲੀ ਬੀਮਾ ਯੋਜਨਾ, 2020 ਬਿਜਲੀ ਸੋਧ ਬਿੱਲ ਰੱਦ ਕਰਵਾਉਣ ਸਮੇਤ ਹੋਰ ਵੀ ਕਈ ਅਹਿਮ ਮੰਗਾਂ ਮੰਨਵਾਉਣ ਨੂੰ ਲੈ ਕੇ ਹੋਣ ਜਾ ਰਹੇ ਅੰਦੋਲਨ ਵਿੱਚ ਵੱਧ-ਚੜ੍ਹ ਕੇ ਸਾਥ ਦੇਣ ਦੀ ਅਪੀਲ ਕੀਤੀ ਅਤੇ ਜਲਾਲਾਬਾਦ ਦਾਣਾ ਮੰਡੀ ਵਿਖੇ 18 ਤਰੀਕ ਨੂੰ ਠੀਕ ਗਿਆਰਾਂ ਵਜੇ ਵੱਧ ਤੋਂ ਵੱਧ ਕਿਸਾਨਾਂ/ਮਜ਼ਦੂਰਾਂ ਅਤੇ ਬੀਬੀਆਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ, ਸਾਹਿਬ ਸਿੰਘ ਨਰੋਤਮਪੁਰ, ਬਲਬੀਰ ਸਿੰਘ ਰਾਮਪੁਰ, ਪ੍ਰਭਜੋਤ ਸਿੰਘ ਜਲਾਲਾਬਾਦ, ਵਿਰਸਾ ਸਿੰਘ ਜਲਾਲਾਬਾਦ, ਕੁਲਵਿੰਦਰ ਸਿੰਘ ਜਲਾਲਾਬਾਦ, ਗਿਆਨੀ ਗੁਰਚਰਨ ਸਿੰਘ ਜਲਾਲਾਬਾਦ, ਸਕੱਤਰ ਸਿੰਘ ਜਲਾਲਾਬਾਦ, ਬਲਜੀਤ ਸਿੰਘ ਘੱਗੇ, ਅਮਰੀਕ ਸਿੰਘ ਘੱਗੇ, ਗੁਰਪ੍ਰੀਤ ਸਿੰਘ ਘੱਗੇ, ਲਵਜੀਤ ਸਿੰਘ ਖੋਜਕੀਪੁਰ, ਜਸਵਿੰਦਰ ਸਿੰਘ ਖੋਜਕੀਪੁਰ, ਤਜਿੰਦਰ ਸਿੰਘ ਬਹਾਦਰਪੁਰ, ਜਸਬੀਰ ਸਿੰਘ ਉਪਲ, ਬਿੱਕਰ ਸਿੰਘ ਲਿੱਧੜ, ਸਰਵਣ ਸਿੰਘ ਲਿੱਧੜ, ਫੌਜੀ ਰਣਜੀਤ ਸਿੰਘ ਲਿੱਧੜ, ਅਮਨਦੀਪ ਸਿੰਘ ਭਲੋਜਲਾ, ਮਨਪ੍ਰੀਤ ਸਿੰਘ ਭਲੋਜਲਾ, ਜੈਕਾਰ ਸਿੰਘ ਗਗੜੇਵਾਲ, ਗੁਰਦੀਪ ਸਿੰਘ ਗਗੜੇਵਾਲ, ਮੇਜਰ ਸਿੰਘ ਕੋਟ ਮਹਿਤਾਬ, ਮਨਪ੍ਰੀਤ ਸਿੰਘ ਭਲਾਈਪੁਰ ਆਦਿ ਆਗੂ ਹਾਜ਼ਰ ਸਨ।

ਨਵਾਂ ਜ਼ਮਾਨਾ
ਵੀਰਵਾਰ, 18 ਜਨਵਰੀ 2024

# ਸੰਵਿਧਾਨਕ ਅਨੈਤਿਕਤਾ

*ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਮਦਨ ਬੀ ਲੋਕੁਰ ਨੇ ਬੀਤੇ ਦਿਨੀਂ ਭੋਪਾਲ ਸਾਹਿਤ ਤੇ ਕਲਾ ਮਹਾਂਉਤਸਵ-2024 ਵਿਚ 'ਸੰਵਿਧਾਨਕ ਨੈਤਿਕਤਾ' ਵਿਸ਼ੇ 'ਤੇ ਬੋਲਦਿਆਂ ਕਿਹਾ—ਸਰਕਾਰ ਜੱਜਾਂ ਦੀਆਂ ਨਿਯੁਕਤੀਆਂ ਬਾਰੇ ਸੁਪਰੀਮ ਕੋਰਟ ਦੇ ਕਾਲੇਜੀਅਮ ਦੀਆਂ ਸਿਫਾਰਸ਼ਾਂ 'ਤੇ ਬੈਠੀ ਹੈ, ਰਾਜਪਾਲ ਅਸੰਬਲੀਆਂ ਵੱਲੋਂ ਪਾਸ ਬਿੱਲਾਂ 'ਤੇ ਬੈਠੇ ਹਨ ਤੇ ਸਪੀਕਰ ਦਲਬਦਲ ਵਿਰੋਧੀ ਕਾਨੂੰਨ ਤਹਿਤ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਬੈਠੇ ਹਨ, ਇਹ ਸਭ ਸੰਵਿਧਾਨਕ ਅਨੈਤਿਕਤਾ ਦੀਆਂ ਮਿਸਾਲਾਂ ਹਨ।*

*ਜਸਟਿਸ ਲੋਕੁਰ ਨੇ ਕਿਹਾ ਕਿ ਇਹ ਸੱਚ ਹੈ ਕਿ ਸੰਵਿਧਾਨ ਸਰਕਾਰ, ਰਾਜਪਾਲਾਂ ਜਾਂ ਸਪੀਕਰਾਂ ਨੂੰ ਫੈਸਲੇ ਲੈਣ ਲਈ ਸਮੇਂ ਦਾ ਪਾਬੰਦ ਨਹੀਂ ਕਰਦਾ, ਪਰ ਕਈ ਚੀਜ਼ਾਂ ਪਰੰਪਰਾਵਾਂ ਰਾਹੀਂ ਸ਼ਾਸਤ ਹੁੰਦੀਆਂ ਹਨ ਤੇ ਹੋਣੀਆਂ ਚਾਹੀਦੀਆਂ ਹਨ। ਸਰਕਾਰ ਵੱਲੋਂ ਕਿਸੇ ਵਿਅਕਤੀ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਇਸ ਕਰਕੇ ਨਿਯੁਕਤੀ ਨਾ ਕਰਨਾ ਕਿ ਉਸ ਨੂੰ ਸਮਲਿੰਗੀ ਮੰਨਿਆ ਜਾਂਦਾ ਹੈ ਜਾਂ ਕਈ ਜੱਜਾਂ ਦੀਆਂ ਨਿਯੁਕਤੀਆਂ ਬਾਰੇ ਮਹੀਨਿਆਂ ਤੱਕ ਫੈਸਲਾ ਲਟਕਾਈ ਰੱਖਣਾ ਸਪੱਸ਼ਟ ਤੌਰ 'ਤੇ ਅਸੰਵਿਧਾਨਕ ਨਹੀਂ ਹੈ, ਸੰਵਿਧਾਨਕ ਨੈਤਿਕਤਾ ਦੇ ਖਿਲਾਫ ਹੈ। ਰਾਜਪਾਲਾਂ ਵੱਲੋਂ ਕਿਸੇ ਬਿੱਲ 'ਤੇ ਸਹਿਮਤੀ ਨਾ ਦੇਣਾ, ਨਾ ਹੀ ਉਸ ਨੂੰ ਰਾਸ਼ਟਰਪਤੀ ਦੀ ਸਹਿਮਤੀ ਲਈ ਭੇਜਣਾ ਅਤੇ ਨਾ ਹੀ ਨਜ਼ਰਸਾਨੀ ਲਈ ਅਸੰਬਲੀ ਨੂੰ ਵਾਪਸ ਕਰਨਾ ਵੀ ਸੰਵਿਧਾਨਕ ਨੈਤਿਕਤਾ ਦੇ ਖਿਲਾਫ ਹੈ। ਜਸਟਿਸ ਲੋਕੁਰ ਨੇ ਸਵਾਲਾਂ-ਜਵਾਬਾਂ ਦੌਰਾਨ ਕਿਹਾ ਕਿ ਜੇ ਮੈਂ ਮਾਮਲਾ ਦਰਜ ਕਰਦਾ ਹਾਂ ਤੇ ਮੇਰੇ ਪੋਤੇ-ਪੋਤੀਆਂ ਨੂੰ ਇਨਸਾਫ ਮਿਲਦਾ ਹੈ ਤਾਂ ਇਹ ਨਿਆਂ ਪ੍ਰਣਾਲੀ ਲਈ ਘਾਤਕ ਹੈ।*

*ਮਾਸਟਰ ਆਫ ਰੋਸਟਰ (ਚੀਫ ਜਸਟਿਸ) ਦੇ ਸੰਬੰਧ ਵਿਚ ਜਸਟਿਸ ਲੋਕੁਰ ਨੇ ਕਿਹਾ ਕਿ ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ, ਜਦ ਇਹ ਧਾਰਨਾ ਬਣਦੀ ਹੈ ਕਿ ਚੀਫ ਜਸਟਿਸ ਅਹਿਮ ਜਾਂ ਸੰਵੇਦਨਸ਼ੀਲ ਮਾਮਲਿਆਂ ਨੂੰ ਨਿਸ਼ਚਿਤ ਜੱਜ ਜਾਂ ਕੁਝ ਜੱਜਾਂ ਦੀ ਬੈਂਚ ਨੂੰ ਅਲਾਟ ਕਰਦੇ ਹਨ। ਜੇ ਸਾਰੇ ਜੱਜ ਬਰਾਬਰ ਹਨ ਤਾਂ ਕੁਝ ਕਿਸਮ ਦੇ ਮਾਮਲੇ ਕਿਸੇ ਵਿਸ਼ੇਸ਼ ਜੱਜ ਕੋਲ ਕਿਉਂ ਜਾਣ? ਜਸਟਿਸ ਲੋਕੁਰ ਸੁਪਰੀਮ ਕੋਰਟ ਦੇ ਉਨ੍ਹਾਂ ਚਾਰ ਜੱਜਾਂ ਵਿੱਚ ਇਕ ਸਨ, ਜਿਨ੍ਹਾਂ ਮਾਸਟਰ ਆਫ ਰੋਸਟਰ ਵਿਵਾਦ 'ਤੇ 2018 ਵਿਚ ਪ੍ਰੈੱਸ ਕਾਨਫਰੰਸ ਕੀਤੀ ਸੀ।*

*ਫੌਰੀ ਇਨਸਾਫ ਬਾਰੇ ਜਸਟਿਸ ਲੋਕੁਰ ਨੇ ਕਿਹਾ ਕਿ ਜਦ ਸਰਕਾਰਾਂ ਫਰਜ਼ੀ ਮੁਕਾਬਲਿਆਂ ਦੇ ਰੂਪ ਵਿਚ ਫੌਰੀ ਇਨਸਾਫ ਦੇਣਾ ਸ਼ੁਰੂ ਕਰ ਦੇਣ ਤਾਂ ਸਮੱਸਿਆ ਪੈਦਾ ਹੁੰਦੀ ਹੈ। ਬੁਲਡੋਜ਼ਰ ਇਨਸਾਫ ਵੀ ਚੰਗਾ ਨਹੀਂ। ਕਾਨੂੰਨ ਦਾ ਸ਼ਾਸਨ ਇਸ ਦੀ ਆਗਿਆ ਨਹੀਂ ਦਿੰਦਾ। ਜਸਟਿਸ ਲੋਕੁਰ ਉਨ੍ਹਾਂ ਸ਼ਖ਼ਸੀਅਤਾਂ ਵਿਚ ਆਉਂਦੇ ਹਨ ਜਿਨ੍ਹਾਂ ਜੱਜ ਵਜੋਂ ਵੀ ਆਪਣੀ ਜ਼ਿੰਮੇਦਾਰੀ ਨਿਰਪੱਖਤਾ ਨਾਲ, ਨਿਭਾਈ ਤੇ ਰਿਟਾਇਰ ਹੋਣ ਤੋਂ ਬਾਅਦ ਵੀ ਉਹ ਗਲਤ ਨੂੰ ਗਲਤ ਕਹਿਣ ਤੋਂ ਯਰਕਦੇ ਨਹੀਂ।*

# ਧਰਮ ਨਿਰਪੱਖਤਾ 'ਤੇ ਚਰਚਾ ਕਿਉਂ ਨਹੀਂ ?


ਸੁੱਚਾ ਸਿੰਘ ਖੱਟੜਾ

ਮੋਦੀ ਜੀ ਦਾ ਧੰਨਵਾਦ, ਉਸ ਦੇ ਇਸ ਤਰ੍ਹਾਂ ਰਾਮ ਮੰਦਰ ਦੇ ਨਾਂਅ ਉਤੇ ਦੇਸ਼ ਦੀ ਜਨਤਾ ਦੇ ਵੱਡੇ ਹਿੱਸੇ ਨੂੰ ਅਜਿਹਾ ਖੁਮਾਰ ਚੜ੍ਹਾਅ ਦਿੱਤਾ ਕਿ ਬੇਰੁਜ਼ਗਾਰੀ, ਮਹਿਗਾਈ, ਔਰਤਾਂ ਦੀ ਇਜ਼ਤ-ਮਾਣ, ਸੰਵਿਧਾਨ 'ਤੇ ਸੰਕਟ ਆਦਿ ਸਭ ਮੁੱਦਿਆਂ ਦੀ ਪੀੜ ਭੁਲਾ ਕੇ ਲੋਕਾਂ ਨੂੰ ਸਾਬਤ ਕਰਕੇ ਦਿਖਾ ਦਿੱਤਾ ਕਿ ਕਾਰਲ ਮਾਰਕਸ ਦੀ ਧਰਮ 'ਤੇ ਟਿਪਣੀ ਸਹੀ ਸੀ। ਕਾਰਲ ਮਾਰਕਸ ਦੀ ਟਿੱਪਣੀ ਹਾਜ਼ਰ ਹੈ।

'ਧਰਮ ਦਬਾਏ ਜਾਂਦੇ ਪ੍ਰਾਣੀ ਦਾ ਹਉਕਾ ਹੈ। ਨਿਰਦਈ ਦੁਨੀਆ ਦਾ ਹਿਰਦਾ ਹੈ। ਨਿਰਦਈ ਹਾਲਤਾਂ ਵਿੱਚ ਰੂਹ ਹੈ। ਧਰਮ ਲੋਕਾਂ ਲਈ ਅਫੀਮ ਹੈ।' ਮੋਦੀ ਨੇ ਮਾਨੋ ਦੇਸ਼ ਦੀ ਵੱਡੀ ਆਬਾਦੀ ਨੂੰ ਧਰਮ ਦੀ ਕਾਰਲ ਮਾਰਕਸ ਵਾਲੀ ਗੋਲੀ ਖਵਾ ਦਿੱਤੀ ਹੈ।

ਭਾਜਪਾ, ਆਰ ਐੱਸ ਐੱਸ ਇਨ੍ਹਾਂ ਵੱਲੋਂ ਦੇਸ਼, ਅਤੇ ਸਮਾਜ ਦੇ ਵੱਖ-ਵੱਖ ਹਿੱਸਿਆਂ 'ਤੇ ਕੰਮ ਕਰਦੇ ਸੰਗਠਨ, ਮੀਡੀਆ, ਅਤੇ ਸਿਆਸਤ ਵਿੱਚ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵਿੱਚੋਂ ਕੁਝ ਨੂੰ, ਹਿੰਦੂ ਸਾਧਾਂ, ਧਾਰਮਿਕ ਸੰਗਠਨ, ਦੇਹਧਾਰੀ ਰਾਮ ਦੇ ਉਪਾਸ਼ਕ ਅਤੇ ਇਨ੍ਹਾ ਰਾਹੀਂ ਪ੍ਰਭਾਵਤ ਆਮ ਨਾਗਰਿਕ ਸਭ ਦੇ ਦਿਮਾਗਾਂ ਅੰਦਰ ਅਯੁੱਧਿਆ ਵਿੱਚ ਰਾਮ ਲੱਲਾ ਦੀ ਮੂਰਤੀ ਅਤੇ ਅਯੁੱਧਿਆ ਮੰਦਰ ਦਾ ਉਦਘਾਟਨ ਹੀ ਇੱਕ ਮੁੱਦਾ ਹੈ। ਕਿੰਨੀ ਹਾਸੋਹੀਣੀ ਅਵਸਥਾ ਹੈ ਕਿ ਰਾਮ ਮੰਦਰ ਉਦਘਾਟਨ ਵਿੱਚ ਜਾਣਾ ਨਾ ਜਾਣਾ ਹੀ ਮੁੱਦਾ ਬਣ ਗਿਆ ਹੈ। ਜਿਵੇਂ ਰਾਮ ਦੇ ਦਰਸ਼ਨ 22 ਜਨਵਰੀ ਤੋਂ ਬਾਅਦ ਹੋਣੇ ਹੀ ਨਾ ਹੋਣ। ਜਿਹੜੇ ਲੋਕ ਇਸ ਨੂੰ ਧਾਰਮਿਕ ਮੁੱਦਾ ਮੰਨਦੇ ਹਨ ਅਤੇ ਜਿਹੜੇ ਇਸ ਨੂੰ ਰਾਜਨੀਤਕ ਮੁੱਦਾ ਮੰਨਦੇ ਹਨ, ਉਨ੍ਹਾ ਲਈ ਇਹ ਆਰਟੀਕਲ ਹੈ।

ਧਰਮ ਨਿਰਪੱਖ ਰਾਜਨੀਤੀ ਵਿਗਿਆਨ ਵਿੱਚ ਬਹੁਤਾ ਪੁਰਾਣਾ ਵਿਸ਼ਾ ਨਹੀਂ ਹੈ। ਰਾਜਿਆਂ ਦੇ ਯੁੱਗ ਵਿੱਚ ਧਰਮ ਨੂੰ ਰਾਜਿਆਂ ਨੇ ਰਾਜ ਦੀ ਸੇਵਾ ਵਿੱਚ ਭੁਗਤਾਇਆ, ਕਿਉਂਕਿ ਇਹ ਪ੍ਰਥਾ ਕਈ ਵਿਗਾੜ ਪੈਦਾ ਕਰਦੀ ਸੀ, ਇਸ ਲਈ ਰਾਜਿਆਂ ਦੇ ਯੁੱਗ ਤੋਂ ਵੱਖ-ਵੱਖ ਵੰਨਗੀਆਂ ਦੇ ਲੋਕਤੰਤਰ ਹੋਂਦ ਵਿੱਚ ਆਉਣ 'ਤੇ ਧਰਮ ਨੂੰ ਰਾਜ ਤੋਂ ਅਲੱਗ ਕਰਨ ਦਾ ਵਿਚਾਰ ਪੈਦਾ ਹੋਇਆ। ਪੱਛਮੀ ਦੇਸ਼ ਜਿੱਥੇ ਲੋਕਤੰਤਰ ਪ੍ਰਣਾਲੀਆਂ ਵਿਕਸਤ ਹੋਈਆਂ, ਉੱਥੇ ਸਭ ਤੋਂ ਪਹਿਲਾ ਧਰਮ ਨੂੰ ਰਾਜ ਪ੍ਰਣਾਲੀ ਤੋਂ ਵੱਖ ਕਰ ਦਿੱਤਾ ਗਿਆ, ਕਿਉਂਕਿ ਪੱਛਮ ਦੇ ਲੋਕਤੰਤਰ ਸਭ ਤੋਂ ਵਿਕਸਤ, ਆਦਰਸ਼ਕ ਅਤੇ ਮਨੁੱਖ ਵੱਲੋਂ ਅਮਲ ਵਿੱਚ ਲਿਆਂਦੀ ਸਭ ਤੋਂ ਆਧੁਨਿਕ ਰਾਜ ਪ੍ਰਣਾਲੀ ਸੀ। ਇਸ ਲਈ ਪੱਛਮੀ ਦੇਸ਼ਾਂ ਦੀ ਤਰਜ 'ਤੇ ਭਾਰਤੀ ਸੰਵਿਧਾਨ ਵਿੱਚ ਵੀ ਧਰਮ ਨੂੰ ਰਾਜ ਦਾ ਹਿੱਸਾ ਨਹੀਂ ਬਣਾਇਆ ਗਿਆ। ਭਾਰਤੀ ਸੰਵਿਧਾਨ ਵਿੱਚ ਧਰਮ ਨਿਰਪੱਖ ਲੋਕਤੰਤਰ ਦੀ ਸਥਾਪਨਾ ਹੈ।

ਹੁਣ ਸਾਡੇ ਸਾਹਮਣੇ ਸੰਵਿਧਾਨਕ ਧਰਮ ਨਿਰਪੱਖਤਾ ਹੈ, ਦੂਜੀ ਵਿਅਕਤੀਆਂ ਵੱਲੋਂ ਨਿੱਜੀ ਜੀਵਨ ਵਿੱਚ ਅਪਣਾਈ ਜਾਂਦੀ ਧਰਮ ਨਿਰਪੱਖਤਾ ਹੈ। ਦੋਵਾਂ ਦੇ ਆਪਣੇ-ਆਪਣੇ ਵਿਸਥਾਰ ਹਨ। ਸੰਵਿਧਾਨਕ ਨਿਰਪੱਖਤਾ ਦੇ ਵੀ ਦੋ ਅਰਥ ਸਾਡੇ ਸਾਹਮਣੇ ਹਨ। ਇੱਕ ਅਰਥ ਨਹਿਰੂ ਦਾ ਹੈ, ਜਿਸ ਅਧੀਨ ਉਹ ਸੋਮਨਾਥ ਮੰਦਰ ਦੀ ਨਵ ਉਸਾਰੀ ਲਈ ਸਰਕਾਰ ਵੱਲੋਂ ਖਰਚਾ ਚੁੱਕਣ ਤੋਂ ਇਨਕਾਰ ਹੀ ਨਹੀਂ ਕਰਦਾ, ਉਹ ਦੇਸ਼ ਦੇ ਪਹਿਲੇ ਰਾਸ਼ਟਰਪਤੀ ਵੱਲੋਂ ਮੰਦਰ ਦੇ ਨਵ-ਨਿਰਮਾਣ ਦੀ ਅਗਵਾਈ ਕਰਨ ਦਾ ਵੀ ਸਮਰਥਨ ਨਹੀਂ ਕਰਦਾ। ਕਾਂਗਰਸ ਦਾ ਦੁਖਾਂਤ ਜੋ ਅੱਜ ਦੇਸ਼ ਦਾ ਦੁਖਾਂਤ ਬਣ ਗਿਆ ਹੈ, ਉਹ ਇਹ ਹੈ ਕਿ ਉਹ ਕਾਂਗਰਸ ਦੀਆਂ ਸਫ਼ਾਂ ਨੂੰ ਹੀ ਨਹਿਰੂ ਵੱਲੋਂ ਅਪਣਾਈ ਧਰਮ ਨਿਰਪੱਖਤਾ ਦੀ ਨੀਤੀ ਨਹੀਂ ਸਮਝਾ ਸਕੇ। ਲੋੜ ਸੀ ਕਿ ਪਾਰਟੀ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖਤਾ ਦੀ ਵਿਆਖਿਆ ਵਿਸ਼ੇ ਵਿੱਚ ਬਿਨਾਂ ਕੋਈ ਖੋਟ ਮਿਲਾਇਆਂ ਵਧਾਉਂਦੀ ਰਹਿੰਦੀ, ਪ੍ਰਚਾਰਦੀ ਰਹਿੰਦੀ। ਨਤੀਜੇ ਵਜੋਂ ਨਹਿਰੂ ਦੇ ਵਿਚਾਰ ਵਿੱਚ ਹੁਣ ਮਿਲਾਵਟ ਆ ਜੁੜੀ ਕਿ "ਭਾਰਤ ਇਕ ਧਰਮ ਨਿਰਪੱਖ ਲੋਕਤੰਤਰ" ਦਾ ਅਰਥ ਹੈ ਕਿ ਭਾਰਤੀ ਸੰਵਿਧਾਨ ਵਿੱਚ "ਸਾਰੇ ਧਰਮ ਬਰਾਬਰ" ਹਨ। ਜਦੋਂ ਕਿ ਨਹਿਰੂ ਦੀ ਧਰਮ ਨਿਰਪੱਖਤਾ ਦਾ ਅਰਥ ਹੈ ਕਿ ਭਾਰਤ ਦਾ ਰਾਸ਼ਟਰੀ ਧਰਮ ਕੋਈ ਨਹੀਂ ਹੋਵੇਗਾ। ਜਿਵੇਂ ਰਾਸ਼ਟਰੀ ਝੰਡਾ, ਰਾਸ਼ਟਰੀ ਗੀਤ, ਰਾਸ਼ਟਰੀ ਪੰਛੀ ਆਦਿ ਨਹਿਰੂ ਦੀ ਨੀਤੀ ਅਧੀਨ ਕੋਈ ਰਾਜ ਨੇਤਾ ਜਾਂ ਨੁਮਾਇੰਦਾ ਮੰਤਰੀ, ਮੈਂਬਰ ਪਾਰਲੀਮੈਂਟ ਜਾਂ ਵਿਧਾਨ ਸਭਾ ਆਦਿ) ਕਿਸੇ ਧਾਰਮਿਕ ਪ੍ਰੋਗਰਾਮ ਵਿੱਚ ਜਾ ਸਕਦਾ ਹੈ, ਪਰ ਉਹ ਨਿੱਜੀ ਹੈਸੀਅਤ ਵਿੱਚ ਤਾਂ ਜਾ ਸਕਦਾ ਹੈ। ਮੰਤਰੀ ਜਾਂ ਕਿਸੇ ਹਾਊਸ ਦੇ ਮੈਂਬਰ ਦੀ ਹੈਸੀਅਤ ਵਿੱਚ ਜਾਣਾ ਸੰਵਿਧਾਨਕ ਧਾਰਨਾ ਤੋਂ ਵਿਰੁੱਧ ਹੈ। ਇਹ ਹੁਣ ਸੰਵਿਧਾਨ ਵਿੱਚ ਧਰਮ ਨਿਰਪੱਖਤਾ ਦੇ ਨਵੇਂ ਅਰਥ ਹਨ ਕਿ ਰਾਜ ਨੇਤਾ ਜਾਂ ਨੁਮਾਇੰਦੇ ਆਪਣੇ ਰਾਜ ਨੇਤਾ ਜਾਂ ਰਾਜ ਦੇ ਨੁਮਾਇੰਦਿਆਂ ਵੱਲੋਂ ਧਾਰਮਿਕ ਕੰਮਾਂ ਵਿੱਚ ਜਾ ਸਕਦੇ ਹਨ, ਕਿਉਂਕਿ ਸੰਵਿਧਾਨ ਵਿੱਚ ਸਭ ਧਰਮ ਬਰਾਬਰ ਹਨ। ਸੰਵਿਧਾਨ ਦੇ ਇਨ੍ਹਾਂ ਅਰਥਾਂ ਅਧੀਨ ਉਨ੍ਹਾ ਆਪਣੇ ਅਕੀਦੇ ਦੇ ਧਰਮ ਦੇ ਨਾਲ-ਨਾਲ ਹਰੇਕ ਧਰਮ ਦੇ ਕਾਰਜਾਂ ਵਿੱਚ ਜਾਣ ਦਾ ਰਸਤਾ ਖੋਲ੍ਹ ਲਿਆ।

ਭਾਜਪਾ ਨੇ ਉਪਰੋਕਤ ਦੋਨੋ ਤਰ੍ਹਾਂ ਦੀ ਧਰਮ ਨਿਰਪੱਖਤਾ ਦੀ ਖਿੱਲੀ ਉਡਾਉਂਦਿਆਂ ਇਸ ਧਰਮ ਨਿਰਪੱਖਤਾ ਨੂੰ ਸਿਕੂਲਰ ਦੀ ਸੰਗਿਆ ਦਿੰਦਿਆਂ ਇਸ ਨੇ ਧਰਮ ਨਿਰਪੱਖਤਾ ਦੀ ਤੀਜੀ ਵੰਨਗੀ ਸਾਡੇ ਸਾਹਮਣੇ ਲਿਆਂਦੀ ਹੈ। ਧਰਮ-ਨਿਰਪੱਖਤਾ ਦੇ ਇਸ ਅਰਥ ਅਧੀਨ ਭਾਜਪਾ ਹਿੰਦੂਤਵ 'ਤੇ ਰਾਸ਼ਟਰ ਦੀ ਅਗਵਾਈ ਕਰੇਗੀ ਅਤੇ ਲੋਕ ਭਲਾਈ ਸਕੀਮਾਂ ਸਭ ਨੂੰ ਬਿਨਾ ਵਿਤਕਰਾ ਦੇਵੇਗੀ। ਇਸ ਤਰ੍ਹਾਂ ਉਸ ਨੇ ਧਰਮ ਨਿਰਪੱਖਤਾ ਨੂੰ ਲੋਕ ਭਲਾਈ ਸਕੀਮਾਂ ਤੱਕ ਸੀਮਤ ਕਰ ਦਿੱਤਾ ਅਤੇ ਰਾਸ਼ਟਰ ਨੂੰ ਹਿੰਦੂਤਵ ਤੱਕ ਸੀਮਤ ਕਰ ਦਿੱਤਾ। ਸੰਵਿਧਾਨਕ ਧਰਮ ਨਿਰਪੱਖਤਾ ਦੇ ਅਰਥਾਂ ਵਿੱਚ ਇਹੀ ਖਤਰਨਾਕ ਵਿਗਾੜ ਹੈ। ਕਿਉਂ ?

ਧਰਮ ਨਿਰਪੱਖਤਾ ਦੇ ਭਾਜਪਾਈ ਅਰਥ ਗੁਰੂ ਗੋਲਵਾਲਕਰ ਵੱਲੋਂ ਆਰ ਐੱਸ ਐੱਸ ਲਈ ਚਿਤਵੇ ਹਿੰਦੂ ਰਾਸ਼ਟਰ ਦੇ ਸਰੂਪ ਦੀ ਰੌਸ਼ਨੀ ਵਿੱਚ ਹੈ, ਰਾਸ਼ਟਰ ਦੇ ਇਸ ਸਰੂਪ ਵਿੱਚ ਹਿੰਦੂ ਰਾਸ਼ਟਰ 'ਚ ਇੱਕ ਧਰਮ (ਹਿੰਦੂ ਧਰਮ) ਇੱਕ ਅਤੇ ਇੱਕ ਸੱਭਿਆਚਾਰ (ਹਿੰਦੂ ਸੱਭਿਆਚਾਰ) ਹੋਵੇਗਾ। ਇਸੇ ਰੋਸ਼ਨੀ ਵਿੱਚ ਭਾਜਪਾ ਹੁਣ ਸ਼ਰੇਆਮ ਸੰਵਿਧਾਨ ਵਿੱਚ ਤਰਮੀਮ ਕਰਕੇ ਸੰਵਿਧਾਨ ਵਿੱਚੋਂ ਧਰਮ ਨਿਰਪੱਖ ਸ਼ਬਦ ਨੂੰ ਹਟਾਉਣ ਲਈ ਤਰਲੋਮੱਛੀ ਹੈ। ਹਾਲਾਂਕਿ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਇਹ ਸ਼ਬਦ ਹੋਰ ਕਿਸੇ ਵੀ ਰਾਜਸੀ ਪਾਰਟੀ ਲਈ ਕੋਈ ਔਖ ਪੈਦਾ ਨਹੀਂ ਕਰ ਰਿਹਾ, ਪਰ ਭਾਜਪਾ ਅਤੇ ਆਰ ਐੱਸ ਐੱਸ ਲਈ ਧਰਮ ਨਿਰਪੱਖਤਾ ਅਤੇ ਕਲਿਆਣਕਾਰੀ ਬੋਲੇ ਦੋਨੋਂ ਸ਼ਬਦ ਬਰਦਾਸ਼ਤ ਨਹੀਂ ਕਾਰਨ ਸਪੱਸ਼ਟ ਹੈ। ਧਰਮ ਨਿਰਪੱਖਤਾ ਹਿੰਦੂ ਰਾਸ਼ਟਰ ਦਾ ਐਲਾਨ ਕਰਨ ਵਿੱਚ ਅੜਿੱਕਾ ਹੈ ਅਤੇ ਕਲਿਆਣਕਾਰੀ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਅਤੇ ਕਾਰਪੋਰੇਟ ਵਿਕਾਸ ਮਾਡਲ ਦੇ ਵਿਰੁੱਧ ਹੈ। ਰਾਜ ਦੇ ਕਲਿਆਣਕਾਰੀ ਢਾਂਚੇ ਵਿੱਚ ਹਰ ਨਾਗਰਿਕ ਨੂੰ ਸਵੈ ਨਿਰਭਰ ਕਰਨ, ਅਮੀਰ ਗਰੀਬ ਦਾ ਪਾੜਾ ਘਟਾਉਣ ਦੀ ਗਲ ਕਰਦਾ ਹੈ। ਮੁਫ਼ਤ ਅਨਾਜ ਅਤੇ ਕੈਸ਼ ਸਹਾਇਤਾ ਦੀਆਂ ਸਾਰੀਆਂ ਸਕੀਮਾਂ ਨਹੀਂ। ਬੇਰੁਜ਼ਗਾਰੀ ਦਾ ਇਲਾਜ ਅਤੇ ਨਾ ਹੀ ਉਤਪਾਦਕਤਾ ਵਿੱਚ ਯੋਗਦਾਨ ਦਿੰਦੇ ਹਨ। ਇਸ ਲਈ ਭਾਜਪਾਈ ਨਵੇਂ ਅਰਥਾਂ ਵਿੱਚ ਧਰਮ ਨਿਰਪੱਖਤਾ ਫਿੱਟ ਨਹੀਂ ਆ ਰਹੀ।

ਸੰਵਿਧਾਨਕ ਧਰਮ ਨਿਰਪੱਖਤਾ ਦਾ ਭਾਜਪਾ ਵੱਲੋਂ ਤਿਆਗ ਦੇਸ਼ ਵਿੱਚ ਅਸ਼ਾਂਤੀ, ਭਾਈਚਾਰਿਆਂ ਵਿੱਚ ਅਸੁਰੱਖਿਆ ਅਤੇ ਅੰਤ ਵਿੱਚ ਖਾਨਾਜੰਗੀ ਤੱਕ ਜਾ ਸਕਦੀ ਹੈ। ਧਾਰਮਿਕ ਘੱਟ-ਗਿਣਤੀਆਂ ਲਈ ਹਿੰਦੂ ਰਾਸ਼ਟਰ ਵਿੱਚ ਕੋਈ ਥਾਂ ਨਹੀਂ। ਧਰਮ ਨਿਰਪੱਖਤਾ ਜਿੱਥੇ ਰਾਜ ਨੂੰ ਧਰਮ ਅਧਾਰਤ ਵਿਤਕਰਾ ਕਰਨ ਤੋਂ ਰੋਕਦੀ ਹੈ, ਉਥੇ ਭਾਈਚਾਰਕ ਏਕਤਾ ਦਾ ਅਧਾਰ ਵੀ ਬਣਦੀ ਹੈ। ਯਾਦ ਰੱਖੀਏ ਰਾਜ ਹੀ ਨਾਗਰਿਕਾਂ ਦਾ ਅਜਿਹਾ ਸਭ ਤੋਂ ਵੱਡਾ ਸੰਗਠਨ ਹੁੰਦਾ ਹੈ, ਜਿਹੜਾ ਨਾਗਰਿਕ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਕਰ ਸਕਦਾ ਹੈ। ਅੰਦਰੂਨੀ ਸੁਰੱਖਿਆ ਭਾਈਚਾਰਕ ਸਾਂਝਾਂ ਤੋਂ ਬਿਨਾਂ ਸੰਭਵ ਨਹੀਂ। ਮਨੁੱਖ ਦੀ ਆਪਣੀ ਆਤਮਿਕ ਸੁਰੱਖਿਆ, ਸੁੱਖ-ਚੈਨ ਉਸ ਦਿਨ ਖ਼ਤਮ ਹੋਣਾ ਹੈ, ਜਿਸ ਦਿਨ ਹਿੰਦੂ ਰਾਸ਼ਟਰ ਦੇ ਨਾਂਅ ਉਤੇ ਘੱਟ-ਗਿਣਤੀਆਂ ਨੂੰ ਆਪਣੇ-ਆਪਣੇ ਸੱਭਿਆਚਾਰਕ ਵਖਰੇਵੇਂ ਸਮਾਪਤ ਕਰਕੇ ਤਿਉਹਾਰ, ਮੇਲੇ, ਵਿਆਹ, ਜਨਮ-ਮਰਨ ਰਹੁ-ਰੀਤਾਂ ਆਰ ਐੱਸ ਐੱਸ ਦੇ ਆਦੇਸ਼ਾਂ ਅਨੁਸਾਰ ਹੀ ਨਿਭਾਉਣੀਆਂ ਪੈਣਗੀਆਂ। ਉਦਾਹਰਣ ਲਈ ਬਾਬਾ ਜੋਰਾਵਰ ਅਤੇ ਬਾਬਾ ਫਤਹਿ ਸਿੰਘ ਦੀਆਂ ਲਾਸਾਨੀ ਕੁਰਬਾਨੀਆਂ ਵੀਰ ਬਾਲ ਦਿਵਸ ਵਜੋਂ ਮਨਾਉਣੇ ਹੋਣਗੇ। ਸਿੱਖਾਂ ਨੂੰ ਤਾਂ ਗੋਲਵਾਲਕਰ ਦੀ ਕਿਤਾਬ We Or Our Nationhood Defined ਦਾ ਪੰਜਾਬੀ ਅਨੁਵਾਦ ਕਰਕੇ ਬੱਚੇ-ਬੱਚੇ ਤਕ ਪੜ੍ਹਨ ਲਈ ਪਹੁੰਚਾਉਣੀ ਚਾਹੀਦੀ ਹੈ। ਰਾਜਨੀਤਕ ਗਿਣਤੀਆਂ-ਮਿਣਤੀਆਂ ਅਧੀਨ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੁੱਪੀ ਸਿੱਖੀ ਸਿਧਾਂਤਾਂ ਦੀ ਉਲੰਘਣਾ ਹੈ। ਇਨ੍ਹਾਂ ਸਿਧਾਂਤਾਂ ਵਿੱਚ ਤਾਂ ਦੂਜਿਆਂ ਦੀ ਧਾਰਮਿਕ ਸੁਤੰਤਰਤਾ ਖਾਤਰ ਸੀਸ ਵਾਰਨ ਦੀ ਮਿਸਾਲ ਹੈ। ਉਨ੍ਹਾ ਨੂੰ ਕੀ ਕਹੀਏ, ਜਿਹੜੇ ਕਿਸੇ ਲਈ ਤਾਂ ਕੀ, ਆਪਣੇ ਧਰਮ ਦੀ ਰਾਖੀ ਉਤੇ ਸੌਦੇਬਾਜ਼ੀਆਂ ਅਧੀਨ ਚੁੱਪ ਹਨ। ਦੇਸ਼ ਦੇ ਸੰਵਿਧਾਨ ਵਿੱਚ ਅਨੇਕਾਂ ਕਮੀਆਂ ਹੋ ਸਕਦੀਆਂ ਹਨ, ਪਰ ਅੱਜ ਭਾਜਪਾ ਦੀ ਸ਼ਾਸਨ ਪ੍ਰਣਾਲੀ ਨੇ ਵਿਖਾ ਦਿੱਤਾ ਹੈ ਕਿ ਸੰਵਿਧਾਨਕ ਨਿਰਪੱਖਤਾ ਦੀ ਰਾਖੀ ਵਿੱਚ ਭਾਰਤ ਦੇਸ਼ ਅਤੇ ਸਮਾਜ ਦੀ ਹੋਂਦ ਬਚੇਗੀ। ਮੋਦੀ ਦੀ ਧਰਮ ਨਿਰਪੱਖਤਾ ਜੇਕਰ ਬਿਨਾਂ ਧਾਰਮਿਕ ਵਿਤਕਰਾ ਕਰਨ, ਵੰਡਣ ਅਤੇ ਭਲਾਈ ਸਕੀਮਾਂ ਤੱਕ ਸੀਮਤ ਹੈ ਤਾਂ ਬਾਕੀ ਸਭ ਧਰਮਾਂ ਅਤੇ ਸੰਵਿਧਾਨ ਨੂੰ ਮੰਨਣ ਵਾਲਿਆਂ ਨੂੰ ਸਾਵਧਾਨ ਹੋ ਜਾਣਾ ਚਾਹੀਦਾ ਹੈ।

ਧਰਮ ਨਿਰਪੱਖਤਾ ਦੀ ਭਾਜਪਾਈ ਵੰਨਗੀ ਹੈ ਕਿ ਦੇਸ਼ ਦੀਆਂ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰ ਚੋਣ ਕਮਿਸ਼ਨਰ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ, ਸੀ ਬੀ ਆਈ ਆਦਿ ਸਭ ਸੰਵਿਧਾਨਕ ਸੰਸਥਾਵਾਂ ਦੇ ਮੁਖੀ ਧਾਰਮਿਕ ਪਹਿਚਾਣ ਉਤੇ ਅਧਾਰਤ ਤਹਿ ਹੋ ਰਹੇ ਹਨ। ਹੋਰ ਤਾਂ ਹੋਰ ਭਾਜਪਾ ਨੇਤਾ ਪਾਰਲੀਮੈਂਟ ਅਤੇ ਵਿਧਾਨ ਸਭਾ ਦੀਆਂ ਟਿਕਟਾਂ ਤੋਂ ਮੁਸਲਮਾਨਾਂ ਨੂੰ ਬਾਹਰ ਕਰਕੇ ਦੇਸ਼ ਵਿੱਚ ਉਨ੍ਹਾਂ ਦਾ ਸਿਆਸੀ ਹੱਕ ਹੀ ਖੋਹ ਲਿਆ ਹੈ। ਮਸਜਿਦਾਂ, ਚਰਚਾਂ ਦੀ ਭੰਨਤੋੜ, ਈਸਾਈਆਂ, ਮੁਸਲਮਾਨਾਂ ਤੋਂ ਵਿਧਾਨ ਪਾਲਿਕਾ ਲਈ ਚੁਣੇ ਜਾਣ ਦਾ ਹੱਕ ਖੋਹ ਲੈਣਾ ਤੋਂ ਇੱਧਰ ਪੰਜਾਬ ਦੇ ਸਿੱਖਾਂ ਨੂੰ ਸਮਝ ਲੈਣਾ ਪਏਗਾ ਕਿ ਭਾਜਪਾ ਵਿੱਚ ਜਿਹੜੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ ਟਿਕਟ ਤਹਿ ਕਰਨ ਵਿੱਚ ਆਰ ਐੱਸ ਐੱਸ ਦੀ ਭੂਮਿਕਾ ਹੈ ਇੱਧਰ ਭਾਜਪਾ ਵਿੱਚ ਧੜਾਧੜ ਜਾਂਦੇ ਸਿੱਖਾਂ ਲਈ ਵੀ ਆਰ ਐਸ ਐਸ ਦੀ ਵਿੰਗ ਰਾਸ਼ਟਰੀ ਸਿੱਖ ਸੰਗਤ ਨਿਭਾਉਣ ਲੱਗ ਜਾਵੇਗੀ ਅਤੇ ਇਸ ਦੀ ਮੈਂਬਰਸ਼ਿਪ ਲੈਣੀ ਆਰ ਐਸ ਐਸ ਵਾਂਗ ਲਾਜ਼ਮੀ ਹੋ ਜਾਵੇਗੀ ਵਰਨਾ ਟਿਕਟ ਨਹੀਂ ਮਿਲੇਗਾ। ਭਾਜਪਾ ਦੇ ਨਾਲ ਹੀ ਰਾਸ਼ਟਰੀ ਸਿੱਖ ਸੰਗਤ ਦੀ ਮੈਂਬਰਸ਼ਿਪ ਕੰਮ ਆਏਗੀ।

ਸੰਵਿਧਾਨਕ ਧਰਮ ਨਿਰਪੱਖਤਾ ਤੋਂ ਬਿਨਾਂ ਦੂਜੀ ਧਰਮ ਨਿਰਪੱਖਤਾ ਨਿੱਜੀ ਜੀਵਨ ਸ਼ੈਲੀ ਨਾਲ ਸੰਬੰਧਤ ਹੈ। ਇਹ ਧਰਮ ਨਿਰਪੱਖਤਾ ਕਿਸੇ ਦੇ ਫਰਿਜਾਂ ਵਿੱਚ ਨਹੀਂ ਝਾਕਦੀ, ਕਿਸੇ ਦੇ ਪਹਿਰਾਵੇ ਉਤੇ ਕਿੰਤੂ-ਪ੍ਰੰਤੂ ਨਹੀਂ ਕਰਦੀ। ਇਹ ਧਰਮ ਨਿਰਪੱਖਤਾ ਮਾਨਵ ਦੀ ਜਾਤ ਸਭ ਨੂੰ ਇੱਕ ਪਹਿਚਾਣਦੀ ਹੈ। ਧਰਮ ਨਿਰਪੱਖਤਾ ਦੀ ਇਹ ਵੰਨਗੀ ਜਿੰਨੀ ਮਜ਼ਬੂਤ ਹੋਵੇਗੀ, ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖਤਾ ਵੀ ਓਨੀ ਹੀ ਮਜ਼ਬੂਤ ਰਹੇਗੀ, ਇਨ੍ਹਾਂ ਹਾਲਤਾਂ ਵਿੱਚ ਧਰਮ ਨਿਰਪੱਖਤਾ ਇੱਕ ਮਹੱਤਵਪੂਰਨ ਲੋੜ ਹੈ। ਰਾਖੀ ਕਰੀਏ। ਧਰਮ ਨਿਰਪੱਖਤਾ ਉੱਤੇ ਚਰਚਾ ਕਰੀਏ।

**# ਸੰਪਰਕ : 94176-52947**

# ਮਜ਼ਬੂਤ ਲੋਕਤੰਤਰ ਅਤੇ ਕਮਜ਼ੋਰ ਲੋਕਤੰਤਰ


ਦੇਵ ਮੁਹਾਫਿਜ਼

ਜਦੋਂ ਕੋਈ ਨਲਾਇਕ ਵਿਅਕਤੀ ਮੰਤਰੀ, ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਪਦ 'ਤੇ ਸਥਾਪਤ ਹੁੰਦਾ ਹੈ ਤਾਂ ਉਹ ਪੂਰੇ ਸਿਸਟਮ ਨੂੰ ਖ਼ਰਾਬ ਕਰ ਦਿੰਦਾ ਹੈ, ਕਿਉਂਕਿ ਉਸ ਕੋਲ ਸ਼ਾਸਨ ਚਲਾਉਣ ਦੀ ਅਕਲ ਨਹੀਂ ਹੁੰਦੀ।ਇਹ ਸਭ ਭਾਣਾ ਆਮ ਲੋਕਾਂ ਦੀ ਵਜ੍ਹਾ ਕਰਕੇ ਵਰਤਦਾ ਹੈ। ਘੱਟ ਪੜ੍ਹੇ-ਲਿਖੇ ਅਤੇ ਰਾਜਨੀਤੀ ਬਾਰੇ ਘੱਟ ਸੂਝ-ਬੂਝ ਹੋਣ ਕਾਰਨ ਇਹ ਆਮ ਲੋਕ ਇਹਨਾਂ ਰਾਜਨੀਤਕ ਲੋਕਾਂ ਦੀਆਂ ਚਾਲਾਂ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ । ਇਹ ਆਮ ਲੋਕ ਉਹ ਹਨ, ਜੋ ਰਾਜਨੀਤੀ ਖੇਲ ਨੂੰ ਬਿਲਕੁਲ ਵੀ ਨਹੀਂ ਸਮਝਦੇ। ਇਹ ਆਮ ਲੋਕ ਉਹ ਹਨ, ਜੋ ਲਾਲਚ ਦੇ ਜਾਲ ਵਿੱਚ ਫਸਾਏ ਜਾਂਦੇ ਹਨ । ਇਹ ਸੇਮ ਉਸ ਤਰ੍ਹਾਂ ਹੈ, ਜਿਵੇਂ ਕਾਂਟੇ ਉੱਤੇ ਆਟਾ ਜਾਂ ਗੋਸ਼ ਲਗਾ ਕੇ ਮਛਲੀ ਨੂੰ ਫੜਿਆ ਜਾਂਦਾ ਹੈ। ਮੱਛੀ ਨੂੰ ਆਟਾ ਤਾਂ ਜ਼ਰੂਰ ਨਜ਼ਰ ਆਉਂਦਾ ਹੈ ਪਰ ਕਾਂਟਾ ਨਹੀਂ। ਜਦੋਂ ਕਾਂਟਾ ਮਛਲੀ ਦੇ ਗਲ਼ੇ ਵਿੱਚ ਫ਼ਸ ਕੇ ਦਰਦ ਦਾ ਅਹਿਸਾਸ ਕਰਾਉਂਦਾ ਹੈ, ਤਦੇ ਹੀ ਮਛਲੀ ਨੂੰ ਸਮਝ ਲੱਗਦੀ ਹੈ ਕਿ ਉਸ ਨਾਲ਼ ਤਾਂ ਧੋਖਾ ਹੋਇਆ ਹੈ ।

ਇਹ ਰਜਵਾੜੇ ਰਾਜਨੀਤੀ ਦੇ ਸ਼ਿਕਾਰੀ ਹਨ ਤੇ ਆਮ ਲੋਕ ਇਹ ਉਹ ਮਛਲੀਆਂ ਹਨ, ਜਿਨ੍ਹਾਂ ਨੂੰ ਰਾਜਨੀਤੀ ਰਜਵਾੜੇ ਲੋਕਾਂ ਨੇ ਤਲ ਕੇ ਖਾਣਾ ਹੈ।

ਜਦੋਂ ਰਾਜਨੀਤੀ ਦੀ ਘੱਟ ਸਮਝ ਰੱਖਣ ਵਾਲਿਆਂ ਤੋਂ ਰਾਜਨੀਤਕ ਦਲਾਂ ਦੁਆਰਾ ਲਾਲਚ ਦੇ ਕੇ ਵੋਟਾਂ ਖਰੀਦ ਕੇ ਸੱਤਾ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਉਦੋਂ ਲੋਕਤੰਤਰ ਲੋਕਤੰਤਰ ਨਹੀਂ ਰਹਿ ਜਾਂਦਾ। ਫਿਰ ਇਸ ਦੇ ਅਰਥ ਬਦਲ ਜਾਂਦੇ ਹਨ ਤੇ ਲੋਕਤੰਤਰ ਲੁੱਟਤੰਤਰ ਵਿੱਚ ਬਦਲ ਜਾਂਦਾ ਹੈ। ਫਿਰ ਇੱਥੇ ਸਵਾਲ ਇਹ ਵੀ ਪੈਦਾ ਹੋ ਜਾਂਦਾ ਹੈ ਕਿ ਕੀ ਲੋਕਤੰਤਰ ਨੂੰ ਵੀ ਖ਼ਰੀਦਿਆ ਜਾ ਸਕਦਾ ਹੈ ?

ਤਾਂ ਜਵਾਬ ਮਿਲੇਗਾ - ਖ਼ਰੀਦਿਆ ਵੀ ਜਾ ਸਕਦਾ ਹੈ ਤੇ ਨਹੀਂ ਵੀ। ਜਵਾਬ ਦੀ ਪੁਸ਼ਟੀ ਅਨੁਸਾਰ ਜੇਕਰ ਸਾਰਾ ਸਮਾਜ ਪੜ੍ਹਿਆ-ਲਿਖਿਆ ਹੈ, ਰਾਜਨੀਤੀ ਦੀ ਸੂਝਬੂਝ ਰੱਖਣ ਵਾਲਾ ਹੈ, ਦੇਸ਼ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਫ਼ਿਕਰ ਕਰਨ ਵਾਲਾ ਹੈ ਤਾਂ ਅਜਿਹਾ ਜ਼ਿੰਮੇਵਾਰ ਸਮਾਜ ਨੂੰ ਕਦੇ ਵੀ ਖ਼ਰੀਦਿਆ ਨਹੀਂ ਜਾ ਸਕਦਾ ਤੇ ਜ਼ਿੰਮੇਵਾਰ ਸਮਾਜ਼ ਹੀ ਮਜ਼ਬੂਤ ਲੋਕਤੰਤਰ ਨੂੰ ਜਨਮ ਦਿੰਦਾ ਹੈ। ਇਸ ਦੇ ਉਲਟ ਜਿਹੜਾ ਸਮਾਜ ਘੱਟ ਪੜ੍ਹਿਆ-ਲਿਖਿਆ, ਰਾਜਨੀਤੀ ਤੋਂ ਅਨਜਾਣ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਤੋਂ ਬੇਫ਼ਿਕਰ ਹੈ ਤਾਂ ਅਜਿਹੇ ਸਮਾਜ ਨੂੰ ਅਸਾਨੀ ਨਾਲ ਖ਼ਰੀਦਿਆ ਜਾ ਸਕਦਾ ਹੈ ।ਅਜਿਹਾ ਨਲਾਇਕ ਸਮਾਜ ਕਮਜ਼ੋਰ ਅਤੇ ਵਿਕਾਊ ਲੋਕਤੰਤਰ ਨੂੰ ਜਨਮ ਦੇਣ ਦਾ ਕਾਰਨ ਬਣਦਾ ਹੈ । ਇਸ ਤੱਥ ਤੋਂ ਦੋ ਤਰ੍ਹਾਂ ਦਾ ਲੋਕਤੰਤਰ ਸਾਡੇ ਸਾਹਮਣੇ ਆਉਂਦਾ ਹੈ, ਕਮਜ਼ੋਰ ਲੋਕਤੰਤਰ ਅਤੇ ਮਜ਼ਬੂਤ ਲੋਕਤੰਤਰ । ਇਸ ਦੋਹਾਂ ਤਰ੍ਹਾਂ ਦੇਸ਼ ਲੋਕਤੰਤਰ ਲਈ ਲੋਕ ਖ਼ੁਦ ਜ਼ਿੰਮੇਵਾਰ ਹੁੰਦੇ ਹਨ ।

ਲੋਕਤੰਤਰ ਤੋਂ ਭਾਵ਼ ਲੋਕਰਾਜ ਤੋਂ ਹੈ । ਇਸ ਵਿੱਚ ਲੋਕ ਆਪਣਾ ਕੋਈ ਪ੍ਰਤੀਨਿਧ ਚੁਣਦੇ ਹਨ ਅਤੇ ਉਸ ਨੂੰ ਜਿਤਾ ਕੇ ਲੋਕ ਸਭਾ ਜਾਂ ਰਾਜ ਸਭਾ ਵਿਚ ਭੇਜਦੇ ਹਨ । ਇਸ ਤਰ੍ਹਾਂ ਆਪਣੇ ਪ੍ਰਤੀਨਿਧ ਦੇ ਰਾਹੀਂ ਲੋਕ ਸਵੈਅਮ ਆਪਣੇ ਉਤੇ ਰਾਜ ਕਰਦੇ ਹਨ । ਆਪਣਾ ਪ੍ਰਤੀਨਿਧ ਚੁਣਦੇ ਸਮੇਂ ਲੋਕਾਂ ਨੇ ਧਿਆਨ ਰੱਖਣਾ ਹੁੰਦਾ ਹੈ ਕਿ ਜੋ ਅਸੀਂ ਪ੍ਰਤੀਨਿਧ ਚੁਣਿਆ ਹੈ, ਕੀ ਉਹ ਈਮਾਨਦਾਰ ਹੈ ? ਕੀ ਉਹ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰ ਸਕੇਗਾ? ਕੀ ਉਹ ਇਸ ਪਦ ਦੇ ਕਾਬਿਲ ਹੈ? ਕੀ ਉਸ ਨੂੰ ਰਾਜਨੀਤੀ ਬਾਰੇ ਪੂਰੀ ਸਮਝ ਹੈ? ਸਾਰੀਆਂ ਵਿਸ਼ੇਸ਼ਤਾਵਾਂ ਵੇਖ ਕੇ ਹੀ ਲੋਕਾਂ ਨੂੰ ਆਪਣਾ ਉਮੀਦਵਾਰ ਚੁਣਨਾ ਚਾਹੀਦਾ ਹੈ। ਜੇਕਰ ਚੁਣਿਆ ਹੋਇਆ ਉਮੀਦਵਾਰ ਆਪਣੇ ਕੀਤੇ ਹੋਏ ਵਾਅਦੇ ਪੂਰੇ ਨਹੀਂ ਕਰਦਾ, ਆਪਣੇ 'ਤੇ ਕੀਤੇ ਲੋਕਾਂ ਦੇ ਵਿਸ਼ਵਾਸ ਨੂੰ ਟਿੱਚ ਸਮਝ ਕੇ ਠੇਸ ਪਹੁੰਚਾਉਂਦਾ ਹੈ ਤਾਂ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੇ ਵਿਅਕਤੀ ਦਾ ਹਮੇਸ਼ਾ ਲਈ ਬਾਈਕਾਟ ਕੀਤਾ ਜਾਵੇ ਤਾਂ ਕਿ ਅੱਗੇ ਤੋਂ ਅਜਿਹੀ ਕੋਈ ਜੁਰਅਤ ਨਾ ਕਰੇ ।

ਅੱਜਕੱਲ੍ਹ EVM ਵੋਟਿੰਗ ਮਸ਼ੀਨ ਨੂੰ ਲੈ ਕੇ ਭਾਰਤ ਦੇਸ਼ ਵਿੱਚ ਯੁੱਧ ਦਾ ਐਲਾਨ ਹੋ ਚੁੱਕਿਆ । ਇਸ EVM ਰਾਹੀਂ ਭਾਰਤ ਵਿੱਚ ਅਨੇਕਾਂ ਵਾਰ ਇਲੈਕਸ਼ਨ ਹੋ ਚੁੱਕੇ ਹਨ । ਹੁਣ ਮੁੱਦਾ ਇਹ ਬਣਿਆ ਹੋਇਆ ਹੈ ਕਿ ਇਸ ਮਸ਼ੀਨ ਨੂੰ ਹੈਕ ਕੀਤਾ ਜਾ ਸਕਦਾ ਹੈ ਅਤੇ ਹੈਕ ਕਰਕੇ ਕਿਸੇ ਇੱਕ ਉਮੀਦਵਾਰ ਨੂੰ ਜ਼ਿਆਦਾ ਵੋਟਾਂ ਦਾ ਭੁਗਤਾਨ ਕਰਕੇ ਧੋਖੇ ਨਾਲ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ । ਕੁਝ ਮਾਹਿਰਾਂ ਦੁਆਰਾ ਇਸ ਨੂੰ ਸੰਸਦ ਵਿੱਚ ਅਤੇ ਖੁੱਲ੍ਹੇ ਮੈਦਾਨ ਵਿੱਚ ਜਨਤਾ ਦੇ ਸਾਹਮਣੇ ਪ੍ਰਯੋਗ ਕਰਕੇ ਵੀ ਵਿਖਾਇਆ ਗਿਆ ਹੈ । ਇਹ ਮੰਨਣਯੋਗ ਗੱਲ ਹੈ ਕਿ ਕਿਸੇ ਵੀ ਇਲੈਕਟੋਨ ਯੰਤਰ ਨੂੰ ਹੈਕ ਕੀਤਾ ਜਾ ਸਕਦਾ ਹੈ। ਫਿਰ ਇਸ ਮਸ਼ੀਨ ਨੂੰ ਹੈਕ ਕਰਨਾ ਕੋਈ ਔਖਾ ਕੰਮ ਨਹੀਂ ਹੈ । ਇਹ ਹੁਣ ਮਸ਼ੀਨ ਪੂਰੀ ਤਰ੍ਹਾਂ ਸ਼ੱਕ ਦੇ ਘੇਰੇ ਵਿੱਚ ਆ ਚੁੱਕੀ ਹੈ ।

ਸੁਪਰੀਮ ਕੋਰਟ ਦੇ ਵਕੀਲ ਅਤੇ ਮੌਜੂਦਾ ਰਾਸ਼ਟਰੀ ਜਨਹਿਤ ਪਾਰਟੀ ਦੇ ਪ੍ਰਧਾਨ ਭਾਨੂ ਪ੍ਰਤਾਪ ਸਿੰਘ ਨੇ ਇਸ ਜੰਗ ਦਾ ਐਲਾਨ 2019 ਦੇ ਵਿੱਚ ਕਰ ਦਿੱਤਾ ਸੀ, ਪਰ ਅੱਜ ਪੂਰੇ ਭਾਰਤ ਵਿੱਚ ਈ ਵੀ ਐੱਮ ਦੇ ਵਿਰੋਧ ਵਿੱਚ ਘਮਸਾਨ ਯੁੱਧ ਛਿੜ ਚੁੱਕਾ ਹੈ ।ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਵੀ ਇਸ ਯੁੱਧ ਦਾ ਸੰਪੂਰਨ ਸਮਰਥਨ ਦੇ ਦਿੱਤਾ ਹੈ । ਜਨਤਾ ਹੀ ਲੋਕਤੰਤਰ ਦਾ ਅਸਲੀ ਰੂਪ ਹੈ । ਜੇਕਰ ਵੱਧ ਤੋਂ ਵੱਧ ਲੋਕ ਇਸ ਦਾ ਵਿਰੋਧ ਕਰਦੇ ਹਨ ਤਾਂ ਇਸ ਦੀ ਵਰਤੋਂ 'ਤੇ ਰੋਕ ਲੱਗ ਸਕਦੀ ਹੈ ਅਤੇ ਚੋਣਾਂ ਕਾਗਜ਼ੀ ਬੈਲਟ ਨਾਲ ਕਰਵਾਈਆਂ ਜਾ ਸਕਦੀਆਂ ਹਨ । ਇਹ ਅੱਜ ਲੋਕਤੰਤਰ ਦੀ ਆਵਾਜ਼ ਹੈ। ਲੋਕਾਂ ਨੂੰ ਉਹਨਾਂ ਦੇ ਹਿਸਾਬ ਨਾਲ ਚੋਣਾਂ ਕਰਵਾਉਣ ਦਾ ਸੰਵਿਧਾਨਕ ਹੱਕ ਪ੍ਰਾਪਤ ਹੈ । ਇਸ ਤਰ੍ਹਾਂ ਲੋਕਾਂ ਦੀ ਸਿਆਣਪ ਅਤੇ ਏਕਤਾ ਨਾਲ ਲੋਕਤੰਤਰ ਨੂੰ ਹੋਰ ਵਧੇਰੇ ਬਲ ਮਿਲਦਾ ਹੈ ।

**# ਸੰਪਰਕ : 62391-39449**

# ਨਸ਼ਿਆਂ ਦੀ ਪੀੜ ਪੰਜਾਬ ਨੂੰ ਕਦੋਂ ਤੱਕ ਬਰਦਾਸ਼ਤ ਕਰਨੀ ਪਵੇਗੀ ?


ਸੁਰਜੀਤ ਸਿੰਘ

ਸਾਲ 2007 ਜਦੋਂ ਤੋਂ ਪੰਜਾਬ ਵਿਚ ਅਕਾਲੀ ਸਰਕਾਰ ਸੱਤਾ ਵਿਚ ਆਈ ਅਤੇ ਉਸ ਤੋਂ ਬਾਅਦ ਦੀਆਂ ਸਰਕਾਰਾਂ ਆਈਆਂ ਅਤੇ ਗਈਆਂ, ਪਰ ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਭਖਦਾ ਰਿਹਾ ਅਤੇ ਇਸ 'ਤੇ ਸਿਆਸਤ ਵੀ ਹੁੰਦੀ ਰਹੀ। ਸੱਤਾਧਾਰੀ ਪਾਰਟੀ ਵਿਰੋਧੀ ਪਾਰਟੀ ਤੇ ਅਤੇ ਜਦੋਂ ਵਿਰੋਧੀ ਪਾਰਟੀ ਸੱਤਾ ਵਿਚ ਆਈ, ਉਹ ਆਪਣੇ ਤੋਂ ਪਹਿਲਾਂ ਵਾਲੀ ਪਾਰਟੀ 'ਤੇ ਦੋਸ਼ਾਰੋਪਣ ਕਰਦੀ ਰਹੀ। ਨਾਲ ਹੀ ਹਰ ਸੱਤਾਧਾਰੀ ਪਾਰਟੀ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਨੂੰ ਪੰਜਾਬ ਵਿੱਚੋਂ ਜੜ੍ਹੋਂ ਖਤਮ ਕਰਨ ਦੇ ਦਿਲਾਸੇ ਦਿੰਦੀ ਰਹੀ, ਪਰ ਇਹ ਸਵਾਲ ਕਿ ਨਸ਼ਾ ਕਦੋਂ ਖਤਮ ਹੋਵੇਗਾ ? ਅੱਜ ਵੀ ਪੰਜਾਬ ਦੇ ਲੋਕਾਂ ਸਾਹਮਣੇ ਖੜਾ ਹੈ । 2007 ਤੋਂ ਨੌਜਵਾਨ ਪੀੜ੍ਹੀਆਂ ਆਈਆਂ ਤੇ ਗਈਆਂ। ਜਿਹਨਾਂ ਦੇ ਲਾਡਲੇ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿਚ ਚਲੇ ਗਏ ਅਤੇ ਜਿਹਨਾਂ ਦੇ ਘਰਾਂ ਦੇ ਜਗਦੇ ਚਿਰਾਗ ਗੁੱਲ ਹੋ ਗਏ, ਉਹਨਾਂ ਨੂੰ ਪੁੱਛੋ ਕਿ ਉਹਨਾਂ ਨਸ਼ਿਆਂ ਦੀ ਪੀੜ ਕਿਵੇਂ ਆਪਣੇ ਪਿੰਡਿਆਂ 'ਤੇ ਹੰਢਾਈ ਹੈ। 2007 ਤੋਂ ਪਹਿਲਾਂ ਪੰਜਾਬ ਵਿਚ ਚਿੱਟੇ ਦਾ ਨਾਂਅ ਕਿਸੇ ਨੇ ਨਹੀਂ ਸੁਣਿਆ ਸੀ। ਪੰਜਾਬ ਦੇ ਲੋਕ ਵੱਧ ਤੋਂ ਵੱਧ ਦਾਰੂ, ਅਫੀਮ, ਭੁੱਕੀ, ਡੋਡੇ ਅਤੇ ਗੋਲੀਆਂ ਵਗੈਰਾ ਖਾ ਲੈਂਦੇ ਸਨ।

ਉਹ ਵੀ ਚੋਰੀ-ਛਿਪੇ। ਅਫੀਮ ਅਤੇ ਭੁੱਕੀ ਟਰੱਕ ਡਰਾਈਵਰ ਅਤੇ ਖੇਤਾਂ 'ਚ ਕੰਮ ਕਰਨ ਵਾਲੀ ਲੇਬਰ ਕਦੇ-ਕਦਾਈਂ ਸ਼ੌਕ ਵਜੋਂ ਇਸਤੇਮਾਲ ਕਰ ਲੈਂਦੀ ਸੀ। ਅਸਲ ਵਿਚ ਪੰਜਾਬ ਵਿਚ ਨਸ਼ਿਆਂ ਦੀ ਦੇਣ ਪੰਜਾਬੀ ਫਿਲਮਾਂ ਅਤੇ ਨਾਟਕ ਹਨ। ਜਦੋਂ ਅਜੋਕੇ ਜ਼ਮਾਨੇ ਦੀਆਂ ਫਿਲਮਾਂ ਫਿਲਮ ਜਗਤ 'ਤੇ ਕਾਬਿਜ਼ ਨਹੀਂ ਹੋਈਆਂ ਸਨ, ਤਾਂ ਪੁਰਾਣੀਆਂ ਫਿਲਮਾਂ ਵਿਚ ਲੋਕਾਂ ਦੇ ਮਨੋਰੰਜਨ ਲਈ ਹਰ ਫਿਲਮ ਵਿਚ ਇੱਕ 'ਅਮਲੀ' ਪਾਤਰ ਰੱਖਿਆ ਜਾਂਦਾ ਸੀ। ਜਿਸ ਦਾ ਰੋਲ ਜ਼ਿਆਦਾਤਰ ਮਿਹਰ ਮਿੱਤਲ ਨਿਭਾਉਂਦਾ ਹੁੰਦਾ ਸੀ। ਮਿਹਰ ਮਿੱਤਲ ਤੋਂ ਪਹਿਲਾਂ ਵੀ ਪੁਰਾਣੀਆਂ ਕਲਾਸੀਕਲ ਫਿਲਮਾਂ ਵਿਚ ਇੱਕ 'ਅਮਲੀ' ਪਾਤਰ ਜ਼ਰੂਰ ਰੱਖਿਆ ਜਾਂਦਾ ਸੀ। ਬਸ ਇਹੋ ਫਿਲਮਾਂ ਦੇ 'ਅਮਲੀ' ਪਾਤਰ ਪੰਜਾਬ ਵਿਚ ਨਸ਼ਿਆਂ ਦੀ ਪਨੀਰੀ ਲਾਉਣ ਵਿਚ ਕਾਰਗਰ ਸਾਬਿਤ ਹੋਏ। ਪਹਿਲਾਂ ਅਫੀਮ, ਭੁੱਕੀ ਅਤੇ ਡੋਡੇ, ਫੇਰ ਦਾਰੂ, ਅਗਲਾ ਕਦਮ ਗੋਲੀਆਂ ਅਤੇ ਨਸ਼ਿਆਂ ਦੀ ਇੰਤਹਾ 'ਚਿੱਟਾ' ਪੰਜਾਬ ਵਿਚ ਆਇਆ। ਚਿੱਟਾ ਹਰ ਇੱਕ ਗਲੀ-ਨੁੱਕੜ 'ਤੇ ਮਿਲਣ ਲੱਗ ਪਿਆ। ਜਿਸਨੇ ਉਹ ਤਬਾਹੀ ਮਚਾਈ ਕਿ ਘਰਾਂ ਦੇ ਗਰ ਬਰਬਾਦ ਹੋਣ ਲੱਗ ਪਏ। ਨਸ਼ਿਆਂ ਕਾਰਨ ਨੌਜਵਾਨਾਂ ਦੇ ਸੱਥਰ ਵਿਛਣ ਲੱਗ ਪਏ। ਬੱਚਿਆਂ ਦੇ ਮਾਪੇ ਇਸ ਕਦਰ ਮਜਬੂਰ ਹੋ ਗਏ ਕਿ ਉਹ ਨਸ਼ਿਆਂ ਵਿਚ ਗਲਤਾਨ ਲਾਡਲਿਆਂ ਲਈ ਮੌਤ ਹੀ ਮੰਗਣ ਲੱਗ ਪਏ। ਪੰਜਾਬ ਵਿਚ ਨਸ਼ਿਆਂ ਦੀ ਉਪਲੱਬਧਤਾ ਦਾ ਦੋਸ਼ ਇੱਕ ਸੀਨੀਅਰ ਅਕਾਲੀ ਆਗੂ 'ਤੇ ਲੱਗਿਆ, ਜੋ ਅੱਜ ਤੱਕ 'ਸਿੱਟ' ਦੀਆਂ ਇਨਕੁਆਰੀਆਂ ਭੁਗਤ ਰਿਹਾ ਹੈ। ਨਸ਼ਾ ਸਿਆਸੀ ਮੁੱਦਾ ਬਣ ਗਿਆ। ਦਸ ਸਾਲ ਤੱਕ ਸੱਤਾ ਸੁੱਖ ਮਾਨਣ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਨਸ਼ਿਆਂ ਨੂੰ ਇੱਕ ਮਹੀਨੇ ਵਿਚ ਖਤਮ ਕਰਨ ਦੇ ਦਿਨ-ਦੀਵੀਂ ਸੁਫਨੇ ਦਿਖਾਏ। ਲੋਕਾਂ ਨੇ ਗੁਟਕਾ ਸਾਹਿਬ ਦੀ ਖਾਧੀ ਸਹੁੰ ਤੇ ਇਤਬਾਰ ਕਰਕੇ ਕਾਂਗਰਸ ਨੂੰ ਸੱਤਾ ਲਈ ਚੁਣਿਆ, ਪਰ ਨਸ਼ੇ ਖਤਮ ਹੋਣ ਦੀ ਬਜਾਏ ਹੋਰ ਵਧਦੇ ਗਏ। ਜਦੋਂ ਕੈਪਟਨ ਅਮਰਿੰਦਰ ਸਿੰਘ 'ਤੇ ਇਹ ਸਵਾਲ ਉੱਠਣ ਲੱਗੇ ਤਾਂ ਉਹਨਾਂ ਆਪਣੇ ਬਚਾਅ ਵਿਚ ਕਿਹਾ ਕਿ ਉਹਨਾਂ ਨਸ਼ੇ ਖਤਮ ਕਰਨ ਦੀ ਨਹੀਂ, ਬਲਕਿ ਨਸ਼ਿਆਂ ਦੀ ਕਮਰ ਤੋੜਨ ਦੀ ਸਹੁੰ ਖਾਧੀ ਸੀ। ਨਾ ਤਾਂ ਨਸ਼ੇ ਖਤਮ ਹੀ ਹੋਏ ਅਤੇ ਨਾ ਹੀ ਨਸ਼ਿਆਂ ਦੀ ਕਮਰ ਹੀ ਟੁੱਟੀ। ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਆਪਣੇ ਸਾਢੇ ਚਾਰ ਸਾਲ ਦੇ ਕਾਰਜਕਾਲ ਵਿਚ ਕਾਂਗਰਸ ਹਾਈ ਕਮਾਂਡ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਅਕਾਲੀਆਂ ਦੀ ਹੀ ਮਦਦ ਕਰਦਾ ਰਿਹਾ। ਨਸ਼ਿਆਂ ਦੇ ਕਿਸੇ ਵੀ ਸੌਦਾਗਰ ਦਾ ਕੈਪਟਨ ਰਾਜ ਵਿਚ ਵਾਲ ਵੀ ਵਿੰਗਾ ਨਹੀਂ ਹੋਇਆ। ਜੇ ਨਵਜੋਤ ਸਿੱਧੂ ਵਰਗੇ ਕਿਸੇ ਆਗੂ ਨੇ ਕੈਪਟਨ ਦੀਆਂ ਕਮਜ਼ੋਰੀਆਂ 'ਤੇ ਉਂਗਲ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜ਼ੀਰੋ ਕਰ ਦਿੱਤਾ ਗਿਆ। ਨਸ਼ੇ, ਕੇਬਲ, ਟਰਾਂਸਪੋਰਟ ਅਤੇ ਰੇਤ ਮਾਫੀਆ ਇਸ ਦੀ ਜ਼ਿੰਦਾ ਮਿਸਾਲ ਹਨ। ਜਦੋਂ ਕੈਪਟਨ ਦੇ ਪਾਜ ਉੱਘੜਨ ਲੱਗੇ ਅਤੇ ਉਸ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਬਰਤਰਫ ਕਰ ਦਿੱਤਾ ਤਾਂ ਉਹ ਕਿਸੇ ਸਟੇਟ ਦੇ ਗਵਰਨਰ ਵਰਗੀ ਪੋਸਟ ਦੀ ਝਾਕ ਵਿਚ ਭਾਜਪਾ ਵਿਚ ਜਾ ਰਲਿਆ। ਬਦਲਾਅ ਦਾ ਨਾਅਰਾ ਲੈ ਕੇ ਹੁਣ ਆਈ ਆਮ ਆਦਮੀ ਪਾਰਟੀ ਦੀ ਸਰਕਾਰ। ਉਸ ਨੇ ਵੀ ਨਸ਼ਿਆਂ ਨੂੰ ਲੈ ਕੇ ਉਹੀ ਰਾਗ ਅਲਾਪਿਆ ਕਿ ਨਸ਼ੇ ਪੰਜਾਬ ਵਿਚੋਂ ਜੜ੍ਹੋਂ ਹੀ ਖਤਮ ਕੀਤੇ ਜਾਣਗੇ। ਲੋਕ ਜਿਹਨਾਂ ਦੇ ਨੌਜਵਾਨ ਬੱਚੇ ਇਸ ਘਨੌਣੇ ਕੰਮ ਵਿਚ ਉੱਜੜੇ ਹੋਏ ਸਨ, ਉਹਨਾਂ ਦੇ ਮਨਾਂ ਵਿਚ ਇੱਕ ਹੋਰ ਉਮੀਦ ਜਾਗੀ ਕਿ ਸ਼ਾਇਦ ਕੁੱਝ 'ਬਦਲਾਅ' ਆ ਹੀ ਜਾਵੇ। ਪਰ ਉਹੀ ਢੱਕ ਦੇ ਤਿੰਨ ਪੱਤੇ। ਨਾ ਨਸਾ ਰੁਕਿਆ ਅਤੇ ਨਾ ਹੀ ਉਸਦਾ ਖਾਤਮਾ ਹੋਇਆ। ਬਲਕਿ ਲੋਕ ਤਾਂ ਇਹ ਇਲਜ਼ਾਮ ਵੀ ਲਗਾਉਂਦੇ ਹਨ ਕਿ ਨਸ਼ਾ ਪਹਿਲਾਂ ਨਾਲੋਂ ਵੀ ਅਸਾਨੀ ਨਾਲ ਮਿਲ ਜਾਂਦਾ ਹੈ। ਉਹੀ ਪਹਿਲਾਂ ਵਾਂਗ ਪੁਲਸ ਦੀ ਕਚਾਇਦ। ਇੱਕ ਅਫਸਰ ਆਇਆ, ਦੂਜਾ ਗਿਆ। ਲੋਕਾਂ ਨੂੰ ਹਰ ਵਾਰ ਇਹ ਉਮੀਦ ਰਹੀ ਕਿ ਨਵਾਂ ਪੁਲਸ ਅਫਸਰ ਸ਼ਾਇਦ ਪਹਿਲੇ ਨਾਲੋਂ ਜ਼ਿਆਦਾ ਅਸਰਦਾਰ ਸਾਬਿਤ ਹੋਵੇਗਾ। ਉਹਨਾਂ ਵੀ ਉਹੀ ਦਫਤਰੀ ਖਾਨਾ-ਪੂਰਤੀ ਕੀਤੀ। ਸਰਚ ਅਭਿਆਨ ਚਲਾਏ। ਸ਼ਹਿਰਾਂ ਵਿਚ ਲੋਕਾਂ 'ਤੇ ਅਸਰ ਪਾਉਣ ਲਈ ਪੁਲਸ ਮਾਰਚ ਕੱਢੇ ਗਏ। ਸਕੂਲਾਂ ਅਤੇ ਕਾਲਜਾਂ ਵਿਚ ਸੈਮੀਨਾਰ ਕਰਵਾਏ ਗਏ। ਪੁਲਸ ਗਸ਼ਤਾਂ ਵਧਾਈਆਂ ਗਈਆਂ। ਆਂਕੜਿਆਂ ਦੀਆਂ ਖੇਡਾਂ ਪਹਿਲਾਂ ਵਾਂਗ ਹੀ ਜਾਰੀ ਰਹੀਆਂ ਕਿ ਅੱਜ ਫਲਾਣੀ ਥਾਂ 'ਤੇ ਨਸ਼ਿਆਂ ਦੀ ਵੱਡੀ ਖੇਪ ਫੜੀ ਗਈ। ਪੁਲਸ ਨੇ ਇਸ ਮਹੀਨੇ ਜਾਂ ਇਸ ਛਿਮਾਹੀ ਵਿਚ ਐਨੇ ਗ੍ਰਾਮ ਹੈਰੋਇਨ ਫੜੀ ਆਦਿ। ਜਦੋਂ ਸੂਬੇ ਵਿਚ ਪੁਲਸ ਦੀ ਨਸ਼ਿਆਂ ਦੇ ਵਿਰੁੱਧ ਐਨੀ ਮੁਸਤੈਦੀ ਹੋਵੇ ਤਾਂ ਫਿਰ ਹੈਰਾਨੀ ਹੀ ਹੁੰਦੀ ਹੈ ਕਿ ਆਖਿਰ ਨਸ਼ੇ ਕਿੱਥੋਂ ਅਤੇ ਕਿਵੇਂ ਆ ਜਾਂਦੇ ਹਨ। ਦਰਅਸਲ ਅਜਿਹੀ ਮੁਸਤੈਦੀਆਂ ਕਾਗਜ਼ੀ ਘੋੜੇ ਦੁੜਾਉਣਾ ਹੀ ਸਾਬਤ ਹੁੰਦੇ ਹਨ। ਲੋਕਾਂ ਵਲੋਂ ਤਾਂ ਪ੍ਰਸ਼ਾਸਨ 'ਤੇ ਇਹ ਵੀ ਇਲਜਾਮ ਲਗਾਏ ਜਾਂਦੇ ਹਨ ਕਿ ਨਸ਼ਿਆਂ ਦੇ ਛੋਟੇ ਪੈਡਲਰਾਂ ਨੂੰ ਫੜ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਵੱਡੇ ਖਿਡਾਰੀ ਤਾਂ ਕਦੇ ਫੜੇ ਹੀ ਨਹੀਂ ਗਏ। ਨਸ਼ਾ ਵੱਡੇ ਪੈਡਲਰਾਂ ਕੋਲੋਂ ਹੀ ਛੋਟਿਆਂ ਤੱਕ ਪਹੁੰਚਦਾ ਹੈ। ਉੱਧਰ ਜੇਕਰ ਛੋਟੇ ਪੈਡਲਰ ਪੁਲਸ ਦੇ ਕਾਬੂ ਆ ਵੀ ਜਾਣ ਤਾਂ ਉਹ ਕੁੱਝ ਦਿਨ ਜੇਲ੍ਹ ਅੰਦਰ ਰਹਿ ਕੇ ਜ਼ਮਾਨਤ 'ਤੇ ਆ ਜਾਂਦੇ ਹਨ ਅਤੇ ਮੁੜ ਉਹੀ ਧੰਦਾ ਸ਼ੁਰੂ ਕਰ ਦਿੰਦੇ ਹਨ। ਅਜਿਹੇ ਅਨਸਰ ਵਾਰ-ਵਾਰ ਫੜੇ ਜਾਣ 'ਤੇ ਪੁਲਸ ਤੋਂ ਬੇਖੌਫ ਹੋ ਜਾਂਦੇ ਹਨ। ਪੁਲਸ ਖੁਦ ਇਹਨਾਂ ਤੋਂ ਖੌਫ ਖਾਂਦੀ ਹੈ ਕਿ ਇਹ ਕ੍ਰਿਮਿਨਲ ਲੋਕ ਕਈ ਵਾਰੀ ਪੁਲਸ ਨੂੰ ਉਲਟਾ ਫਸਾ ਲੈਂਦੇ ਹਨ। ਪਿੱਛੇ ਜਿਹੇ ਇੱਕ ਪੈਡਲਰ ਔਰਤ ਨੇ ਥਾਣਾ ਇੰਚਾਰਜ ਲੇਡੀ ਅਫਸਰ 'ਤੇ ਰਿਸ਼ਵਤ ਦਾ ਇਲਜ਼ਾਮ ਲਗਾ ਕੇ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ। ਉਹ ਤਾਂ ਲੇਡੀ ਅਫਸਰ ਹੀ ਦਲੇਰ ਨਿਕਲੀ, ਜੋ ਉਸ ਦੀ ਗ੍ਰਿਫਤ ਵਿਚ ਨਾ ਆਈ। ਅਸਲ ਵਿਚ ਇਸ ਨਸ਼ਾਖੋਰੀ ਅਤੇ ਨਸ਼ਾ ਤਿਜਾਰਤ ਦੀ ਜੜ ਬੇਰੋਜ਼ਗਾਰੀ ਹੈ। ਛੋਟੇ ਨਸ਼ਾ ਪੈਡਲਰ ਵੀ ਨਸ਼ੇ ਵੇਚ ਕੇ ਵੱਡੀਆਂ ਜਾਇਦਾਦਾਂ ਬਣਾ ਬੈਠੇ ਹਨ। ਪ੍ਰਸ਼ਾਸਨ ਨਸ਼ੇ ਵੇਚ ਕੇ ਬਣਾਈਆਂ ਜਾਇਦਾਦਾਂ ਕੁਰਕ ਕਰਨ ਵਿਚ ਅਸਫਲ ਰਿਹਾ ਹੈ। ਕੁੱਝ ਕੁ ਨਸ਼ਾ ਫਰੋਸਾਂ ਦੀਆਂ ਜਾਇਦਾਦਾਂ ਹੀ ਕੁਰਕ ਹੋਈਆਂ ਹਨ। ਇਸ ਬਿਮਾਰੀ ਨੇ ਹੁਣ ਪੰਜਾਬ ਵਿਚੋਂ ਨਿਕਲ ਕੇ ਗਵਾਂਢੀ ਰਾਜਾਂ ਹਿਮਾਚਲ ਅਤੇ ਹਰਿਆਣਾ ਨੂੰ ਵੀ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਉੱਧਰ ਜਦੋਂ ਹੁਣ ਵੀ ਨਸ਼ਾ ਬੇਖੌਫ ਵਿਕ ਰਿਹਾ ਹੈ ਅਤੇ ਅਸਾਨੀ ਨਾਲ ਉਪਲੱਬਧ ਹੈ ਤਾਂ ਸੀਨੀਅਰ ਅਕਾਲੀ ਆਗੂ ਜੋ ਨਸ਼ਾ ਫਰੋਸ਼ੀ ਦੇ ਸੰਗੀਨ ਇਲਜ਼ਾਮ ਝੇਲ ਰਿਹਾ ਹੈ, ਉਹ ਇਸ ਗੱਲ 'ਤੇ ਸੁਰਖਰੂ ਹੋ ਬੈਠਾ ਹੈ ਕਿ ਉਸ ਉੱਤੇ ਤਾਂ ਸਿਆਸੀ ਰੰਜਿਸ਼ ਕਾਰਨ ਇਲਜ਼ਾਮ ਲੱਗੇ ਸਨ। ਨਸ਼ਾ ਤਾਂ ਮੌਜੂਦਾ ਸਰਕਾਰ ਦੀ ਮਿਲੀਭੁਗਤ ਨਾਲ ਵਿਕ ਰਿਹਾ ਹੈ। ਨਸਾ ਭਾਵੇਂ ਜਿਸ ਮਰਜ਼ੀ ਤਰੀਕੇ ਨਾਲ ਵਿਕ ਰਿਹਾ ਹੋਵੇ, ਇਹ ਸਾਡੇ ਸਮਾਜ ਅਤੇ ਸਮੇਂ ਦੀਆਂ ਸਰਕਾਰਾਂ ਦੇ ਮੱਥੇ 'ਤੇ ਬਦਨੁਮਾ ਕਲੰਕ ਹੈ। ਨਸ਼ੇ ਦਾ ਪੰਜਾਬ ਵਿੱਚੋਂ ਹਰ ਹਾਲਤ ਵਿਚ ਨਾਸ ਹੋਣਾ ਚਾਹੀਦਾ ਹੈ।

***# ਸੰਪਰਕ : 98154-61301***

# ਪਾਠਕ-ਸੱਥ

## ਗੁਆਂਢੀਆਂ ਤੋਂ ਨਿੱਖੜ ਚੁੱਕਾ ਭਾਰਤ

ਨਵਾਂ ਜ਼ਮਾਨਾ 16 ਜਨਵਰੀ) ਵਿੱਚ ਸੰਪਾਦਕੀ 'ਗੁਆਂਢੀਆਂ ਤੋਂ ਨਿੱਖੜ ਚੁੱਕਾ ਭਾਰਤ' ਬੜੇ ਗੰਭੀਰ ਮੁੱਦੇ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰ ਰਿਹਾ ਹੈ।

ਕੀ ਸਾਡੇ ਮੁਲਕ ਦੀ ਵਿਦੇਸ਼ੀ ਨੀਤੀ ਵਿੱਚ ਹੀ ਕਿਤੇ ਨਾਂ ਕਿਤੇ ਕੋਈ ਗੜਬੜ ਹੈ ਕਿ ਸਾਡੇ ਗੁਆਂਢੀ ਨੇਪਾਲ, ਭੂਟਾਨ, ਮਾਲਦੀਵ ਅੱਜ ਸਾਥੋਂ ਤੋਂ ਹੋਣ ਦੇ ਤੇਵਰ ਦਿਖਾ ਰਹੇ ਹਨ।ਸਾਨੂੰ ਗੰਭੀਰਤਾ ਨਾਲ ਵਿਦੇਸ਼ ਨੀਤੀ ਦੀ ਪੜਚੋਲ ਕਰਨੀ ਬਣਦੀ ਹੈ।ਹੋ ਸਕੇ ਤਾਂ ਨਿੱਕੀ ਮੋਟੀ ਰੱਦੋ-ਬਦਲ ਵੀ।ਚੀਨ ਅਤੇ ਪਾਕਿਸਤਾਨ ਨਾਲ ਤਾ ਸਾਡਾ ਚਿਰੋਕਣਾ ਸਰਹੱਦੀ ਰੌਲਾ ਚੱਲਦਾ ਹੈ । ਇਹ ਸੰਪਾਦਕੀ ਪਾਠਕਾਂ ਨੂੰ ਵਾਜਬ ਜਾਣਕਾਰੀ ਦੇ ਰਿਹਾ ਹੈ ਅਤੇ ਸਹੀ ਮਸ਼ਵਰਾ ਵੀ।

**-ਹਰੀ ਕ੍ਰਿਸ਼ਨ ਮਾਇਰ, ਲੁਧਿਆਣਾ**

## ਫਜ਼ੂਲ ਨਾ ਘੁੰਮੋ

ਅੱਜਕੱਲ੍ਹ ਆਮ ਹੀ ਵੇਖਣ ਵਿੱਚ ਆਉਂਦਾ ਹੈ ਕਿ ਬਹੁਤ ਸਾਰੇ ਲੋਕ ਬਿਨਾਂ ਕੰਮ ਤੋਂ ਹੀ ਇੱਧਰ-ਉੱਧਰ ਘੁੰਮਦੇ ਫਿਰਦੇ ਰਹਿੰਦੇ ਹਨ। ਜ਼ਿਆਦਾਤਰ ਲੋਕ ਕਾਰਾਂ ਅਤੇ ਮੋਟਰਸਾਈਕਲਾਂ 'ਤੇ ਘੁੰਮਦੇ ਹਨ। ਬਿਨਾਂ ਕਿਸੇ ਕੰਮ ਤੋਂ ਘੁੰਮਦੇ ਵਿਹਲੜ ਲੋਕ ਸਾਰੇ ਸਮਾਜ ਲਈ ਦੁਸ਼ਵਾਰੀਆਂ ਹੀ ਖੜ੍ਹੀਆਂ ਕਰਦੇ ਹਨ। ਫਜ਼ੂਲ ਘੁੰਮਣ/ਫਿਰਨ ਨਾਲ ਪੈਸੇ ਦੀ ਬਹੁਤ ਬਰਬਾਦੀ ਹੁੰਦੀ ਹੈ, ਟਰੈਫਿਕ ਵਧਣ ਕਰਕੇ ਜਾਮ ਲਗਦੇ ਹਨ, ਹਵਾ ਅਤੇ ਸ਼ੋਰ ਪ੍ਰਦੂਸਣ ਵਧਦਾ ਹੈ,ਹਾਦਸੇ ਜ਼ਿਆਦਾ ਵਾਪਰਦੇ ਹਨ, ਸਮੇਂ ਦੀ ਬਰਬਾਦੀ ਹੁੰਦੀ ਹੈ । ਜ਼ਿਆਦਾ ਠੰਡ ਵਿੱਚ ਫਜ਼ੂਲ ਘੁੰਮਣ ਫਿਰਨ ਨਾਲ ਠੰਡ ਵੀ ਲੱਗ ਸਕਦੀ ਹੈ। ਜ਼ਿਆਦਾ ਠੰਢ ਤੋਂ ਬਚਣ ਅਤੇ ਸਮਾਜ ਦੀ ਬਿਹਤਰੀ ਲਈ ਸਾਨੂੰ ਬਿਨਾਂ ਕੰਮ ਤੋਂ ਘਰੋਂ ਬਾਹਰ ਫਜ਼ੂਲ ਨਹੀਂ ਘੁੰਮਣਾ/ਫਿਰਨਾ ਚਾਹੀਦਾ। ਇਸੇ ਵਿੱਚ ਹੀ ਸਾਡੀ ਖੁਦ ਆਪਣੀ ਅਤੇ ਸਮੁੱਚੇ ਸਮਾਜ ਦੀ ਭਲਾਈ ਹੈ। ਅਜਿਹਾ ਕਰਕੇ ਹੀ ਅਸੀਂ ਵਧੀਆ ਸਮਾਜਿਕ ਪ੍ਰਾਣੀ ਹੋਣ ਦਾ ਸਬੂਤ ਦੇ ਸਕਦੇ ਹਾਂ।

**-ਅੰਗਰੇਜ ਸਿੰਘ ਵਿੱਕੀ, 98888-70822**

## ਕੌਮਾਂ ਦੀ ਬਿਮਾਰ ਮਾਨਸਿਕਤਾ ਦਾ ਸਬੂਤ ਅੰਧਵਿਸ਼ਵਾਸ

ਅੰਧਵਿਸ਼ਵਾਸ ਸਾਰੇ ਵਿਸ਼ਵਾਸਾਂ ਦਾ ਕਾਤਲ ਹੁੰਦਾ ਹੈ ਅਤੇ ਇਸ ਦਾ ਮੁੱਖ ਸਰੋਤ ਧਾਰਮਕ ਆਧਾਰ ਸਭ ਤੋਂ ਵਧੇਰੇ ਨਜ਼ਦੀਕ ਦਾ ਖੇਤਰ ਹੈ । ਉਵੇਂ ਤਾਂ ਸਮੁੱਚੇ ਸੰਸਾਰ ਵਿੱਚ ਅੰਧ-ਵਿਸ਼ਵਾਸ ਪਾਇਆ ਜਾਂਦਾ ਹੈ। ਪ੍ਰੰਤੂ ਭਾਰਤ ਦੇਸ਼ ਵਿੱਚ ਇਸ ਦਾ ਰੂਪ ਭਿਆਨਕ ਹੱਦ ਤੱਕ ਹੈ। ਦੇਸ਼ ਭਾਰਤ ਵਿੱਚ ਲੱਖਾਂ ਬਾਬੇ - ਖੜਬਾਬੇ ਨਕਲੀ ਦੇਵੀਆਂ ਇਸ ਰੋਗ ਨੂੰ ਫੈਲਾਉਂਦੇ ਹਨ। ਸਾਰੇ ਬਾਬੇ ਆਮ ਬੰਦੇ ਨੂੰ ਸਮੋਹਨ ਦੁਆਰਾ ਖੌਫ਼ਜ਼ਦਾ ਕਰਦੇ ਹਨ । ਵਿਗਿਆਨ ਦੇ ਇਸ ਯੁੱਗ ਵਿਚ ਜਦੋਂ ਕਿ ਮਾਨਵ ਮੰਗਲ ਤਕ ਪਹੁੰਚ ਰਿਹਾ ਹੈ ਉਥੇ ਹੀ ਅੰਧਵਿਸ਼ਵਾਸੀਆਂ ਦੀ ਚੇਤਨਾ ਗਡੋਇਆਂ ਵਾਂਗ ਰੀਂਗ ਰਹੀ ਹੈ। ਅੰਧਵਿਸ਼ਵਾਸ਼ੀ ਹੀ ਬਾਬਿਆਂ ਦੀ ਲੋੜ ਪੈਦਾ ਕਰਦੇ ਹਨ ਪਰ ਦੁਖਦ ਅਵਸਥਾ ਇਹ ਹੈ ਕਿ ਸਾਡੀਆਂ ਸਰਕਾਰਾਂ ਖੁਦ ਅੰਧਵਿਸ਼ਵਾਸ ਪੈਦਾ ਕਰਨ ਵਾਲੇ ਸੰਸਥਾਨਾਂ ਤੇ ਬਾਬਿਆਂ ਨੂੰ ਸਰਪ੍ਰਸਤੀ ਦੇਂਦੀਆਂ ਹਨ। ਇਹੀ ਅੰਧਵਿਸ਼ਵਾਸੀ ਸੰਸਥਾਨ ਵੋਟਾਂ ਦੀ ਖੇਤੀ ਕਰਦੇ ਹਨ। ਅਨਪੜ੍ਹ ਤਾਂ ਅਨਪੜ੍ਹ ਪੜ੍ਹੇ-ਲਿਖੇ ਲੋਕ ਵੀ ਅੰਧਵਿਸ਼ਵਾਸ ਵਿੱਚ ਫ਼ਸੇ ਹੋਏ ਹਨ। ਧਰਮ - ਮਜ਼ਹਬ ਵੱਡੇ ਵੱਡੇ ਅੰਧ ਵਿਸ਼ਵਾਸ ਪੈਦਾ ਕਰਦੇ ਹਨ। ਜੇ ਸਾਡੀਆਂ ਸਰਕਾਰਾਂ ਸੁਹਿਰਦ ਹੋਣ ਤਾਂ ਅੰਧ-ਵਿਸ਼ਵਾਸ ਫੈਲਾਉਣ ਵਾਲੇ ਬਾਬਿਆਂ ਦੇ ਖਿਲਾਫ ਕਾਨੂੰਨ ਬਣਾ ਕੇ ਇਸ ਨੂੰ ਰੋਕਿਆ ਜਾ ਸਕਦਾ ਹੈ। ਪਰ ਅੰਧ-ਵਿਸ਼ਵਾਸ ਰਾਜਨੀਤੀਵਾਨਾਂ ਦਾ ਸਕਾ ਪੁੱਤ ਹੈ।

**-ਕਸ਼ਮੀਰ ਸਿੰਘ ਕਾਦੀਆਂ, 78379-17054**

# ਕਿਸਾਨ ਜਥੇਬੰਦੀ ਸਿੱਧੂਪੁਰ ਵੱਲੋਂ ਥਾਣੇ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)** -ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਇੱਕ ਕਿਸਾਨ ਨਾਲ ਹੋਈ ਧੱਕੇਸ਼ਾਹੀ ਦੇ ਖ਼ਿਲਾਫ਼ ਥਾਣਾ ਪਾਤੜਾਂ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਲਾਇਆ ਗਿਆ ਹੈ। ਪੁਲਸ ਦੇ ਉੱਚ ਅਧਿਕਾਰੀਆਂ ਨਾਲ ਹੋਈ ਗੱਲਬਾਤ ਅਸਫ਼ਲ ਰਹਿਣ ਮਗਰੋਂ ਜਥੇਬੰਦੀ ਦੇ ਆਗੂਆਂ ਨੇ ਸੰਘਰਸ਼ ਨੂੰ ਹੋਰ ਤੇਜ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਹੈ। ਜਥੇਬੰਦੀ ਦੀ ਸ਼ਾਦੀਹਰੀ ਪਿੰਡ ਦੀ ਇਕਾਈ ਦੇ ਪ੍ਰਧਾਨ ਭੋਲਾ ਸਿੰਘ ਨੇ ਦੱਸਿਆ ਕਿ ਜਗਪਾਲ ਸਿੰਘ ਹਾਲ ਵਾਸੀ ਪਾਤੜਾਂ ਨੇ ਪਿੰਡ ਦੁਗਾਲ ਦੇ ਰਣਧੀਰ ਸਿੰਘ ਤੋਂ ਇੱਕ ਏਕੜ ਜ਼ਮੀਨ ਖਰੀਦੀ ਸੀ। ਤਕਸੀਮ ਕਰਾਉਣ ਮਗਰੋਂ ਉਹ ਫ਼ਸਲ ਬੀਜ ਰਿਹਾ ਸੀ। ਉਕਤ ਵਿਅਕਤੀ ਨੇ ਖਰੀਦਦਾਰ ਨੂੰ ਤੰਗ-ਪ੍ਰੇਸ਼ਾਨ ਕਰਦਿਆਂ ਪੁਲਸ ਨਾਲ ਰਲ ਕੇ ਚੋਰੀ ਦਾ ਝੂਠਾ ਕੇਸ ਦਰਜ ਕਰਾਉਣ ਮਗਰੋਂ ਹੋਰ ਬੰਦਿਆਂ ਨਾਲ ਬੀਜੀ ਹੋਈ ਕਣਕ ਵਾਹਣ ਦੀ ਕੋਸ਼ਿਸ਼ ਕੀਤੀ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਜਥੇਬੰਦੀ ਦੇ ਆਗੂਆਂ ਨੇ ਥਾਣਾ ਪਾਤੜਾਂ ਦੇ ਅਧਿਕਾਰੀਆਂ ਨੂੰ ਮਿਲ ਕੇ ਇਨਸਾਫ਼ ਦੀ ਮੰਗ ਕੀਤੀ, ਪਰ ਕੋਈ ਸੁਣਵਾਈ ਨਹੀਂ ਹੋਈ ਹੁਣ ਮਜਬੂਰੀ ਵੱਸ ਥਾਣੇ ਅੱਗੇ ਧਰਨਾ ਲਾਉਣਾ ਪਿਆ ਹੈ।

ਹਰਕਤ ਵਿੱਚ ਆਈ ਪਾਤੜਾਂ ਪੁਲਸ ਨੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਸਮੇਤ ਹੋਰ ਆਗੂਆਂ ਦੀ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ, ਜੋ ਸਿਰੇ ਨਹੀਂ ਚੜ੍ਹ ਸਕੀ। ਉਨ੍ਹਾਂ ਕਿਹਾ ਹੈ ਕਿ ਜਥੇਬੰਦੀ ਨੇ ਅਣਮਿੱਥੇ ਸਮੇਂ ਦਾ ਧਰਨਾ ਜਾਰੀ ਰੱਖਣ ਦਾ ਫੈਸਲਾ ਕਰਕੇ ਸਮੂਹ ਬਲਾਕ ਅਹੁਦੇਦਾਰਾਂ ਤੋਂ ਹੋਰ ਕਿਸਾਨਾਂ ਨੂੰ ਸੰਘਰਸ਼ ਦੇ ਸੱਦੇ ਭੇਜੇ ਹਨ। ਦੂਜੀ ਧਿਰ ਰਣਧੀਰ ਸਿੰਘ ਨੇ ਉਕਤ ਦੋਸ਼ਾਂ ਨੂੰ ਝੂਠ ਦੱਸਦਿਆਂ ਕਿਹਾ ਕਿ ਉਸ ਤੋਂ ਜਗਪਾਲ ਸਿੰਘ ਨੇ ਮੈਰਿਜ ਪੈਲੇਸ ਠੇਕੇ 'ਤੇ ਲਿਆ ਸੀ। ਕਰੋਨਾ ਹੋਣ ਕਰਕੇ ਲੋੜ ਪੈਣ 'ਤੇ ਉਸ ਨੇ 20 ਲੱਖ ਰੁਪਏ ਡੇਢ ਰੁਪਏ ਸੈਂਕੜਾ ਵਿਆਜ 'ਤੇ ਲਏ ਸਨ, ਜਿਸ ਦੀ ਜ਼ਿੰਮੇਵਾਰੀ ਵਜੋਂ ਉਸ ਨੇ 8 ਕਨਾਲ ਜ਼ਮੀਨ ਜੋ ਉਸਦੇ ਪੁੱਤਰ ਦੇ ਨਾਂਅ ਸੀ, ਉਸ ਦੀ ਰਜਿਸਟਰੀ ਕਰਾਈ ਸੀ। ਉਸੇ ਦਿਨ ਹੀ ਵਿਆਜ 'ਤੇ ਲਏ ਰੁਪਏ ਸਮੇਤ ਵਿਆਜ ਵਾਪਸ ਕਰਨ ਤੇ ਬੈਅ ਕੀਤੀ ਗਈ ਜ਼ਮੀਨ ਵਾਪਸ ਲੈਣ ਲਈ ਇਕਰਾਰਨਾਮਾ ਕੀਤਾ ਸੀ। ਪੰਚਾਇਤੀ ਤੌਰ 'ਤੇ ਹੋਏ ਫ਼ੈਸਲੇ ਤਹਿਤ ਉਨ੍ਹਾਂ ਵਿਆਜ ਸਮੇਤ 28 ਲੱਖ ਰੁਪਏ ਵਾਪਸ ਕਰਕੇ ਰਜਿਸਟਰੀ ਉਸ ਦੇ ਨਾਂਅ ਲਈ ਆਖਿਆ, ਪਰ ਜਗਪਾਲ ਸਿੰਘ ਖਰਾ ਨਹੀਂ ਉਤਰਿਆ। ਹੁਣ ਅਦਾਲਤ ਵਿੱਚ ਕੇਸ ਹੈ, ਅਦਾਲਤ ਜੋ ਫੈਸਲਾ ਕਰੇਗੀ, ਉਹ ਉਸ ਨੂੰ ਮਨਜ਼ੂਰ ਹੋਵੇਗਾ।



ਥਾਣਾ ਮੁਖੀ ਹੈਰੀ ਬੋਪਾਰਾਏ ਨੇ ਕਿਹਾ ਹੈ ਕਿ ਦੋਹਾਂ ਪਾਰਟੀ ਵਿੱਚ ਜ਼ਮੀਨ ਨੂੰ ਲੈ ਕੇ ਝਗੜਾ ਚੱਲਦਾ ਆ ਰਿਹਾ ਹੈ, ਜਿਸ ਨੂੰ ਨਿਪਟਾਉਣ ਲਈ ਸਮਾਂ ਲੱਗੇਗਾ। ਕਿਸਾਨ ਜਥੇਬੰਦੀ ਦੀ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਾ ਦਿੱਤੀ ਹੈ ਅਤੇ ਦੋਵਾਂ ਧਿਰਾਂ ਨੂੰ ਬਿਠਾ ਕੇ ਛੇਤੀ ਹੀ ਮਾਮਲੇ ਨੂੰ ਨਿਬੇੜ ਲਿਆ ਜਾਵੇਗਾ।

# ਬਿਜਲੀ ਕਾਮੇ 6 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਦੇਣਗੇ ਧਰਨਾ



**ਸਮਰਾਲਾ, (ਸੁਰਜੀਤ ਸਿੰਘ)** ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੀ ਆਨਲਾਈਨ ਮੀਟਿੰਗ ਹੋਈ।ਸਾਂਝੇ ਫੋਰਮ ਵਿੱਚ ਸ਼ਾਮਲ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਰਜਿ: ਇੰਪਲਾਈਜ਼ ਫੈਡਰੇਸ਼ਨ ਪੀ.ਐਸ.ਈ.ਬੀ. (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕ੍ਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਮਨਿਸਟਰੀਅਲ ਸਰਵਿਸਜ਼ ਯੂਨੀਅਨ, ਥਰਮਲਜ਼ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਹੈਡ ਆਫਿਸ ਇੰਪਲਾਈਜ਼ ਫੈਡਰੇਸ਼ਨ, ਵਰਕਰ ਫੈਡਰੇਸ਼ਨ (ਇੰਟਕ) ਅਤੇ ਸਬ ਸਟੇਸ਼ਨ ਵੈਲਫੇਅਰ ਐਸੋਸੀਏਸ਼ਨ ਦੇ ਆਗੂਆਂ ਸਰਬ ਸਾਥੀ ਕਰਮਚੰਦ ਭਾਰਦਵਾਜ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ , ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਜਗਜੀਤ ਸਿੰਘ ਕੰਡਾ, ਗੁਰਪਿਆਰ ਸਿੰਘ ਆਦਿ ਨੇ ਦੱਸਿਆ ਕਿ ਪਾਵਰ ਮੈਨੇਜਮੈਂਟ ਸੀ ਆਰ ਏ 295/19 ਰਾਹੀਂ ਭਰਤੀ ਕੀਤੇ ਸਹਾਇਕ ਲਾਇਨਮੈਨਾਂ ਦੇ ਮਸਲੇ ਨੂੰ ਹੱਲ ਨਹੀਂ ਕਰ ਰਹੀ, ਬਲਕਿ ਇਨ੍ਹਾਂ ਕਾਮਿਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਬਿਜਲੀ ਕਾਮਿਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ, ਜਿਸ ਕਰਕੇ ਬਿਜਲੀ ਕਾਮਿਆਂ ਵਿੱਚ ਭਾਰੀ ਰੋਸ ਹੈ।ਇਨ੍ਹਾਂ ਕਾਮਿਆਂ ਨੂੰ ਪਰਖ ਕਾਲ ਦਾ ਸਮਾਂ ਸਫ਼ਲਤਾ ਪੂਰਵਕ ਸੰਪੰਨ ਹੋਣ ਤੇ ਵੀ ਨਿਯੁਕਤੀ ਪੱਤਰ ਵਿਚਲੀਆਂ ਸ਼ਰਤਾਂ ਨੂੰ ਅੱਖੋਂ ਪਰੋਖੇ ਕਰਕੇ ਪੂਰੀ ਤਨਖਾਹ ਨਹੀਂ ਦਿੱਤੀ ਜਾ ਰਹੀ ਹੈ, ਜਿਹੜੇ ਕਾਮਿਆਂ ਵੱਲੋਂ ਕੋਈ ਤਜਰਬਾ ਸਰਟੀਫਿਕੇਟ ਵੀ ਨਹੀਂ ਪੇਸ਼ ਕੀਤਾ ਗਿਆ, ਉਨ੍ਹਾਂ ਦੀ ਵੀ ਪੂਰੀ ਤਨਖਾਹ ਰਿਲੀਜ਼ ਨਹੀਂ ਕੀਤੀ ਜਾ ਰਹੀ ਹੈ।ਆਗੂਆਂ ਨੇ ਦੱਸਿਆ ਕਿ ਜੇਕਰ ਇਹਨਾਂ ਬਿਜਲੀ ਕਾਮਿਆਂ ਨਾਲ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਵਲੋਂ ਕਿਸੇ ਤਰ੍ਹਾਂ ਦੀ ਕੋਈ ਵਧੀਕੀ ਦੀ ਕਾਰਵਾਈ ਕੀਤੀ ਗਈ ਤਾਂ ਜੁਆਇੰਟ ਫੋਰਮ ਇਸਦਾ ਡਟ ਕੇ ਵਿਰੋਧ ਕਰੇਗਾ।ਆਗੂਆਂ ਨੇ ਦੱਸਿਆ ਕਿ ਮੰਨੀਆ ਮੰਗਾਂ ਲਾਗੂ ਕਰਾਉਣ ਲਈ 6 ਫਰਵਰੀ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਵਿਸ਼ਾਲ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ।

# ਚੇਅਰਮੈਨ ਅਮਿਤ ਸਿੰਗਲਾ ਨੂੰ 'ਦਾ ਬੈੱਸਟ ਰੋਟੇਰੀਅਨ ਐਵਾਰਡ' ਨਾਲ ਕੀਤਾ ਗਿਆ ਸਨਮਾਨਤ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** 24 ਦਸੰਬਰ 2023 ਨੂੰ ਸ਼ਹਿਰ ਦੀ ਇੱਕ ਨਾਮਵਰ ਸ਼ਖ਼ਸੀਅਤ ਸੀ ਏ ਅਮਿਤ ਸਿੰਗਲਾ (ਚੇਅਰਮੈਨ ਐੱਸ ਆਰ ਐੱਸ ਵਿੱਦਿਆਪੀਠ) ਨੇ ਇੱਕ ਐਵਾਰਡ ਹਾਸਲ ਕੀਤਾ, ਜੋ ਸ਼ਹਿਰ ਲਈ ਇਹ ਬਹੁਤ ਵੱਡੀ ਪ੍ਰਾਪਤੀ ਹੈ।f



ਅਮਿਤ ਸਿੰਗਲਾ ਨੇ ਸੰਸਥਾ ਵਿੱਚ ਪਾਏ ਯੋਗਦਾਨ ਬਦਲੇ ਲੋਕਾਂ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਵਾਲੀ ਇੱਕ ਗੈਰ-ਲਾਭਕਾਰੀ ਸੰਸਥਾ ਦਾ ਬੈਸਟ ਰੋਟੇਰੀਅਨ ਐਵਾਰਡ ਜਿੱਤਿਆ ਹੈ।ਇੱਕ ਐਵਾਰਡ, ਜੋ ਹਰ ਸਾਲ 2500 ਰੋਟੇਰੀਅਨਾਂ ਵਿੱਚੋਂ ਇੱਕ ਨੂੰ ਦਿੱਤਾ ਜਾਂਦਾ ਹੈ ਅਤੇ ਇਸ ਵਾਰ ਸਿੰਗਲਾ ਨੂੰ ਇਹ ਐਵਾਰਡ ਮਿਲਿਆ ਹੈ, ਜੋ ਸ਼ਹਿਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।

ਇਸ ਖ਼ੁਸ਼ੀ ਦੇ ਮੌਕੇ ਐਵਾਰਡ ਨੂੰ ਦੇਣ ਸਮੇਂ ਮੈਂਬਰ ਆਫ ਪਾਰਲੀਮੈਂਟ ਸੁਨੀਤਾ ਦੁੱਗਲ, ਆਈ ਪੀ ਡੀ ਜੀ ਗੁਲਬਹਾਰ ਸਿੰਘ ਰਟੋਲ ਤੇ ਡਿਸਟ੍ਰਿਕਟ ਗਵਰਨਰ ਘਨਸ਼ਾਮ ਕਾਂਸਲ ਅਤੇ ਕਾਊਂਸਿਲ ਆਫ਼ ਗਵਰਨਰ ਵੀ ਮੌਜੂਦ ਸਨ।

## ਮਾਰ ਦੇਣ ਦੀ ਨੀਅਤ ਨਾਲ ਕੀਤੇ ਫਾਇਰ, 4 ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਬਸਤੀ ਬੋਰੀਆਂ ਵਾਲੀ ਵਿਖੇ ਇਕ ਵਿਅਕਤੀ ਨੂੰ ਜਾਨੋਂ ਮਾਰਨ ਦੀ ਨੀਯਤ ਨਾਲ ਫਾਇਰ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ਼ 307, 34 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗਗਨਦੀਪ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਅਜੀਤ ਨਗਰ ਦਾਖਲੀ ਬਸਤੀ ਬੋਰੀਆਂ ਵਾਲੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਘਰ ਨੇੜੇ ਆਪਣੇ ਦੋਸਤਾਂ ਨਾਲ ਅੱਗ ਸੇਕ ਰਿਹਾ ਸੀ ਤਾਂ ਦੋਸ਼ੀਅਨ ਸਚਿਨ ਪੁੱਤਰ ਅਮਰੀਕਾ, ਇੰਦਰਜੀਤ ਸਿੰਘ ਪੁੱਤਰ ਜਗਸੀਰ ਸਿੰਘ ਵਾਸੀਅਨ ਪਿੰਡ ਕੁੰਡੇ ਅਤੇ 2 ਅਣਪਛਾਤੇ ਵਿਅਕਤੀ ਆਏ ਤੇ ਜਿਨ੍ਹਾਂ ਨੇ ਜਾਨੋ ਮਾਰਨ ਦੀ ਨੀਯਤ ਨਾਲ ਫਾਇਰ ਕੀਤੇ। ਵਜ੍ਹਾ ਇਹ ਹੈ ਕਿ ਉਹ ਜੋ ਦੋਸ਼ੀਅਨ ਖਿਲਾਫ਼ ਚੱਲ ਰਹੇ ਕਤਲ ਕੇਸ ਵਿਚ ਗਵਾਹੀ ਦਿੰਦਾ ਹੈ, ਜਿਸ ਕਰਕੇ ਦੋਸ਼ੀਅਨ ਨੇ ਉਸ 'ਤੇ ਹਮਲਾ ਕੀਤਾ ਹੈ। ਗਗਨਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਬੰਗੜ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਕਾਤਰਾਂ

### ਚੋਰੀ ਦੇ ਮਾਮਲੇ 'ਚ ਭਗੌੜੇ ਨੂੰ ਪੁਲਸ ਨੇ ਕੀਤਾ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਆਦੇਸ਼ਾਂ 'ਤੇ ਵੱਖ-ਵੱਖ ਮਾਮਲਿਆਂ 'ਚ ਭਗੌੜੇ ਚੱਲੇ ਆ ਰਹੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਚਲਾਈ ਗਈ ਮੁਹਿੰਮ ਤਹਿਤ ਇੱਕ ਹੋਰ ਭਗੌੜੇ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦਿਲਬਰ ਸਿੰਘ ਵਾਸੀ ਪਿੰਡ ਛਲੇੜੀ ਕਲਾਂ ਨੂੰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਮਿਤੀ 21/4/21 ਨੂੰ ਅ/ਧ 379, 411, 473 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਨਾਮਜ਼ਦ ਕੀਤਾ ਗਿਆ ਸੀ, ਜਿਸ ਨੂੰ ਫ਼ਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ 30/10/23 ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ।ਪੁਲਸ ਪਾਰਟੀ ਵੱਲੋਂ ਦਿਲਬਰ ਸਿੰਘ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਸ ਨੂੰ ਜੇਲ੍ਹ ਭੇਜਣ ਦੇ ਹੁਕਮ ਸੁਣਾਏ।

### ਰਾਇਲ ਕਲੱਬ ਨੇ ਮਿੱਠੇ ਤੇ ਨਮਕੀਨ ਚੌਲਾਂ ਦਾ ਲੰਗਰ ਲਾਇਆ

**ਧੂਰੀ (ਸੁਖਦੇਵ ਧੂਰੀ)** ਸਮਾਜ ਸੇਵੀ ਰੋਇਲ ਕਲੱਬ ਰਜਿ : ਵੱਲੋਂ ਸਬਜ਼ੀ ਮੰਡੀ ਅੰਦਰ ਮਿੱਠੇ ਤੇ ਨਮਕੀਨ ਚੌਲਾਂ ਦਾ ਲੰਗਰ ਲਾਇਆ ਗਿਆ।ਕਲੱਬ ਦੇ ਉਤਸ਼ਾਹੀ ਪ੍ਰਧਾਨ ਸੁਰਿੰਦਰ ਪਾਲ ਸਿੰਘ ਨੀਟਾ ਨੇ ਦੱਸਿਆ ਕਿ ਹਰ ਸਾਲ ਸਰਬੱਤ ਦੇ ਭਲੇ ਲਈ ਇਹ ਲੰਗਰ ਲਾਇਆ ਜਾਂਦਾ।ਉਨ੍ਹਾਂ ਕਿਹਾ ਕਿ ਦਾਨ ਕਰਨਾ ਇੱਕ ਵੱਡਾ ਪੁੰਨ ਹੈ।ਇਸ ਨੇਕ ਕੰਮ ਨੂੰ ਕਰਨ ਲਈ ਕਲੱਬ ਦੇ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਉਪਰਾਲਾ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰਥਾ ਭਵਿੱਖ ਵਿੱਚ ਵੀ ਜਾਰੀ ਰਹੇਗੀ।ਇਸ ਮੌਕੇ ਅਸ਼ੋਕ ਕੁਮਾਰ ਜੈਨ ਮੀਤ ਪ੍ਰਧਾਨ, ਅਨਿਲ ਕੁਮਾਰ ਖ਼ਜ਼ਾਨਚੀ, ਮਿੰਟੂ ਨਾਗਪਾਲ, ਕ੍ਰਿਸ਼ਨ ਕੁਮਾਰ, ਜਤਿੰਦਰ ਕੁਮਾਰ, ਰਾਮਗੋਪਾਲ, ਐਸ ਕੇ ਵਸ਼ਿਸ਼ਟ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।

### 40 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**- ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 40 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਜ਼ੀਰਾ ਗੇਟ ਸਿਟੀ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਹਰਨ ਪੁੱਤਰ ਮਿੱਠੂ ਅਤੇ ਗੁਰਵਿੰਦਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਡੂੰਮਣੀ ਵਾਲਾ ਦਾਨਾ ਮੰਡੀ ਅੰਦਰ ਬਣੇ ਸ਼ੈੱਡ ਹੇਠਾਂ ਬੈਠੇ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ, ਜੇਕਰ ਹੁਣੇ ਇਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਦੋਸ਼ੀਅਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 40 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਸ੍ਰੀ ਗੁਰੂ ਗੋਬਿੰਦ ਜੀ ਦਾ ਪ੍ਰਕਾਸ਼ ਉਤਸਵ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਆਂਸਲ) ਵਿਖੇ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ ਉਪਰੰਤ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।

ਨਗਰ ਕੀਰਤਨ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਬਾਂਸਲ) ਤੋਂ ਆਰੰਭ ਹੋ ਕੇ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸ਼ਾਹਦੀਨ ਵਾਲਾ, ਲੰਬੜੀ ਵਾਲਾ, ਜਨੇਰ, ਸਾਂਦੇ ਹਾਸ਼ਮ, ਕਾਕੂ ਵਾਲਾ, ਬਸਤੀ ਢਾਬ ਵਾਲੀ, ਬਸਤੀ ਅਜ਼ੀਜ ਵਾਲੀ, ਕਮੱਗਰ, ਪਿਆਰੇਆਣਾ, ਬਸਤੀ ਖਲੀਲ ਵਾਲੀ, ਬਸਤੀ ਲਾਲ ਸਿੰਘ, ਬਸਤੀ ਭਾਗ ਸਿੰਘ, ਬਸਤੀ ਜੀਵਨ ਸਿੰਘ, ਮੱਲਵਾਲ, ਗੁਰਦੁਆਰਾ ਜਾਮਨੀ ਸਾਹਿਬ (ਬਾਜੀਦਪੁਰ), ਪਾਇਨਰ ਕਲੋਨੀ, ਆਲੇ ਵਾਲਾ, ਸਤੀਏਵਾਲਾ, ਫ਼ਿਰੋਜ਼ਪੁਰ ਛਾਉਣੀ, ਸ਼ੇਰ ਸ਼ਾਹ ਵਾਲੀ ਚੌਂਕ, ਗਾਂਧੀ ਨਗਰ, ਸ਼ਹੀਦ ਊਧਮ ਸਿੰਘ ਚੌਕ, ਬਗਦਾਦੀ ਗੇਟ, ਜ਼ੀਰਾ ਗੇਟ, ਗੁਰਦੁਆਰਾ ਗੁਰੂ ਤੇਗ ਬਹਾਦਰ, ਖੂਹ ਕੋਟੀਆਂ ਵਾਲਾ, ਦਾਣਾ ਮੰਡੀ ਫ਼ਿਰੋਜ਼ਪੁਰ, ਖੁਸ਼ਹਾਲ ਸਿੰਘ ਵਾਲਾ (ਰੱਖੜੀ), ਗੋਡਰ ਵਾਲਾ, ਆਸਲ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

ਸੰਗਤਾਂ ਵੱਲੋਂ ਥਾਂ-ਥਾਂ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ।ਬੈਂਡ ਦੀ ਸੇਵਾ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸ਼ਾਹਦੀਨ ਵਾਲਾ ਦੇ ਬੱਚਿਆਂ ਵੱਲੋਂ ਕੀਤੀ ਗਈ ਅਤੇ ਗੱਤਕਾ ਪਾਰਟੀ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਇਸ ਮੌਕੇ ਗੁਰਦੁਆਰਾ ਰਾਮਦਾਸਪੁਰੀ ਦੇ ਮੁੱਖ ਸੇਵਾਦਾਰ ਭਗਤ ਬਾਬਾ ਮਿਲਖਾ ਸਿੰਘ ਜੀ ਨੇ ਨਗਰ ਕੀਰਤਨ ਵਿੱਚ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਤੇ ਗੁਰੂ ਘਰ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

# ਏ ਆਈ ਐੱਸ ਐੱਫ਼ ਤੇ ਏ ਆਈ ਵਾਈ ਐੱਫ ਵੱਲੋਂ ਡੀ ਸੀ ਦੇ ਪੁਤਲੇ ਫੂਕਣ ਦਾ ਐਲਾਨ

**ਜਲਾਲਾਬਾਦ (ਰਣਬੀਰ ਕੌਰ ਢਾਬਾਂ)** ਸਰਹੱਦੀ ਖੇਤਰ ਦੇ ਪਿੰਡਾਂ 'ਚ ਹੜ੍ਹ ਆਉਣ




ਕਾਰਨ ਅਤੇ ਉਪਰੰਤ ਜ਼ਮੀਨ ਤੇ ਆਈ ਦਰਿਆ ਦੀ ਰੇਤ ਦੀ ਗੈਰ ਕਾਨੂੰਨੀ ਖੁਦਾਈ ਕਾਰਨ ਸਾਰੀਆਂ ਸੜਕਾਂ ਟੁੱਟ ਚੁੱਕੀਆਂ ਹਨ, ਜਿਸ ਸੰਬੰਧੀ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਇੱਕ ਮਹੀਨਾ ਪਹਿਲਾਂ ਲਿਖਤੀ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ, ਪ੍ਰੰਤੂ ਉਸ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਅਮਲ ਨਹੀਂ ਕੀਤਾ ਜਾ ਰਿਹਾ, ਜਿਸ ਦੀ ਵਿਰੋਧ 'ਚ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ ਡੀਸੀ ਫ਼ਾਜ਼ਿਲਕਾ ਮੈਡਮ ਸੇਨੂ ਦੁੱਗਲ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਹੈ।

ਪਿੰਡ ਝੰਗੜਭੈਣੀ ਵਿਖੇ ਜੁੜੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸ਼ੁਬੇਗ ਝੰਗੜ ਭੈਣੀ ਅਤੇ ਨੌਜਵਾਨ ਆਗੂ ਗੁਰਦਿਆਲ ਸਿੰਘ ਨੇ ਕਿਹਾ ਕਿ ਬਾਰਡਰ ਪੱਟੀ ਦੇ ਪਿੰਡਾਂ ਵਿੱਚ ਹੜ੍ਹ ਆਉਣ ਕਾਰਨ ਅਤੇ ਰੇਤੇ ਦੀ ਢੋਆ-ਢੋਆਈ ਤੋਂ ਬਾਅਦ ਸੜਕਾਂ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ। ਰਾਤ ਦੀ ਗੱਲ ਤਾਂ ਛੱਡੋ ਇਨ੍ਹਾਂ ਸੜਕਾਂ 'ਤੇ ਦਿਨ ਵੇਲੇ ਵੀ ਆਉਣਾ-ਜਾਣਾ ਬਹੁਤ ਮੁਸ਼ਕਲ ਹੋ ਗਿਆ ਹੈ।ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਬਾਰਡਰ ਪੱਟੀ 'ਤੇ ਵੱਸਦੇ ਲੋਕਾਂ ਵਾਸਤੇ ਸਰਕਾਰੀ ਬੱਸਾਂ ਦੀ ਸੇਵਾ ਜਲਦੀ ਸ਼ੁਰੂ ਕਰਨੀ ਚਾਹੀਦੀ ਹੈ, ਜਿਸਦਾ ਸਭ ਤੋਂ ਵੱਡਾ ਲਾਭ ਵਿਦਿਆਥੀਆਂ ਨੂੰ ਬਾਰ੍ਹਵੀਂ ਜਮਾਤ ਕਾਰਨ ਤੋਂ ਬਾਅਦ ਉੱਚ ਵਿੱਦਿਆ ਹਾਸਲ ਕਰਨ ਵਿੱਚ ਮਿਲੇਗਾ।ਇੱਕ ਹੋਰ ਮੰਗ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬਾਰਡਰ ਪੱਟੀ 'ਤੇ ਕਰੀਬ 10 ਪਿੰਡਾਂ ਦਾ ਇੱਕੋ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ ਵਿੱਚ ਲੰਬੇ ਸਮੇਂ ਤੋਂ ਇੱਕ ਪ੍ਰਿੰਸੀਪਲ ਅਤੇ ਸੱਤ ਲੈਕਚਰਾਰ ਦੀਆਂ ਖਾਲੀ ਅਸਾਮੀਆਂ ਨੂੰ ਸਰਕਾਰ ਜਾਣ-ਬੁੱਝ ਕੇ ਨਹੀਂ ਭਰ ਰਹੀ, ਜਿਸ ਕਾਰਨ ਗਿਆਰ੍ਹਵੀਂ ਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਉਹ ਡੀਸੀ ਨੂੰ ਦੋ ਵਾਰ ਮੰਗ ਪੱਤਰ ਦੇ ਚੁੱਕੇ ਹਾਂ, ਪਰ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਹੀਂ ਸਰਕੀ।ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ ਸੋਮਵਾਰ ਤੋਂ ਲਗਾਤਾਰ ਬਾਰਡਰ ਪੱਟੀ ਦੇ ਪਿੰਡਾਂ ਵਿੱਚ ਡੀਸੀ ਫ਼ਾਜ਼ਿਲਕਾ ਦਾ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਜਾਵੇਗਾ।

## ਔਰਤ ਸਣੇ ਦੋ ਅਣਪਛਾਤਿਆਂ ਦੀਆਂ ਲਾਸ਼ਾਂ ਮਿਲੀਆਂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਇੱਕ ਔਰਤ ਸਣੇ ਦੋ ਅਣਪਛਾਤੇ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਦਾ ਸਮਾਚਾਰ ਹੈ।ਜੀ.ਆਰ.ਪੀ. ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਸਰਹਿੰਦ ਦੇ ਪਲੇਟਫਾਰਮ ਨੰਬਰ 3 'ਤੇ ਇੱਕ ਅਣਪਛਾਤੀ ਔਰਤ ਬੇਸੁੱਧ ਪਈ ਦਿਖਾਈ ਦਿੱਤੀ, ਜੋ ਚੈੱਕ ਕਰਨ 'ਤੇ ਮ੍ਰਿਤਕ ਪਾਈ ਗਈ, ਜਿਸ ਦੀ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਔਰਤ ਦੀ ਉਮਰ 50/55 ਸਾਲ ਦੇ ਕਰੀਬ ਹੈ ਤੇ ਉਸਦੀ ਬਾਂਹ 'ਤੇ ਘੜੀ ਦਾ ਟੈਟੂ ਬਣਿਆ ਹੋਇਆ ਹੈ, ਜੋ ਦੇਖਣ ਨੂੰ ਮੰਗਤੀ ਲੱਗਦੀ ਹੈ, ਜਿਸਦੀ ਮੌਤ ਠੰਡ ਕਾਰਨ ਹੋਈ ਜਾਪਦੀ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਕਿਸੇ ਕੋਲ ਵੀ ਜਾਣਕਾਰੀ ਹੋਵੇ ਤਾਂ ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਿਸ ਨੂੰ ਤੁਰੰਤ ਸੂਚਿਤ ਕੀਤਾ ਜਾਵੇ।ਇੱਕ ਵੱਖਰੇ ਮਾਮਲੇ 'ਚ ਬਾਬਾ ਬੰਦਾ ਸਿੰਘ ਇੰਜੀਨੀਅਰਿੰਗ ਕਾਲਜ ਫ਼ਤਹਿਗੜ੍ਹ ਸਾਹਿਬ ਦੀ ਬਾਹਰਲੀ ਕੰਧ ਕੋਲੋਂ ਵੀ ਇੱਕ ਬਜ਼ੁਰਗ ਵਿਅਕਤੀ ਦੀ ਲਾਸ਼ ਮਿਲਣ ਦੀ ਸੂਚਨਾ ਹੈ।ਥਾਣਾ ਫ਼ਤਹਿਗੜ੍ਹ ਸਾਹਿਬ ਦੇ ਸਹਾਇਕ ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਇੰਜਨੀਅਰਿੰਗ ਕਾਲਜ ਨੇੜਿਓਂ ਕਰੀਬ 70 ਸਾਲ ਉਮਰ ਦੇ ਇੱਕ ਅਣਪਛਾਤੇ ਬਜ਼ੁਰਗ ਵਿਅਕਤੀ ਦੀ ਲਾਸ਼ ਮਿਲੀ ਹੈ, ਜੋ ਠੰਡ ਕਾਰਨ ਫੁੱਟਪਾਥ 'ਤੇ ਆਕੜਿਆ ਪਿਆ ਸੀ।ਉਨ੍ਹਾਂ ਦੱਸਿਆ ਕਿ ਮ੍ਰਿਤਕ ਜੋ ਦੇਖਣ 'ਚ ਚਕਰਵਰਤੀ ਕਿਸਮ ਦਾ ਜਾਪਦਾ ਹੈ, ਦੀ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।

## 26 ਨੂੰ ਕੀਤਾ ਜਾਵੇਗਾ ਟਰੈਕਟਰ ਮਾਰਚ : ਪੀਰ ਮੁਹੰਮਦ, ਤਲਵੰਡੀ



**ਮੱਖੂ (ਰਛਪਾਲ ਸਿੰਘ ਸੰਧੂ)** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮਖੂ ਦੀ ਮੀਟਿੰਗ ਬਲਵਿੰਦਰ ਸਿੰਘ ਮਰਾੜ ਦੀ ਪ੍ਰਧਾਨਗੀ ਹੇਠ ਹੋਈ।ਲਖਵਿੰਦਰ ਸਿੰਘ ਪੀਰ ਮੁਹੰਮਦ, ਪ੍ਰਗਟ ਸਿੰਘ ਤਲਵੰਡੀ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਇੱਕਠਾ ਹੋਇਆ ਹੈ, ਉਸ ਨਾਲ ਜਥੇਬੰਦੀਆਂ ਦੇ ਵਰਕਰਾਂ ਕਿਸਾਨਾਂ ਮਜ਼ਦੂਰਾਂ ਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ, ਕਿਉਂਕਿ ਦਿੱਲੀ ਕਿਸਾਨ ਅੰਦੋਲਨ ਜਿੱਤਣ ਤੋਂ ਬਾਅਦ ਕਈ ਕਿਸਾਨ ਜਥੇਬੰਦੀਆਂ ਵੱਖ-ਵੱਖ ਹੋ ਗਈਆਂ ਸਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋ 26 ਜਨਵਰੀ ਨੂੰ ਪੂਰੇ ਦੇਸ਼ ਵਿਚ ਟਰੈਕਟਰ ਮਾਰਚ ਕੱਢਣ ਦਾ ਸੱਦਾ ਦਿੱਤਾ ਗਿਆ।ਉਸ ਵਿੱਚ ਕਿਸਾਨਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ 26 ਜਨਵਰੀ ਨੂੰ ਟਰੈਕਟਰ ਮਾਰਚ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ।ਇਸ ਮੌਕੇ ਗੁਰਦੇਵ ਸਿੰਘ ਖ਼ਜ਼ਾਨਚੀ, ਹਰਦੇਵ ਸਿੰਘ ਔਜਲਾ, ਨਿਰਮਲ ਸਿੰਘ, ਕਮਲਜੀਤ ਸਿੰਘ ਚਾਗੀਆ, ਕਾਰਜ ਸਿੰਘ, ਕੁਲਦੀਪ ਸਿੰਘ, ਗੁਰਵੇਲ ਸਿੰਘ, ਨਿਰਮਲ ਸਿੰਘ ਸ਼ੀਹਾਪਾੜੀ ਤੇ ਨਿਰਮਲ ਸਿੰਘ ਗੱਟਾ ਹਾਜ਼ਰ ਸਨ।

## ਪ੍ਰਜਾਪਤ ਸਮਾਜ ਪ੍ਰਾਣ ਪ੍ਰਤਿਸ਼ਠਾ ਦਿਵਸ ਧੂਮਧਾਮ ਨਾਲ ਮਨਾਏਗਾ : ਅਜੀਤ ਵਰਮਾ, ਜੈ ਚੰਦ, ਹੰਸਰਾਜ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਅਯੁੱਧਿਆ 'ਚ ਸ੍ਰੀ ਰਾਮ ਜੀ ਦੇ ਮੰਦਰ ਦੀ ਪ੍ਰਾਣ ਪ੍ਰਤੀਸ਼ਠਾ 22 ਜਨਵਰੀ ਨੂੰ ਸਾਰੇ ਦੇਸ਼ ਵਾਸੀਆ ਵੱਲੋਂ ਬੜੀ ਧੂਮਧਾਮ ਨਾਲ ਮਨਾਈ ਜਾ ਰਹੀ ਹੈ। ਇਸ ਸੰਬੰਧ ਵਿਚ ਪ੍ਰਜਾਪਤ ਸਮਾਜ ਦੇ ਸਮਾਜਸੇਵੀ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸਕੱਤਰ ਤੇ ਉਪਭੋਗਤਾ ਅਧਿਕਾਰ ਸੰਗਠਨ ਦੇ ਕਾਨੂੰਨੀ ਸਲਾਹਕਾਰ ਅਜੀਤ ਵਰਮਾ ਐਡਵੋਕੇਟ, ਜ਼ਿਲ੍ਹਾ ਪ੍ਰਧਾਨ ਜੈ ਚੰਦ ਬੇਵਾਲ ਤੇ ਚੇਅਰਮੈਨ ਹੰਸਰਾਜ ਨੇ ਕਿਹਾ ਕਿ 22 ਜਨਵਰੀ ਦਾ ਦਿਨ ਸਾਡੇ ਸਾਰਿਆਂ ਲਈ ਬੜਾ ਹੀ ਇਤਿਹਾਸਕ ਅਤੇ ਮਾਣ ਵਾਲਾ ਦਿਨ ਹੈ। ਇਸ ਦਿਨ ਅਯੁੱਧਿਆ ਵਿਚ ਸ੍ਰੀ ਰਾਮ ਜੀ ਦੇ ਮੰਦਰ ਦੀ ਪ੍ਰਾਣ ਪ੍ਰਤੀਸ਼ਠਾ ਹੋਵੇਗੀ, ਜੋ ਸਾਰੇ ਭਾਰਤੀਯ ਲਈ ਫ਼ਖ਼ਰ ਦੀ ਗੱਲ ਹੈ।

# ਦੇਵ ਮਾਨ ਨੇ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)** ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਸਰਕਾਰ ਤੇ ਕਨਵੀਨਰ ਆਮ ਆਦਮੀ ਪਾਰਟੀ ਨਾਲ ਦਿੱਲੀ ਮੁੱਖ ਮੰਤਰੀ ਨਿਵਾਸ ਤੇ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਦੀ ਸੁਪਤਨੀ ਵੀ ਮੌਜੂਦ ਸਨ।ਇਸ ਮੌਕੇ ਦੇਵ ਮਾਨ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲੈਣ ਉਪਰੰਤ ਹਲਕਾ ਨਾਭਾ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ।ਇਸ ਤੋਂ ਇਲਾਵਾ ਆਉਣ ਵਾਲੀਆਂ ਮੈਂਬਰ ਪਾਰਲੀਮੈਂਟ ਦੀਆਂ ਚੋਣਾਂ ਲਈ ਵੋਟਾਂ ਨੂੰ ਲੈ ਕੇ ਚਰਚਾ ਕੀਤੀ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਹਲਕਾ ਨਾਭਾ ਵਿਖੇ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾਣਗੇ ਅਤੇ ਕਿਸੇ ਵੀ ਪ੍ਰਕਾਰ ਦੀ ਗ੍ਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਮਾਨ ਸਰਕਾਰ ਦੀਆਂ ਸਕੀਮਾਂ ਤੋਂ ਹਰ ਵਰਗ ਖੁਸ਼ ਨਜ਼ਰ ਆ ਰਿਹਾ ਹੈ, ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ।ਵਿਧਾਇਕ ਦੇਵ ਮਾਨ ਨੇ ਪਾਰਟੀ ਸੁਪਰੀਮੋ ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵਿਸ਼ਵਾਸ ਦਿਵਾਇਆ ਕਿ ਮਾਨ ਸਰਕਾਰ ਵੱਲੋਂ ਚੋਣਾਂ ਦੌਰਾਨ ਦਿੱਤੀਆਂ ਗਰੰਟੀਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ, ਜਿਸ ਨਾਲ ਪੰਜਾਬ ਦੀ ਜਨਤਾ ਦਾ ਆਮ ਆਦਮੀ ਪਾਰਟੀ ਵੱਲ ਰੁਝਾਨ ਵਧਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆਪ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਨੌਜਵਾਨ ਪੀੜ੍ਹੀ ਮਾਨ ਸਰਕਾਰ ਨਾਲ ਜੁੜ ਰਹੀ ਹੈ, ਜਿਸ ਨੂੰ ਵੇਖਦੇ ਹੋਏ ਪੰਜਾਬ ਦੀ ਜਨਤਾ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਫ਼ਤਵਾ ਦੇਣਗੇ।

# ਲੋਕ ਸੇਵਾ ਸੁਸਾਇਟੀ ਵੱਲੋਂ 80 ਰਿਕਸ਼ਾ ਚਾਲਕਾਂ ਨੂੰ ਰਾਸ਼ਨ ਤਕਸੀਮ




**ਜਗਰਾਉਂ, (ਅਮਿਤ ਖੰਨਾ)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਪੁਰਬ ਦੀ ਖ਼ੁਸ਼ੀ ਵਿੱਚ ਲੋਕ ਸੇਵਾ ਸੋਸਾਇਟੀ ਜਗਰਾਉਂ ਵੱਲੋਂ 80 ਰਿਕਸ਼ਾ ਚਾਲਕਾਂ ਨੂੰ ਰਾਸ਼ਨ ਤਕਸੀਮ ਕੀਤਾ ਗਿਆ।ਲੋਕ ਸੇਵਾ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ 80 ਰਿਕਸ਼ਾ ਚਾਲਕਾਂ ਨੂੰ ਸੁੱਕਾ ਰਾਸ਼ਨ, ਗਰਮ ਟੋਪੀਆਂ, ਜਰਾਬਾਂ ਤੇ ਦਸਤਾਨੇ ਤਕਸੀਮ ਕਰਦਿਆਂ ਸਾਬਕਾ ਵਿਧਾਇਕ ਐੱਸ ਆਰ ਕਲੇਰ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀਆਂ ਵਧਾਈਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਲੋਕ ਸੇਵਾ ਸੁਸਾਇਟੀ ਪਿਛਲੇ 28 ਸਾਲਾਂ ਤੋਂ ਲੋਕ ਭਲਾਈ ਦੇ ਕੰਮਾਂ ਨੂੰ ਨਿਰਵਿਘਨ ਕਰ ਰਹੀ ਹੈ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਹੀ ਤਤਪਰ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਉਹ ਖ਼ੁਦ ਨੂੰ ਸੁਸਾਇਟੀ ਦੇ ਮੈਂਬਰ ਹੀ ਮੰਨਦੇ ਹਨ ਤੇ ਸੁਸਾਇਟੀ ਨੂੰ ਹਰ ਸੰਭਵ ਸਹਿਯੋਗ ਦੇਣ ਲਈ ਹਮੇਸ਼ਾ ਤਿਆਰ ਹਨ।ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਮਨੋਹਰ ਸਿੰਘ ਟੱਕਰ ਨੇ ਕਿਹਾ ਕਿ ਸੁਸਾਇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖ਼ੁਸ਼ੀ ਵਿੱਚ 80 ਰਿਕਸ਼ਾ ਚਾਲਕਾਂ ਨੂੰ ਜਿੱਥੇ ਸੁੱਕਾ ਰਾਸ਼ਨ ਦਿੱਤਾ ਗਿਆ, ਉੱਥੇ ਉਨ੍ਹਾਂ ਨੂੰ ਠੰਢ ਤੋਂ ਬਚਣ ਲਈ ਗਰਮ ਟੋਪੀਆਂ, ਦਸਤਾਨੇ ਤੇ ਜਰਾਬਾਂ ਤਕਸੀਮ ਕੀਤੀਆਂ ਗਈਆਂ ਹਨ।

ਇਸ ਮੌਕੇ ਵਾਈਸ ਚੇਅਰਮੈਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਪੀ ਆਰ ਓ ਨੀਰਜ ਮਿੱਤਲ ਤੇ ਸੁਖਦੇਵ ਗਰਗ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਪ੍ਰੇਮ ਬਾਂਸਲ, ਪ੍ਰਸ਼ੋਤਮ ਅਗਰਵਾਲ, ਵਿਨੋਦ ਬਾਂਸਲ, ਮੁਕੇਸ਼ ਗੁਪਤਾ, ਆਰ ਕੇ ਗੋਇਲ, ਵਿਕਾਸ ਕਪੂਰ, ਡਾਕਟਰ ਭਾਰਤ ਭੂਸ਼ਣ ਬਾਂਸਲ, ਅਨਿਲ ਮਲਹੋਤਰਾ, ਗੋਪਾਲ ਗੁਪਤਾ, ਲਾਕੇਸ਼ ਟੰਡਨ ਤੇ ਕਪਿਲ ਸ਼ਰਮਾ ਆਦਿ ਹਾਜ਼ਰ ਸਨ।

## ਕਾਰਾਂ ਦੀ ਵਰਕਸ਼ਾਪ 'ਚੋਂ ਸਪੇਅਰ ਪਾਰਟ ਤੇ ਨਕਦੀ ਚੋਰੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਪਿੰਡ ਕੋਟਲਾ ਬਜਵਾੜਾ ਵਿਖੇ ਸਥਿਤ ਕਾਰਾਂ ਦੀ ਇੱਕ ਵਰਕਸ਼ਾਪ 'ਚੋਂ ਸਪੇਅਰ ਪਾਰਟ ਅਤੇ ਨਕਦੀ ਚੋਰੀ ਹੋ ਜਾਣ ਦਾ ਸਮਾਚਾਰ ਹੈ।ਕਾਰ ਰਿਪੇਅਰ ਦੀ ਵਰਕਸ਼ਾਪ ਚਲਾ ਰਹੇ ਅਲੌਕਿਕ ਅਗਰਵਾਲ ਵਾਸੀ ਸਰਹਿੰਦ ਨੇ ਦੱਸਿਆ ਕਿ 15 ਜਨਵਰੀ ਦੀ ਰਾਤ ਨੂੰ ਸਵਾ ਦੋ ਵਜੇ ਦੇ ਕਰੀਬ ਵਰਕਸ਼ਾਪ 'ਚ ਕੰਮ ਨਿਪਟਾ ਕੇ ਉਹ ਅਤੇ ਉਨ੍ਹਾਂ ਦੇ ਵਰਕਰ ਸੌਣ ਲਈ ਘਰ ਚਲੇ ਗਏ ਤੇ ਅਗਲੀ ਸਵੇਰੇ ਜਦੋਂ ਉਨ੍ਹਾਂ ਦਾ ਵਰਕਰ ਵਰਕਸ਼ਾਪ ਖੋਲ੍ਹਣ ਪਹੁੰਚਿਆ ਤਾਂ ਵਰਕਸ਼ਾਪ ਦੇ ਮੇਨ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਅੰਦਰਲੇ ਸ਼ਟਰ ਵੀ ਪੁੱਟੇ ਹੋਏ ਸਨ।ਅਲੌਕਿਕ ਅਗਰਵਾਲ ਨੇ ਦੱਸਿਆ ਕਿ ਵਰਕਸ਼ਾਪ ਦੇ ਅੰਦਰ ਕੁਝ ਸਮਾਨ ਖਿਲਰਿਆ ਪਿਆ ਸੀ ਤੇ ਕਰੀਬ 20/25 ਲੱਖ ਰੁਪਏ ਮੁੱਲ ਦੇ ਸਪੇਅਰ ਪਾਰਟ ਅਤੇ ਢਾਈ ਲੱਖ ਰੁਪਏ ਤੋਂ ਵੱਧ ਦੀ ਨਕਦੀ ਗਾਇਬ ਸੀ।ਉਨ੍ਹਾਂ ਦੱਸਿਆ ਕਿ ਚੋਰ ਉੱਥੇ ਲੱਗੇ 8 ਦੇ ਕਰੀਬ ਕੈਮਰਿਆਂ ਦੀ ਡੀ.ਵੀ.ਆਰ. ਵੀ ਪੁੱਟ ਕੇ ਲੈ ਗਏ।ਅਲੌਕਿਕ ਅਗਰਵਾਲ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 457,380 ਆਈ.ਪੀ.ਸੀ. ਤਹਿਤ ਮੁਕੱਦਮਾ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਸਿਹਤ ਵਰਕਰਾਂ ਨੂੰ ਡੀ ਵਾਰਮਿੰਗ, ਅਨੀਮੀਆ ਤੇ ਸਾਂਸ ਪ੍ਰੋਗਰਾਮ ਸੰਬੰਧੀ ਦਿੱਤੀ ਸਿਖਲਾਈ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਬੱਚਿਆਂ ਵਿੱਚ ਨਿਮੋਨੀਆ ਦੀ ਜਲਦ ਪਛਾਣ ਕਰਕੇ ਉਨ੍ਹਾਂ ਦੇ ਤੁਰੰਤ ਇਲਾਜ ਲਈ 'ਸਾਂਸ' (ਸੋਸ਼ਲ ਅਵੈਅਰਨੈਸ ਐਂਡ ਐਕਸ਼ਨ ਟੂ ਨਿਊਟਰੀਲਾਈਜ ਨਿਮੋਨੀਆ ਸਕਸੈਸਫੁਲੀ) ਪ੍ਰੋਗਰਾਮ ਤਹਿਤ ਸਿਵਲ ਸਰਜਨ ਡਾ ਦਵਿੰਦਰਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਦੀ ਅਗਵਾਈ ਵਿੱਚ ਜਿਲੇ ਵਿੱਚ ਕੰਮ ਕਰਦੀਆਂ ਸਮੂਹ ਮਲਟੀਪਰਪਜ ਹੈਲਥ ਵਰਕਰ ਫੀਮੇਲ ਨੂੰ ਟ੍ਰੇਨਿੰਗ ਕਰਾਈ ਗਈ।ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਾਂਸ ਪ੍ਰੋਗਰਾਮ 29 ਫ਼ਰਵਰੀ ਤੱਕ ਚਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਵ ਬੱਚਿਆਂ ਵਿੱਚ ਨਿਮੋਨੀਆ ਦੀ ਜਲਦ ਜਾਂਚ ਕਰ ਕੇ ਪ੍ਰਭਾਵਤ ਬੱਚਿਆਂ ਦਾ ਜਲਦ ਇਲਾਜ ਕਰਨਾ ਹੈ, ਤਾਂ ਜੁ ਨਿਮੋਨੀਆ ਕਾਰਨ ਹੋਣ ਵਾਲੀਆਂ ਬੱਚਿਆਂ ਦੀਆਂ ਮੌਤਾਂ ਨੂੰ ਘਟਾਇਆ ਜਾ ਸਕੇ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਰਾਜੇਸ਼ ਕੁਮਾਰ ਤੇ ਬੱਚਿਆਂ ਦੇ ਮਾਹਰ ਡਾ. ਸਤਵਿੰਦਰ ਸਿੰਘ ਨੇ ਦੱਸਿਆ ਕਿ ਛੋਟੇ ਬੱਚਿਆਂ ਨੂੰ ਨਿਮੋਨੀਆ ਤੋਂ ਬਚਾਉਣ ਲਈ ਪਹਿਲੇ ਛੇ ਮਹੀਨੇ ਸਿਰਫ਼ ਮਾਂ ਦਾ ਦੁੱਧ ਪਿਲਾਉਣ, ਬੱਚੇ ਨੂੰ ਨਿੱਘਾ ਰੱਖਣ, ਪ੍ਰਦੂਸ਼ਣ ਰਹਿਤ ਆਲਾ-ਦੁਆਲਾ, ਨਿੱਜੀ ਸਾਫ਼ ਸਫ਼ਾਈ ਰੱਖਣਾ ਅਤੇ ਪੂਰਾ ਟੀਕਾਕਰਨ ਕਰਵਾਉਣਾ ਜ਼ਰੂਰੀ ਹੈ ਇਸ ਲੜੀ ਤਹਿਤ ਪੀ ਸੀ ਵੀ ਟੀਕਾ ਲਵਾਉਣਾ ਤੇ ਸਮੇਂ ਸਿਰ ਬੱਚੇ ਦੀ ਸਿਹਤ ਦਾ ਨਿਰੀਖਣ ਕਰਾਉਣਾ ਜ਼ਰੂਰੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਖਾਂਸੀ ਅਤੇ ਜ਼ੁਕਾਮ ਦਾ ਵਧਣਾ, ਸਾਹ ਤੇਜ਼ੀ ਨਾਲ ਲੈਣਾ, ਸਾਹ ਲੈਂਦੇ ਸਮੇਂ ਪਸਲੀ ਚੱਲਣਾ ਜਾਂ ਛਾਤੀ ਦਾ ਥੱਲੇ ਧਸਣਾ ਆਦਿ ਲੱਛਣਾਂ ਵਾਲੇ ਬੱਚਿਆਂ ਦਾ ਤੁਰੰਤ ਇਲਾਜ ਕਰਨਾ ਅਤੀ ਜ਼ਰੂਰੀ ਹੁੰਦਾ ਹੈ। ਇਸ ਲਈ ਅਜਿਹੀਆਂ ਅਲਾਮਤਾਂ ਵਾਲੇ ਬੱਚਿਆਂ ਨੂੰ ਤੁਰੰਤ ਨੇੜੇ ਦੇ ਸਿਹਤ ਕੇਂਦਰ ਵਿੱਚ ਪੁਚਾਇਆ ਜਾਵੇ। ਜ਼ਿਲ੍ਹਾ ਸਕੂਲ ਹੈਲਥ ਕੁਆਰਡੀਨੇਟਰ ਹਰਪਾਲ ਸਿੰਘ ਸੋਢੀ ਤੇ ਕਮਿਊਨਿਟੀ ਮੋਬਿਲਾਈਜ਼ਰ ਹਰਦੀਪ ਸਿੰਘ ਨੇ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਨੈਸ਼ਨਲ ਡੀ ਵਾਰਮਿੰਗ ਤੇ ਅਨੀਮੀਆ ਦੀ ਰੋਕਥਾਮ ਪ੍ਰੋਗਰਾਮ ਸਬੰਧੀ ਭਰਪੂਰ ਜਾਣਕਾਰੀ ਦਿੱਤੀ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਡਾ. ਕਸੀਤਿਜ ਸੀਮਾ, ਬਲਜਿੰਦਰ ਸਿੰਘ, ਜਸਵਿੰਦਰ ਕੌਰ ਤੇ ਅਮਰਜੀਤ ਸਿੰਘ ਤੋਂ ਇਲਾਵਾ ਜਿਲੇ ਦੀਆਂ ਸਮੂਹ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਹਾਜ਼ਰ ਸਨ।

# ਮਾਨ ਵੱਲੋਂ ਪਿੰਡ ਕਹੇਰੂ ਵਿਖੇ ਓਪਨ ਜਿੰਮ ਦਾ ਉਦਘਾਟਨ



**ਧੂਰੀ, (ਬਿੰਨੀ ਗਰਗ, ਮੋਹਿਤ ਗਰਗ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਹਲਕੇ ਦੇ ਪਿੰਡ ਕਹੇਰੂ ਵਿਖੇ ਓਪਨ ਜਿੰਮ ਦਾ ਉਦਘਾਟਨ ਕੀਤਾ। ਇਸ ਮੌਕੇ ਪਿੰਡ ਪੁੱਜਣ 'ਤੇ ਦਿ ਵਿੰਗਜ ਇਮੀਗਰੇਸ਼ਨ ਦੇ ਡਾਇਰੈਕਟਰ ਸਰਬਜੀਤ ਸਿੰਘ ਨਹਿਲ ਨੇ ਸੰਸਦ ਮਾਨ ਦਾ ਸਨਮਾਨ ਵੀ ਕੀਤਾ।

ਵੱਡੀ ਗਿਣਤੀ ਵਿੱਚ ਹਾਜ਼ਰ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਚੰਗਾ ਜੀਵਨ ਜਿਊਣ ਲਈ ਹਰ ਇੱਕ ਦਾ ਆਪਣੀ ਤੰਦਰੁਸਤੀ ਪ੍ਰਤੀ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ। ਨਸ਼ਾ ਮੁਕਤ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਦੇ ਉਦੇਸ਼ ਨਾਲ ਹੀ ਹਲਕੇ ਵਿੱਚ ਵੱਖ-ਵੱਖ ਥਾਂਵਾਂ 'ਤੇ ਓਪਨ ਅਤੇ ਇੰਡੋਰ ਜਿੰਮ ਦਿੱਤੇ ਜਾ ਰਹੇ ਹਨ। ਪਿੰਡ ਕਹੇਰੂ ਵਿਖੇ ਬਣਾਈ ਗਈ ਇਸ ਓਪਨ ਜਿੰਮ ਦਾ ਪੂਰੇ ਪਿੰਡ ਵਾਸੀਆਂ ਨੂੰ ਲਾਭ ਮਿਲੇਗਾ। ਹੁਣ ਆਪਣੀ ਸਿਹਤ ਸੰਭਾਲ ਵਾਸਤੇ ਜਿੰਮਾਂ ਵਿੱਚ ਪਿੰਡ ਵਾਸੀਆਂ ਨੂੰ ਪੈਸੇ ਖਰਚ ਕਰਨ ਦੀ ਲੋੜ ਨਹੀਂ, ਜੋ ਵੀ ਆਪਣੇ ਆਪ ਨੂੰ ਸਿਹਤਮੰਦ ਰੱਖਣਾ ਚਾਹੁੰਦਾ ਹੈ, ਉਹ ਕਿਸੇ ਵੀ ਸਮੇਂ ਇਸ ਓਪਨ ਜਿੰਮ ਵਿੱਚ ਆ ਕੇ ਆਪਣੀ ਤੰਦਰੁਸਤੀ ਲਈ ਕਸਰਤ ਕਰ ਸਕਦਾ ਹੈ, ਜਿਸ 'ਤੇ ਕੋਈ ਪੈਸਾ ਨਹੀਂ ਲੱਗੇਗਾ।

ਮਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਲਗਾਤਾਰ ਖੇਡ ਕਿੱਟਾਂ ਵੀ ਵੰਡੀਆਂ ਜਾ ਰਹੀਆਂ ਹਨ, ਤਾਂ ਜੁ ਨੌਜਵਾਨਾਂ ਖੇਡਾਂ ਨਾਲ ਜੁੜ ਕੇ ਆਪਣੇ ਭਵਿੱਖ ਨੂੰ ਸੁਨਹਿਰੀ ਬਣਾ ਸਕਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਹੋ ਜਿਹੇ ਉਪਰਾਲੇ ਨਿਰੰਤਰ ਜਾਰੀ ਰਹਿਣਗੇ। ਮਾਨ ਨੇ ਕਿਹਾ ਕਿ ਐਮ.ਪੀ. ਹੋਣ ਦੇ ਨਾਤੇ ਮੈਥੋਂ ਜੋ ਵੀ ਕੁਝ ਬਣਿਆ, ਮੈਂ ਕੀਤਾ ਹੈ। ਵਾਅਦੇ ਅਨੁਸਾਰ ਅਨੇਕਾਂ ਪ੍ਰੋਜੈਕਟ ਕੇਂਦਰ ਸਰਕਾਰ ਤੋਂ ਪਾਸ ਕਰਵਾਏ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਸੜਕਾਂ ਦਾ ਨਿਰਮਾਣ, ਬਿਜਲੀ ਦਾ ਨਵੀਨੀਕਰਨ, ਅਪਾਹਿਜਾਂ ਨੂੰ ਸਹਾਇਕ ਉਪਕਰਨਾਂ ਦੀ ਵੰਡ, ਕੈਂਸਰ ਪੀੜਤਾਂ ਦੇ ਇਲਾਜ ਵਿੱਚ ਮੱਦਦ ਆਦਿ ਪ੍ਰਮੁੱਖ ਹਨ। ਇਸ ਤੋਂ ਇਲਾਵਾ ਗ੍ਰਾਂਟਾ ਦੀ ਵੰਡ ਵੀ ਸਾਰੇ ਵਰਗਾਂ ਨੂੰ ਬਿਨਾਂ ਪੱਖਪਾਤ ਤੋਂ ਕੀਤੀ ਗਈ ਹੈ।

ਇਸ ਮੌਕੇ ਉਨ੍ਹਾਂ ਨਾਲ ਜਥੇਬੰਦਕ ਸਕੱਤਰ ਹਰਬੰਸ ਸਿੰਘ ਸਲੇਮਪੁਰ, ਜਗਤਾਰ ਸਿੰਘ ਖੇੜੀ, ਇਸਤਰੀ ਵਿੰਗ ਸੰਸਦੀ ਹਲਕਾ ਸੰਗਰੂਰ ਦੀ ਇੰਚਾਰਜ ਮਨਪ੍ਰੀਤ ਕੌਰ ਮੰਨਤ, ਜਸਵੀਰ ਸਿੰਘ ਯੂਥ ਆਗੂ, ਬੀਬੀ ਅਮਰਜੀਤ ਕੌਰ ਧਾਂਦਰਾ, ਮਾਸਟਰ ਕਰਨੈਲ ਸਿੰਘ ਨਾਰੀਕੇ, ਦਰਸ਼ਨ ਸਿੰਘ ਕਹੇਰੂ, ਸੁਖਵੀਰ ਸਿੰਘ ਕਹੇਰੂ, ਸਰਬਜੀਤ ਸਿੰਘ ਕਹੇਰੂ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਪਿੰਡ ਵਾਸੀ ਹਾਜ਼ਰ ਸਨ।

# ਬਾਬਾ ਮਤਵਾਲਾ ਦੀ ਬਰਸੀ 'ਤੇ ਜਨ-ਕਲਿਆਣ ਦਾ ਸੰਦੇਸ਼



**ਸਿਰਸਾ (ਸੁਰਿੰਦਰ ਪਾਲ ਸਿੰਘ)** ਗੁਰਦੁਆਰਾ ਨਿਰਮਲਸਰ ਸਾਹਿਬ ਪਿੰਡ ਤਿਲੋਕੇਵਾਲਾ ਦੇ ਮੁੱਖ ਸੇਵਾਦਾਰ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਬਾਬਾ ਮੋਹਨ ਸਿੰਘ ਮਤਵਾਲਾ ਦੀ 32ਵੀਂ ਬਰਸੀ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਸ਼ਰਧਾ ਭਾਵਨਾ ਤੇ ਗੁਰਮਿਤ ਸਿਧਾਂਤ ਅਨੁਸਾਰ ਮਨਾਈ ਗਈ। ਉਨ੍ਹਾਂ ਕਿਹਾ ਕਿ ਇਸ ਮੌਕੇ ਮਹਾਨ ਗੁਰਮਿਤ ਸਮਾਗਮ ਵਿਚ ਤਖ਼ਤਾਂ ਦੇ ਜਥੇਦਾਰਾਂ ਸੰਪਰਦਾਵਾਂ ਦੇ ਮਹਾਂਪੁਰਸ਼ਾਂ ਕਥਾਵਾਚਕਾਂ ਤੇ ਇਲਾਕੇ ਦੇ ਸੰਤ ਮਹਾਂਪੁਰਖਾਂ, ਗ੍ਰੰਥੀ ਸਾਹਿਬਾਨਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾ ਸਮੇਤ ਸਮੂਹ ਸਿੱਖ ਜਥੇਬੰਦੀਆਂ ਅਤੇ ਰਾਜਗੀ ਢਾਡੀਆਂ ਵੱਲੋਂ ਗੁਰੂਘਰ ਪਹੁੰਚ ਕੇ ਸਮਾਗਮ ਦੀ ਰੌਣਕ ਵਧਾਈ ਗਈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਜਗਤਾਰ ਸਿੰਘ ਕੀਰਤਪੁਰੀ, ਗਿਆਨੀ ਸੁਖਵੀਰ ਸਿੰਘ, ਬਾਬਾ ਅਵਤਾਰ ਸਿੰਘ ਨੇ ਆਪਣੇ ਧਾਰਮਿਕ ਵਿਚਾਰਾਂ ਨਾਲ ਸੰਗਤਾਂ ਨੂੰ ਗੁਰੂਆਂ ਦੇ ਰਸਤੇ ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਪੁੱਜੇ ਰਾਜਸੀ ਅਤੇ ਧਾਰਮਿਕ ਆਗੂਆਂ ਵਿੱਚ ਸਿਰਸਾ ਤੋਂ ਲੋਕ ਸਭਾ ਮੈਂਬਰ ਸੁਨੀਤਾ ਦੁੱਗਲ, ਹਲਕਾ ਕਾਲਾਂਵਾਲੀ ਦੇ ਮੌਜੂਦਾ ਵਿਧਾਇਕ ਸੀਸ਼ਪਾਲ ਕੇਹਰਵਾਲਾ, ਸੰਤ ਸ਼ਿਵਾਨੰਦ ਕੇਵਲ, ਮਹੰਤ ਬਲਦੇਵ ਦਾਸ ਰੋੜੀ, ਨਿਰਮਲ ਸਿੰਘ ਮੱਲੜੀ, ਰਾਜਿੰਦਰ ਸਿੰਘ ਦੇਸੂਜੋਧਾ, ਦਰਸ਼ਨਾਂ ਕੌਰ ਜੌੜਾਂ, ਬਾਬਾ ਪ੍ਰੀਤਮ ਸਿੰਘ ਮੱਲੜੀ, ਬਾਬਾ ਦਰਸ਼ਨ ਸਿੰਘ ਦਾਦੂ, ਬਾਬਾ ਕੁੰਦਨ ਸਿੰਘ ਦੇਸੂ ਸ਼ਹੀਦਾਂ, ਬਾਬਾ ਗੁਰਪਾਲ ਸਿੰਘ ਚੋਰਮਾਰ, ਜਗਦੀਸ਼ ਚੋਪੜਾ, ਸੁਰਿੰਦਰ ਭਾਟੀਆ, ਗਿਆਨੀ ਜਗਤਾਰ ਸਿੰਘ ਤੋਂ ਬਿਨਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਨੇ ਵੀ ਆਪਣੀ ਹਾਜ਼ਰੀ ਦਰਜ਼ ਕਰਵਾਈ। ਸਮਾਗਮ ਸੰਚਾਲਕ ਭਾਈ ਕੁਲਦੀਪ ਸਿੰਘ ਫੱਗੂ ਤੇ ਅਵਤਾਰ ਸਿੰਘ ਨੇ ਦਸਿਆ ਕਿ ਇਸ ਧਾਰਮਿਕ ਇਕੱਤਰਤਾ ਦੇ ਅੰਤ ਵਿੱਚ ਬਾਬਾ ਤਿਲੋਕੇਵਾਲਾ ਵੱਲੋਂ ਸਕੂਲੀ ਵਿਦਿਆਰਥੀਆਂ ਸਮੇਤ ਸਾਰੀਆਂ ਸੰਗਤਾਂ ਦਾ ਵਿਸੇਸ਼ ਧੰਨਵਾਦ ਕੀਤਾ ਗਿਆ.

# ਐਕਸੀਅਨ ਦਫ਼ਤਰਾਂ ਅੱਗੇ ਧਰਨੇ ਦੇਣ ਪਿੱਛੋਂ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ : ਆਗੂ



**ਸ੍ਰੀ ਮੁਕਤਸਰ ਸਾਹਿਬ** (ਸ਼ਮਿੰਦਰਪਾਲ/ਪੂਜਾ) ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਰਜਿ 31 ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਬੀਰ ਸਿੰਘ ਕਾਲਾ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਬਿਕਰਮ ਜੀਤ ਸਿੰਘ ਕਪੂਰ ਦੀ ਅਗਵਾਈ ਹੇਠ ਹੋਵੇਗੀ। ਮੀਟਿੰਗ ਵਿੱਚ ਸੂਬਾ ਕਮੇਟੀ ਵੱਲੋਂ ਉਲੀਕੇ ਸਮੂਹ ਪੰਜਾਬ ਦੇ ਜਲ ਸਪਲਾਈ ਵਿਭਾਗ ਦੇ ਐਕਸੀਅਨ ਦੇ ਦਫ਼ਤਰ ਅੱਗੇ ਸੂਬਾ ਪੱਧਰੀ ਧਰਨਾ ਵਿੱਚ ਪਰਵਾਰ ਅਤੇ ਬੱਚਿਆਂ ਸਮੇਤ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਆਗੂ ਵੱਲੋਂ ਦੱਸਿਆ ਗਿਆ ਕਿ ਉਹ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ 10-15 ਸਾਲਾਂ ਤੋਂ ਆਊਟਸੋਰਸ ਅਤੇ ਇਨਲਿਸਟਮੈਂਟ 'ਤੇ ਕੰਮ ਕਰ ਰਹੇ ਹਨ ਅਤੇ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਮੁਫ਼ਤ ਪਾਣੀ ਦੇਣ ਦੇ ਵਾਅਦੇ ਕੀਤੇ ਗਏ ਸਨ, ਪਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਆਪਣੇ ਕੀਤੇ ਹੋਏ ਵਾਅਦਿਆਂ ਤੋਂ ਮੁੱਕਰਦੀ ਨਜ਼ਰ ਆ ਰਹੀ ਹੈ, ਜਿਸ ਦਾ ਸਬੂਤ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨਾਲ 19 ਵਾਰ ਲਿਖਤੀ ਮੀਟਿੰਗ ਦੇ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਐਨ ਮੌਕੇ 'ਤੇ ਆ ਕੇ ਮੀਟਿੰਗ ਕਰਨ ਤੋਂ ਭੱਜ ਜਾਂਦੇ ਹਨ। ਸਰਕਾਰ ਵੱਲੋਂ ਇਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ ਤਾਂ ਦੂਰ, ਜਲ ਸਪਲਾਈ ਵਿਭਾਗ ਦਾ ਨਿੱਜੀਕਰਨ/ਪੰਚਾਇਤੀਕਰਨ ਤੇ ਸਕਾਡਾ ਸਿਸਟਮ ਲਾ ਕੇ ਪੰਜਾਬ ਦੇ ਲੋਕਾਂ ਦਾ ਪਾਣੀ ਨਿੱਜੀ ਕੰਪਨੀਆਂ ਨੂੰ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ 31 ਵੱਲੋਂ ਪੁਰਜ਼ੋਰ ਨਿੰਦਾ ਕੀਤੀ ਜਾਂਦੀ ਹੈ ਅਤੇ ਇਸ ਦੇ ਵਿਰੁੱਧ 23 ਜਨਵਰੀ ਨੂੰ ਪੰਜਾਬ ਦੇ ਸਮੂਹ ਐਕਸੀਅਨ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇਗਾ ਤੇ ਇਸ ਤੋਂ ਬਾਅਦ 6 ਫਰਵਰੀ ਨੂੰ ਜਲ ਸਪਲਾਈ ਦੇ ਵਿਭਾਗ ਮੁਖੀ ਦੇ ਦਫ਼ਤਰ ਅੱਗੇ ਪਰਵਾਰ ਤੇ ਬੱਚਿਆਂ ਸਮੇਤ ਧਰਨਾ ਦਿੱਤਾ ਜਾਵੇਗਾ।

## ਰਮਿੰਦਰ ਸਿੰਘ ਆਂਵਲਾ ਨੇ ਲੋੜਵੰਦਾਂ ਨੂੰ ਵੰਡੀਆਂ ਜੈਕਟਾਂ



**ਜਲਾਲਾਬਾਦ**, (ਜੀਤ ਕੁਮਾਰ) ਸਾਬਕਾ ਵਿਧਾਇਕ ਰਮਿੰਦਰ ਸਿੰਘ ਆਂਵਲਾ ਵੱਲੋਂ ਮਾਘੀ ਮੇਲੇ ਦੇ ਦੌਰਾਨ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ ਤੇ ਘੋੜਾ ਮੰਡੀ ਵਿੱਚ ਪਹੁੰਚ ਲੋੜਵੰਦ ਲੋਕਾਂ ਨੂੰ ਠੰਡ ਤੋਂ ਬਚਾਅ ਲਈ ਜੈਕਟਾਂ ਵੰਡੀਆਂ ਅਤੇ ਆਮ ਲੋਕਾਂ ਨੂੰ ਮਿਲੇ ਅਤੇ ਲੋਕਾਂ ਵੱਲੋਂ ਲਾਏ ਲੰਗਰਾਂ ਵਿੱਚ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਅਮਰੀਕ ਸਿੰਘ ਗੋਰਾ ਸਰਪੰਚ ਪਿੰਡ ਲਾਲਚੀਆਂ, ਭੋਲਾ ਬਹਿਲ, ਮਨਦੀਪ ਸਰਪੰਚ ਪਿੰਡ ਰੱਤੇਵਾਲਾ, ਕੁਲਵਿੰਦਰ ਸਰਪੰਚ ਪਿੰਡ ਕਾਹਨ ਸਿੰਘ ਵਾਲਾ, ਸ਼ਰਨਜੀਤ ਚੈਅਰਮੈਨ, ਭੀਨਾ ਬਰਾੜ, ਜਗਤਪਾਲ ਪ੍ਰਧਾਨ, ਸੁਖਵੰਤ ਸਿੰਘ ਸਰਪੰਚ ਢਾਣੀ ਘਾਂਗਾ, ਗੋਰਵਜੀਤ ਪਾਕਾ, ਸੁਖਪਾਲ ਸਿੰਘ ਮੁਰਾਦਵਾਲਾ, ਪੰਮਾ ਲੱਖੇਵਾਲੀ ਤੇ ਗੁਰਦੀਪ ਸਿੰਘ ਆਦਿ ਮੌਜੂਦ ਸਨ।

## 'ਆਪੇ ਗੁਰੁ ਚੇਲਾ' ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਪਹੁੰਚ ਕੇ ਖਾਲਸਾਈ ਜਾਹੋ-ਜਲਾਲ ਨਾਲ ਸੰਪੰਨ



**ਬਠਿੰਡਾ**, (ਪਰਵਿੰਦਰ ਜੀਤ ਸਿੰਘ)-ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆਰੰਭ ਕੀਤਾ 'ਆਪੇ ਗੁਰੁ ਚੇਲਾ' ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਪਹੁੰਚ ਕੇ ਖਾਲਸਾਈ ਜਾਹੋ-ਜਲਾਲ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਸੰਪੂਰਨ ਹੋਇਆ। ਇਥੇ ਪੁੱਜਣ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਰੁਮਾਲਾ ਸਾਹਿਬ ਭੇਟ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਦਿੱਤੇ।

ਇਸ ਤੋਂ ਪਹਿਲਾਂ ਨਗਰ ਕੀਰਤਨ ਆਪਣੇ ਸੱਤਵੇਂ ਪੜਾਅ ਗੁਰਦੁਆਰਾ ਸ੍ਰੀ ਹਾਜੀਰਤਨ ਬਠਿੰਡਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਰਵਾਨਾ ਹੋਇਆ। ਬਠਿੰਡਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਨਗਰ ਕੀਰਤਨ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ। ਨਗਰ ਕੀਰਤਨ ਦੌਰਾਨ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ ਗਈ। ਪੰਜਾਬ ਪੁਲਸ ਦੀ ਟੁਕੜੀ ਨੇ ਵੀ ਨਗਰ ਕੀਰਤਨ ਨੂੰ ਸਲਾਮੀ ਦਿੱਤੀ ਅਤੇ ਇਸ ਦੇ ਨਾਲ ਹੀ ਗੱਤਕਾ ਟੀਮਾਂ ਵੱਲੋਂ ਜੰਗਜੂ ਕਲਾ ਦੇ ਜੌਹਰ ਦਿਖਾਏ। ਨਗਰ ਕੀਰਤਨ 'ਚ ਸ਼ਾਮਲ ਹੋਣ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਰ ਸਾਲ ਸੰਗਤਾਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਵੱਡੇ ਉਤਸ਼ਾਹ ਨਾਲ ਮਨਾਉਂਦੀਆਂ ਹਨ।

ਸੰਗਤਾਂ ਦੀ ਭਾਵਨਾ ਅਨੁਸਾਰ ਇਸ ਵਾਰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੌਮੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਲਕੇ 17 ਜਨਵਰੀ ਨੂੰ ਹੋਣ ਵਾਲੇ ਕੌਮੀ ਪੱਧਰ ਦੇ ਗੁਰਮਤਿ ਸਮਾਗਮ ਮੌਕੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਉਨ੍ਹਾਂ ਨਗਰ ਕੀਰਤਨ ਦੌਰਾਨ ਸਹਿਯੋਗ ਕਰਨ ਵਾਲੀਆਂ ਸਭਾ-ਸੁਸਾਇਟੀਆਂ ਤੇ ਸਭਾ-ਸੁਸਾਇਟੀਆਂ ਅਤੇ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਨਗਰ ਕੀਰਤਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਮੋਹਨ ਸਿੰਘ ਬੰਗੀ, ਗੁਰਪ੍ਰੀਤ ਸਿੰਘ ਝੱਬਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਅਮਰੀਕ ਸਿੰਘ ਕੋਟਸ਼ਮੀਰ, ਕੌਰ ਸਿੰਘ, ਅਵਤਾਰ ਸਿੰਘ ਵਣਵਾਲਾ, ਜਗਸੀਰ ਸਿੰਘ ਮਾਂਗੇਆਣਾ, ਬੀਬੀ ਜੋਗਿੰਦਰ ਕੌਰ, ਬਾਬਾ ਗੁਰਮੀਤ ਸਿੰਘ, ਬਾਬਾ ਜੱਸਾ ਸਿੰਘ ਬੁੱਢਾ ਦਲ, ਬਾਬਾ ਟੇਕ ਸਿੰਘ ਧਨੌਲਾ, ਬਾਬਾ ਕਾਕਾ ਸਿੰਘ, ਅਕਾਲੀ ਆਗੂ ਪ੍ਰਕਾਸ਼ ਸਿੰਘ ਭੱਟੀ, ਇਕਬਾਲ ਸਿੰਘ ਢਿੱਲੋਂ, ਮਾਹਨ ਸਿੰਘ, ਗੁਰਚਰਨ ਸਿੰਘ ਡੱਬਵਾਲੀ, ਬਾਬਾ ਰਣਜੀਤ ਸਿੰਘ ਗੋਨੇਆਣਾ ਮੰਡੀ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਪਰਮਜੀਤ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ, ਗੁਰਦੁਆਰਾ ਹਾਜੀਰਤਨ ਦੇ ਮੈਨੇਜਰ ਸੁਮੇਰ ਸਿੰਘ, ਮਹੰਤ ਸੀਤਲ ਪ੍ਰਕਾਸ਼, ਮਹੰਤ ਸੁਰਜੀਤ ਦਾਸ ਮਹਿਮਾ ਸਰਜਾ, ਇੰਚਾਰਜ ਜਗਪਾਲ ਸਿੰਘ, ਭੋਲਾ ਸਿੰਘ, ਡਾ. ਗੁਰਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਕਾਤਰਾਂ

### ਇਸ਼ਤਿਹਾਰ ਨਾ ਦੇਣ 'ਤੇ ਲਾਈ ਸਾਡੀ ਝੂਠੀ ਖ਼ਬਰ : ਕੁਲਵਿੰਦਰ ਸਿੰਘ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਪੱਤਰਕਾਰੀ ਨੂੰ ਸ਼ਰਮਸਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗਿਆਨੀ ਸਮੋਸਾ ਭੰਡਾਰ 'ਤੇ ਇੱਕ ਅਖੌਤੀ ਪੱਤਰਕਾਰ ਵੱਲੋਂ ਖਰਾਬ ਸਮੋਸੇ ਵੇਚਣ ਦਾ ਇਲਜ਼ਾਮ ਲਗਾ ਕੇ ਇੱਕ ਖ਼ਬਰ ਅਖ਼ਬਾਰ ਵਿੱਚ ਪ੍ਰਕਾਸ਼ਤ ਕੀਤੀ ਗਈ ਸੀ, ਜਿਸ ਸਬੰਧੀ ਗਿਆਨੀ ਸਮੋਸਾ ਭੰਡਾਰ ਦੇ ਮਾਲਕ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਪੱਤਰਕਾਰ ਲੋਹੜੀ ਦੇ ਤਿਉਹਾਰ 'ਤੇ ਇਸ਼ਤਿਹਾਰ ਲੈਣ ਲਈ ਆਇਆ ਸੀ। ਇਸ਼ਤਿਹਾਰ ਨਾ ਦੇਣ ਤੇ ਉਸ ਨੇ ਖੁੰਦਕ ਵਿੱਚ ਇਹ ਖ਼ਬਰ ਪ੍ਰਕਾਸ਼ਿਤ ਕੀਤੀ ਹੈ, ਜਦਕਿ ਅਸੀਂ ਸਾਫ ਸਫਾਈ ਦਾ ਪੂਰਾ ਧਿਆਨ ਰੱਖਦੇ ਹਾਂ। ਰਹੀ ਗੱਲ ਖਰਾਬ ਸਮੋਸਿਆਂ ਦੀ, ਸਾਡੇ ਕੋਲ ਸਮੋਸਾ ਬਚਦਾ ਹੀ ਨਹੀਂ ਤਾਂ ਖਰਾਬ ਹੋਣ ਦਾ ਸਵਾਲ ਹੀ ਨਹੀਂ ਬਣਦਾ। ਉਨ੍ਹਾਂ ਦੱਸਿਆ ਕਿ ਉਕਤ ਪੱਤਰਕਾਰ ਨੇ ਖ਼ਬਰ ਵਿੱਚ ਲਿਖਿਆ ਹੈ ਕਿ ਉਹ ਸਾਡੀ ਦੁਕਾਨ ਤੋਂ ਸਮੋਸੇ ਲੈ ਕੇ ਗਿਆ ਹੈ, ਜੋ ਖਰਾਬ ਨਿਕਲੇ। ਸਾਡੀ ਦੁਕਾਨ 'ਤੇ ਸੀਸੀਟੀਵੀ ਕੈਮਰੇ ਲੱਗੇ ਹਨ, ਉਨ੍ਹਾਂ ਦੀ ਰਿਕਾਰਡਿੰਗ ਦੇਖੀ ਜਾਵੇ ਕਿ ਉਹ ਸਮੋਸੇ ਲੈ ਰਿਹਾ ਹੈ ਜਾਂ ਨਹੀਂ।

### ਭਾਜਪਾ ਆਗੂਆਂ ਨੇ ਅਯੁੱਧਿਆ ਜਾਣ ਦਾ ਸੱਦਾ ਪੱਤਰ ਦਿੱਤਾ



**ਮਾਛੀਵਾੜਾ ਸਾਹਿਬ**, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਭਗਵਾਨ ਸ੍ਰੀ ਰਾਮ ਜੀ ਦੇ ਅਯੁੱਧਿਆ ਵਿਖੇ 22 ਜਨਵਰੀ ਨੂੰ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਮਾਛੀਵਾੜਾ ਦੇ ਭਾਜਪਾ ਆਗੂਆਂ ਵੱਲੋਂ ਲੋਕਾਂ ਨੂੰ ਸੱਦਾ ਪੱਤਰ ਵੰਡੇ ਗਏ। ਸ਼ਾਂਤੀ ਨਗਰ ਵਿਖੇ ਰਾਮ ਭਗਤਾਂ ਨੂੰ ਜ਼ਿਲ੍ਹਾ ਸਕੱਤਰ ਡਾ. ਸੰਜੀਵ ਗਰਗ, ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ ਤੇ ਸੰਜੀਵ ਲੀਹਲ ਵੱਲੋਂ ਭਗਵਾਨ ਸ੍ਰੀ ਰਾਮ ਜੀ ਦਾ ਚਿੱਤਰ ਅਤੇ ਸੱਦਾ ਪੱਤਰ ਦਿੱਤੇ ਗਏ। ਡਾ. ਸੰਜੀਵ ਗਰਗ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਦਰ ਦਾ ਨਿਰਮਾਣ ਮੁਕੰਮਲ ਕਰਵਾ ਕੇ ਹਰੇਕ ਵਰਗ ਦਾ ਦਿਲ ਜਿੱਤਿਆ ਹੈ। ਉਨ੍ਹਾਂ ਕਿਹਾ ਕਿ 22 ਜਨਵਰੀ ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਲੋਕ ਸਮਾਗਮ ਵਿੱਚ ਸ਼ਾਮਲ ਹੋ ਰਹੇ ਹਨ, ਜਿਸ ਵਿਚ ਮਾਛੀਵਾੜਾ ਤੋਂ ਵੀ ਭਾਰੀ ਗਿਣਤੀ 'ਚ ਲੋਕ ਪੁੱਜਣਗੇ।

### ਸਵ: ਸੁਭਾਸ਼ ਸ਼ਰਮਾ ਦੀ ਰਸਮ ਪਗੜੀ ਅੱਜ

**ਮਾਛੀਵਾੜਾ ਸਾਹਿਬ** (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ) ਗੌਰਵ ਸ਼ਰਮਾ ਦੇ ਪਿਤਾ ਸਵ. ਸੁਭਾਸ਼ ਸ਼ਰਮਾ ਅੱਠ ਜਨਵਰੀ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਅਤੇ ਰਸਮ ਪਗੜੀ ਅਠਾਰਾਂ ਜਨਵਰੀ ਨੂੰ 1 ਤੋਂ 2 ਵਜੇ ਤੱਕ ਵਿਸ਼ਕਰਮਾ ਮੰਦਰ ਹਾਲ ਵਿਖੇ ਹੋਵੇਗੀ। ਇਸ ਮੌਕੇ ਸੀ.ਪੀ.ਆਈ ਦੇ ਬਲਾਕ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ ਤੇ ਹੋਰ ਸਿਆਸੀ ਤੇ ਗੈਰ ਸਿਆਸੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

### ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਪੈਨਸ਼ਨ ਤੇ ਮੈਡੀਕਲ ਦੇ ਚੈੱਕ ਵੰਡੇ



**ਸੰਗਰੂਰ** (ਪ੍ਰਵੀਨ ਸਿੰਘ)-ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ 110 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 6 ਮੈਡੀਕਲ ਸਹਾਇਤਾ ਦੇ ਚੈਕ ਵੀ ਲੋੜਵੰਦਾਂ ਨੂੰ ਦਿੱਤੇ ਗਏ।ਇਸ ਮੌਕੇ ਕੁਲਵੰਤ ਸਿੰਘ ਬਾਜਵਾ, ਸਤਨਾਮ ਸਿੰਘ ਦਮਦਮੀ, ਬਲਕਾਰ ਸਿੰਘ, ਸੁਖਮਿੰਦਰ ਕੁਮਾਰ, ਹਰਮੇਲ ਸਿੰਘ ਲੱਡਾ, ਪਰਮਾਨੰਦ ਸੁਨਾਮ ਤੇ ਮੈਡਮ ਸੰਤੋਖ ਕੌਰ ਟਰੱਸਟ ਦੇ ਆਗੂਆਂ ਨੇ ਦੱਸਿਆ ਕਿ ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਬਿਨਾਂ ਕਿਸੇ ਤੋਂ ਆਰਥਿਕ ਮਦਦ ਲਏ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।

## ਕਿਰਤੀ ਕਾਲਜ 'ਚ ਪ੍ਰੇਰਣਾਦਾਇਕ ਲੈਕਚਰ ਕਰਾਏ



**ਪਾਤੜਾਂ** (ਨਿਸ਼ਾਨ ਸਿੰਘ ਬਣਵਾਲਾ) -ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਇੰਸਟੀਟਿਊਸ਼ਨਲ ਇਨੋਵੇਸ਼ਨ ਕਾਊਂਸਿਲ ਵੱਲੋਂ ਡਿਪਾਰਟਮੈਂਟ ਆਫ਼ ਹਾਇਰ ਐਜੂਕੇਸ਼ਨ ਪੰਜਾਬ ਦੇ ਆਦੇਸ਼ਾਂ ਮੁਤਾਬਕ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਮੋਟੀਵੇਸ਼ਨਲ ਲੈਕਚਰ ਕਰਾਇਆ ਗਿਆ। ਇਸ ਮੌਕੇ ਪ੍ਰੋ. ਰਮਨਜੀਤ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਕਾਲਜ ਵਿੱਚ ਵਿਦਿਆਰਥੀਆਂ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਰਹਿੰਦੇ ਹਨ। ਇਸੇ ਲੜੀ ਤਹਿਤ ਰਾਸ਼ਟਰੀ ਯੁਵਾ ਦਿਵਸ ਨੂੰ ਮੁੱਖ ਰੱਖਦਿਆਂ ਉੱਦਮਤਾ ਅਤੇ ਖੋਜ ਵਿਸ਼ੇ 'ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੈਰੀਅਰ ਲਈ ਉਤਸ਼ਾਹਤ ਕੀਤਾ ਗਿਆ। ਇਸ ਦੌਰਾਨ ਸ੍ਰੀ ਸੰਜੀਵ ਕੁਮਾਰ ਸਮਾਣਾ ਨੇ ਆਪਣੇ ਨਿੱਜੀ ਤਜਰਬੇ ਸਾਂਝੇ ਕਰਦਿਆਂ ਹੋਏ ਵਿਦਿਆਰਥੀਆਂ ਨੂੰ ਬਿਜ਼ਨੈੱਸ ਸਥਾਪਤ ਕਰਨ ਦੇ ਮਹੱਤਵਪੂਰਨ ਨੁਕਤੇ ਦੱਸੇ ਤੇ ਉਨ੍ਹਾਂ ਨੂੰ ਨੌਕਰੀ ਪ੍ਰਾਪਤ ਕਰਨ ਵਾਲੇ ਬਣਨ ਦੀ ਥਾਂ ਨੌਕਰੀ ਪ੍ਰਦਾਨ ਕਰਨ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਬਲਕਾਰ ਸਿੰਘ ਤੇ ਪ੍ਰੋ. ਮਨਿੰਦਰ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਆਏ ਮੁੱਖ ਮਹਿਮਾਨ ਦਾ ਰਸਮੀ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਵਰਤਮਾਨ ਸਮੇਂ ਵਿੱਚ ਨੌਜਵਾਨਾਂ ਨੂੰ ਆਪਣੇ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਵੀ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

## ਫ਼ਤਹਿਗੜ੍ਹ ਬੇਟ ਦੇ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਜੱਸਾ ਪੱਟੀ ਨੇ ਜਿੱਤੀ



**ਮਾਛੀਵਾੜਾ ਸਾਹਿਬ** (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਪਿੰਡ ਫ਼ਤਹਿਗੜ੍ਹ ਬੇਟ (ਸ਼ੇਰਪੁਰ ਬੇਟ) ਵਿਖੇ ਬਾਬਾ ਹਰਜਿੰਦਰ ਸਿੰਘ (ਘੁੱਦੇ ਸ਼ਾਹ) ਵੱਲੋਂ ਡੇਰਾ ਬਾਬਾ ਸੋਹਣੇ ਸ਼ਾਹ ਅਤੇ ਬੱਗੂ ਸ਼ਾਹ ਦੀ ਦਰਗਾਹ 'ਤੇ ਮਾਘੀ ਦੰਗਲ ਮੇਲਾ ਤੇ ਧਾਰਮਿਕ ਸਮਾਗਮ ਕਰਾਇਆ ਗਿਆ। ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਜੱਸਾ ਪੱਟੀ ਅਤੇ ਵਿੰਨਿਆ ਬੀਨ ਜੰਮੂ ਵਿਚਕਾਰ ਹੋਈ, ਜਿਸ ਵਿਚ ਕਾਂਟੇਦਾਰ ਟੱਕਰ ਤੋਂ ਬਾਅਦ ਜੱਸਾ ਪੱਟੀ ਜੇਤੂ ਰਿਹਾ। ਦੂਜੀ ਕੁਸ਼ਤੀ ਵਿੱਚ ਤਾਲਿਬ ਬਾਬਾ ਫਲਾਹੀ ਨੇ ਅਜੇ ਕੈਂਥਲ ਨੂੰ ਹਰਾਇਆ। ਇਸ ਤੋਂ ਇਲਾਵਾ ਦੰਗਲ ਮੇਲੇ ਤੋਂ ਪਹਿਲਾਂ ਕੁੱਤਿਆਂ ਦੀਆਂ ਦੌੜਾਂ ਕਰਾਈਆਂ ਗਈਆਂ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਸਮਰਾਲਾ ਜਗਤਾਰ ਸਿੰਘ ਦਿਆਲਪੁਰਾ, ਹਲਕਾ ਇੰਚਾਰਜ਼ ਕਾਂਗਰਸ ਰੁਪਿੰਦਰ ਸਿੰਘ ਰਾਜਾ ਗਿੱਲ, ਜ਼ਿਲਾ ਉਪ ਪ੍ਰਧਾਨ ਕਾਂਗਰਸ ਕਸਤੂਰੀ ਲਾਲ ਮਿੰਟੂ, ਕ੍ਰਿਸ਼ਨ ਲਾਲ ਕਾਲੜਾ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ ਪੁੱਜੇ ਜਿਨ੍ਹਾਂ ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਕੀਤੀ।

ਇਸ ਮੌਕੇ ਚੇਅਰਮੈਨ ਮੇਜਰ ਸਿੰਘ ਬਾਲਿਓਂ, ਬਲਾਕ ਪ੍ਰਧਾਨ ਰਣਜੀਤ ਸਿੰਘ, ਲੱਖਾ ਇਟਲੀ, ਬੱਬੂ ਸਪੇਨ, ਮਨੀ ਕੈਨੇਡਾ, ਸਹਾਇਕ ਥਾਣੇਦਾਰ ਦਲਜੀਤ ਸਿੰਘ, ਪੀ.ਏ. ਨਵਜੀਤ ਸਿੰਘ, ਗੁਰਬਖਸ਼ ਸਿੰਘ, ਮਨਜੀਤ ਸਿੰਘ ਨੰਬਰਦਾਰ, ਬੂਟਾ ਸਿੰਘ ਸਰਪੰਚ, ਤਰਲੋਚਨ ਸਿੰਘ ਤੋਚੀ, ਤਰਸੇਮ ਸਿੰਘ ਸਰਪੰਚ, ਬਾਬਾ ਦੀਪਾ ਬਾਬਾ ਫਲਾਹੀ, ਮਨਜੀਤ ਸਿੰਘ ਬਹਿਲੋਲਪੁਰ, ਬਲਵੰਤ ਸਿੰਘ ਲੁਧਿਆਣਾ, ਸਨੀ ਸਪੇਨ, ਹਰਪ੍ਰੀਤ ਕੌਰ ਕੈਨੇਡਾ, ਸੋਨੀ ਯੂ. ਐਸ. ਏ, ਭਿੰਦਰ ਯੂ. ਕੇ, ਬੱਬੂ ਸਪੇਨ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ। ਧਾਰਮਿਕ ਸਮਾਗਮ ਦੌਰਾਨ ਨਜੀਮਾ ਖਾਨ ਵੱਲੋਂ ਸੂਫ਼ੀਆਨਾ ਮਹਿਫ਼ਲ ਸਜਾਈ ਗਈ।

## .ਗਲਤ ਦਸਤਾਵੇਜ਼ ਪੇਸ਼ ਕਰਕੇ ਬੁਢਾਪਾ ਪੈਨਸ਼ਨ ਲਵਾਈ, ਪਤੀ-ਪਤਨੀ ਖਿਲਾਫ਼ ਪਰਚਾ ਦਰਜ

**ਜਲਾਲਾਬਾਦ**, (ਜੀਤ ਕੁਮਾਰ) ਥਾਣਾ ਸਦਰ ਦੀ ਪੁਲਸ ਵੱਲੋਂ ਪਿੰਡ ਭੰਬਾ ਵੱਟੂ ਹਿਠਾੜ ਵਿਖੇ ਝੂਠੇ ਦਸਤਾਵੇਜ ਤਿਆਰ ਕਰਕੇ ਬੁਢਾਪਾ ਪੈਨਸ਼ਨ ਲਾਉਣ ਤੇ ਸਰਕਾਰੀ ਪੈਸਾ ਹੜੱਪ ਕਰਨ ਦੇ ਦੋਸ਼ ਵਿੱਚ ਪਤੀ-ਪਤਨੀ ਦੇ ਖਿਲਾਫ ਧੋਖਾਧੜੀ ਦਾ ਪਰਚਾ ਦਰਜ ਕੀਤਾ ਗਿਆ ਹੈ। ਇਸ ਮੁਕੱਦਮੇ ਦੀ ਜਾਂਚ ਸਹਾਇਕ ਥਾਣੇਦਾਰ ਹਰਦੇਵ ਸਿੰਘ ਕਰ ਹਨ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁੱਦਈ ਹਰਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਭੰਬਾ ਵੱਟੂ ਹਿਠਾੜ ਨੇ ਪੁਲਸ ਕੋਲ ਦਰਖਾਸਤ ਦਿੱਤੀ ਗਈ ਸੀ ਕਿ ਉਹ ਬਤੌਰ ਸਾਬਕਾ ਸਰਪੰਚ ਤੇ ਸਰਬਰਾਹ ਨੰਬਰਦਾਰ ਵੀ ਰਹਿ ਚੁੱਕਾ ਹਾਂ ਅਤੇ ਉਸਦੇ ਪਿਤਾ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਨੰਬਰਦਾਰੀ ਦੀ ਪੋਸਟ ਖਾਲੀ ਹੋਣ ਕਰਕੇ ਸਰਕਾਰ ਵੱਲੋਂ ਮੁਨਿਆਦੀ ਕਰਾਈ ਗਈ ਸੀ, ਜਿਸ ਵਿੱਚ ਉਸ (ਮੁਦੱਈ) ਵੱਲੋਂ ਵੀ ਨੰਬਰਦਾਰੀ ਦੀ ਪੋਸਟ ਲਈ ਅਪਲਾਈ ਕੀਤਾ ਸੀ ਤੇ ਜੰਗੀਰ ਸਿੰਘ ਵੱਲੋਂ ਵੀ ਨੰਬਰਦਾਰੀ ਦੀ ਪੋਸਟ ਲਈ ਅਪਲਾਈ ਕੀਤਾ ਗਿਆ ਸੀ। ਪੁਲਸ ਨੂੰ ਦਿੱਤੀ ਦਰਖਾਸਤ ਵਿਚ ਮੁਦੱਈ ਵੱਲੋਂ ਜੰਗੀਰ ਸਿੰਘ ਤੇ ਉਸਦੀ ਪਤਨੀ ਕੈਲਾਸ਼ ਕੌਰ 'ਤੇ ਝੂਠੇ ਦਸਤਾਵੇਜ ਪੇਸ਼ ਕਰਕੇ ਬੁਢਾਪਾ ਪੈਨਸ਼ਨ ਲਗਾਉਣ ਤੇ ਸਰਕਾਰੀ ਪੈਸਾ ਹੜੱਪ ਕਰਨ ਸਬੰਧੀ ਦੋਸ਼ ਲਾਏ ਗਏ ਸੀ ਅਤੇ ਇਸ ਦਰਖਾਸਤ ਦੀ ਪੜਤਾਲ ਰਿਪੋਰਟ ਨੰਬਰ 122-ਐਸ.ਪੀ.ਐਲ.-ਪੀਸੀ ਮਿਤੀ 08-02-2023 ਨੂੰ ਉਪ ਮੰਡਲ ਕਪਤਾਨ ਪੁਲਸ ਸਬ ਡਵੀਜ਼ਨ ਜਲਾਲਾਬਾਦ ਪਾਸੋਂ ਥਾਣਾ ਸਦਰ ਵਿਖੇ ਆਉਣ ਉਪਰੰਤ ਪੁਲਸ ਵੱਲੋਂ ਮੁੱਦਈ ਹਰਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਜੰਗੀਰ ਸਿੰਘ ਪੁੱਤਰ ਕਰਤਾਰ ਸਿੰਘ ਅਤੇ ਉਸਦੀ ਪਤਨੀ ਕੈਲਾਸ਼ ਕੌਰ ਵਾਸੀਆਨ ਭੰਬਾ ਵੱਟੂ ਹਿਠਾੜ ਦੇ ਖਿਲਾਫ਼ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਡਿਪਟੀ ਕਮਿਸ਼ਨਰ ਵੱਲੋਂ ਚਾਰ ਮਹਿਲਾ ਕਿਸਾਨਾਂ ਦਾ ਸਨਮਾਨ

**ਲੁਧਿਆਣਾ**, (ਜਸਦੀਪ ਵਰਤੀਆ) ਐਚ. ਡੀ. ਐੱਫ. ਸੀ. ਬੈਂਕ ਪਰਿਵਰਤਨ, ਭਾਰਤੀ ਕਿਸਾਨ ਖਾਦ ਸਹਿਕਾਰੀ (ਇਫਕੋ) ਦੇ ਨਾਲ ਇੱਕ ਮੋਹਰੀ ਭਾਈਵਾਲੀ ਵਿੱਚ ਪ੍ਰਧਾਨ ਮੰਤਰੀ-ਮਹਿਲਾ ਕਿਸਾਨ ਡਰੋਨ ਕੇਂਦਰ (ਪੀ.ਐਮ.ਡੀ.ਕੇ.) ਯੋਜਨਾ ਤਹਿਤ ਇੱਕ ਨਵੀਨਤਾਕਾਰੀ ਸਿਖਲਾਈ ਪ੍ਰੋਗਰਾਮ ਦਾ ਸਫ਼ਲਤਾਪੂਰਵਕ ਆਯੋਜਨ ਹੋਇਆ ਹੈ। ਮਾਨੇਸਰ, ਹਰਿਆਣਾ ਵਿੱਚ ਸੰਚਾਲਿਤ, ਇਹ ਪਹਿਲ ਪਰਿਵਰਤਨਸ਼ੀਲ ਰਹੀ ਹੈ, ਜਿਸ ਵਿੱਚ ਪੰਜਾਬ ਦੀਆਂ ਚਾਰ ਗਤੀਸ਼ੀਲ ਮਹਿਲਾ ਕਿਸਾਨਾਂ ਨੂੰ ਹੁਨਰਮੰਦ ਡਰੋਨ ਪਾਇਲਟ ਵਜੋਂ ਸਫ਼ਲਤਾਪੂਰਵਕ ਪ੍ਰਮਾਣਿਤ ਕੀਤਾ ਗਿਆ ਹੈ, ਇਸ ਤਰ੍ਹਾਂ ਆਧੁਨਿਕ ਤਕਨੀਕ ਨੂੰ ਰਵਾਇਤੀ ਖੇਤੀ ਅਭਿਆਸਾਂ ਵਿੱਚ ਸਹਿਜੇ ਹੀ ਜੋੜਿਆ ਗਿਆ ਹੈ। ਇਸ 15 ਦਿਨਾਂ ਦੀ ਸਿਖਲਾਈ ਦੌਰਾਨ ਪ੍ਰੋਗਰਾਮ ਦੇ ਮੁੱਖ ਭਾਗੀਦਾਰਾਂ, ਮਾਛੀਵਾੜਾ ਸਾਹਿਬ ਦੀ ਗੁਰਿੰਦਰ ਕੌਰ, ਲਾਪਰਾਂ ਦੀ ਰੁਪਿੰਦਰ ਕੌਰ, ਬੜੂੰਦੀ ਦੀ ਮਨਦੀਪ ਕੌਰ ਪੰਨੂ ਤੇ ਮਾਛੀਵਾੜਾ ਸਾਹਿਬ ਦੀ ਸਿਮਰਨਜੀਤ ਕੌਰ ਨੇ ਬੇਮਿਸਾਲ ਪ੍ਰਤਿਭਾ ਅਤੇ ਲਗਨ ਦਾ ਪ੍ਰਦਰਸ਼ਨ ਕੀਤਾ। ਖੇਤੀਬਾੜੀ ਡਰੋਨਾਂ ਦੇ ਸੰਚਾਲਨ ਵਿੱਚ ਉਹਨਾਂ ਦੇ ਨਵੇਂ ਹਾਸਲ ਕੀਤੇ ਹੁਨਰ ਫ਼ਸਲਾਂ ਦੀ ਪੈਦਾਵਾਰ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ, ਖੇਤੀਬਾੜੀ ਕੁਸ਼ਲਤਾ ਨੂੰ ਵਧਾਉਣ ਤੇ ਯੂਰੀਆ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸੈੱਟ ਕੀਤੇ ਗਏ ਹਨ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੌਤਮ ਜੈਨ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਇਨ੍ਹਾਂ ਮਹਿਲਾ ਕਿਸਾਨਾਂ ਨੂੰ ਸਨਮਾਨਤ ਕੀਤਾ ਗਿਆ ਇੱਕ ਮਹੱਤਵਪੂਰਨ ਕਦਮ ਵਿੱਚ ਸਰਕਾਰ ਨੇ 15,000 ਔਰਤਾਂ ਦੀ ਅਗਵਾਈ ਵਾਲੇ ਸੈਲਫ਼ ਹੈਲਪ ਗਰੁੱਪਾਂ ਨੂੰ ਮੁਫ਼ਤ ਡਰੋਨ ਪ੍ਰਦਾਨ ਕਰਨ ਲਈ ਵਚਨਬੱਧ ਕੀਤਾ ਹੈ। ਇਹ ਪਹਿਲਕਦਮੀ ਖੇਤੀਬਾੜੀ ਵਿੱਚ ਔਰਤਾਂ ਦੇ ਸਸ਼ਕਤੀਕਰਨ ਤੇ ਆਰਥਿਕ ਸੁਤੰਤਰਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਪਹਿਲਕਦਮੀ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਵਿਕਸਤ ਭਾਰਤ ਸੰਕਲਪ ਯਾਤਰਾ ਸੀ, ਜਿਸ ਵਿੱਚ ਨਵੀਨਤਮ ਖੇਤੀਬਾੜੀ ਡਰੋਨਾਂ ਦਾ ਪ੍ਰਦਰਸ਼ਨ ਕੀਤਾ ਗਿਆ ਸੀ। ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਗਏ, ਇਹ ਡਰੋਨ ਖੇਤੀਬਾੜੀ ਅਭਿਆਸਾਂ ਦੇ ਆਧੁਨਿਕੀਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਨੂੰ ਦਰਸਾਉਂਦੇ ਹਨ। ਐਚ.ਡੀ.ਐਫ਼.ਸੀ. ਬੈਂਕ ਪਰਿਵਰਤਨ ਅਤੇ ਇਫਕੋ ਵਿਚਕਾਰ ਇਹ ਸਹਿਯੋਗ ਖੇਤੀਬਾੜੀ ਵਿੱਚ ਇੱਕ ਟਿਕਾਊ ਤੇ ਖੁਸ਼ਹਾਲ ਭਵਿੱਖ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਿੱਧ ਹੋਵੇਗਾ। ਨਾਲ ਹੀ ਪੰਜਾਬ ਜੀ.ਟੀ. ਟੀਮ ਦੇ ਟੀਮ ਲੀਡਰ ਅਤੇ ਮੈਨੇਜਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਗ੍ਰਾਂਟ ਥੌਰਨਟਨ ਭਾਰਤ ਐਲ.ਐਲ.ਪੀ. ਨੂੰ ਲੁਧਿਆਣਾ, ਮੋਗਾ, ਬਰਨਾਲਾ ਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਐਸ.ਐਚ.ਜੀ/ਜੇ.ਐਲ.ਜੀ. ਤੋਂ ਸਾਰੀਆਂ ਮਹਿਲਾ ਐਫ.ਪੀ.ਸੀਜ/ਪੀ.ਓਜ਼ ਨੂੰ ਇਕੱਠਾ ਕਰਕੇ (ਸਿੱਧੇ ਅਤੇ ਅਸਿੱਧੇ ਤੌਰ 'ਤੇ) 27000 ਤੋਂ ਵੱਧ ਔਰਤਾਂ ਨੂੰ ਲਾਭ ਪਹੁੰਚਾਉਣ ਲਈ ਸਨਮਾਨਤ ਕੀਤਾ ਗਿਆ ਹੈ।

## ਖੇਡ ਸਟੇਡੀਅਮ ਸਰਹਿੰਦ ਵਿਖੇ ਮਨਾਇਆ ਜਾਵੇਗਾ ਗਣਤੰਤਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ : ਏ.ਡੀ.ਸੀ.

### ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਸੁਤੰਤਰਤਾ ਸੈਨਾਨੀਆਂ ਦਾ ਕੀਤਾ ਜਾਵੇਗਾ ਸਨਮਾਨ



**ਫ਼ਤਹਿਗੜ੍ਹ ਸਾਹਿਬ**, (ਪ੍ਰਮੋਦ ਭਾਰਦਵਾਜ)-26 ਜਨਵਰੀ ਦਾ ਦਿਹਾੜਾ ਸਮੂਹ ਦੇਸ਼ ਵਾਸੀਆਂ ਲਈ ਗੌਰਵ ਦਾ ਪ੍ਰਤੀਕ ਹੈ, ਕਿਉਂਕਿ ਇਸ ਦਿਨ 26 ਜਨਵਰੀ 1950 ਵਿੱਚ ਆਜ਼ਾਦ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਸੀ, ਜਿਸ ਵਿੱਚ ਹਰੇਕ ਭਾਰਤੀ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ ਗਏ ਸਨ।ਸਾਡੇ ਸੰਵਿਧਾਨ ਨੇ ਦੇਸ਼ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਬਣਾਇਆ।

ਇਸ ਇਤਿਹਾਸਕ ਮਹੱਤਤਾ ਵਾਲੇ ਦਿਹਾੜੇ ਤੇ ਸਮੂਹ ਅਧਿਕਾਰੀ ਦੇਸ਼ ਭਗਤੀ ਦੀ ਭਾਵਨਾ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰਨ।ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ ਨੇ ਬੱਚਤ ਭਵਨ ਵਿਖੇ ਗਣਤੰਤਰ ਦਿਵਸ ਸਬੰਧੀ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਖੇਡ ਸਟੇਡੀਅਮ ਸਰਹਿੰਦ ਵਿਖੇ ਮਨਾਇਆ ਜਾਵੇਗਾ, ਜਿਸ ਵਿੱਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੰਜਾਬ ਪੁਲਸ, ਪੰਜਾਬ ਹੋਮ ਗਾਰਡਜ਼, ਐੱਨ.ਸੀ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ ਅਤੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਜਾਵੇਗਾ।ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਜ਼ਿਲ੍ਹੇ ਦੇ ਸੁਤੰਤਰਤਾ ਸੰਗਰਾਮੀਆਂ ਦੇ ਸਨਮਾਨ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਜ਼ਿਲ੍ਹੇ ਦੇ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ।

ਇਸ ਮੌਕੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵੱਲੋਂ ਲੋੜਵੰਦਾਂ ਨੂੰ ਟਰਾਈ ਸਾਇਕਲ ਤੇ ਸਿਲਾਈ ਮਸ਼ੀਨਾਂ ਵੀ ਦਿੱਤੀਆਂ ਜਾਣਗੀਆਂ।ਸ਼੍ਰੀਮਤੀ ਈਸ਼ਾ ਸਿੰਗਲ ਨੇ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮ ਦੇ ਸਾਰੇ ਪ੍ਰਬੰਧ ਸਮੇਂ ਸਿਰ ਪੂਰੇ ਕਰਨ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਜ਼ਿਲ੍ਹਾ ਪੱਧਰੀ ਸਮਾਗਮ ਵਾਲੇ ਸਥਾਨ ਦੀ ਸਾਫ ਸਫਾਈ, ਸੁਚੱਜੀ ਟ੍ਰੈਫਿਕ ਵਿਵਸਥਾ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ, ਸਜਾਵਟ ਆਦਿ ਲਈ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਲਗਾਈਆਂ।ਉਨ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਸਬੰਧੀ ਰੀਹਰਸਲਾਂ ਸ਼ੁਰੂ ਕੀਤੀਆਂ ਜਾਣ।

## 13 ਤੋਂ ਦਿੱਲੀ ਪੱਕੇ ਮੋਰਚੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਲਹਿਰਾ ਮੁਹੱਬਤ** (ਭੀਮ ਸੈਨ ਹਦਵਾਰੀਆ) ਭਾਕਿਯੂ (ਏਕਤਾ) ਸਿੱਧੂਪੁਰ ਪਿੰਡ ਲਹਿਰਾ ਮੁਹੱਬਤ ਇਕਾਈ ਦੀ ਮੀਟਿੰਗ ਦੁਲਚੀ ਪੱਤੀ ਦੀ ਧਰਮਸ਼ਾਲਾ ਵਿਖੇ ਹੋਈ। ਮੀਟਿੰਗ ਦੌਰਾਨ ਦਿੱਲੀ ਵਿਖੇ 13 ਫਰਵਰੀ ਤੋਂ ਗੈਰ-ਰਾਜਨੀਤਿਕ ਵੱਲੋਂ ਲੱਗ ਰਹੇ ਪੱਕੇ ਮੋਰਚੇ ਦੀ ਤਿਆਰੀਆਂ ਨੂੰ ਲੈ ਕੇ ਕਿਸਾਨਾਂ ਨੂੰ ਲਾਮਬੰਦ ਅਤੇ ਜਾਗਰੂਕ ਕਰਨ ਲਈ 16 ਜਨਵਰੀ ਤੋਂ ਪੰਜਾਬ ਭਰ ਦੇ ਪਿੰਡਾਂ ਵਿੱਚ ਕੱਢੇ ਜਾ ਰਹੇ ਟਰੈਕਟਰ ਮਾਰਚ ਪ੍ਰੋਗਰਾਮ ਤਹਿਤ ਬਲਾਕ ਨਥਾਣਾ ਦੇ ਪਿੰਡਾਂ ਵਿੱਚ ਕੱਢੇ ਜਾਣ ਵਾਲੇ ਮਾਰਚ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਆਗੂ ਗੁਰਮੇਲ ਸਿੰਘ, ਬਲਾਕ ਨਥਾਨਾ ਦੇ ਆਗੂ ਜਸਪਾਲ ਸਿੰਘ, ਬਲਵੀਰ ਸਿੰਘ ਤੇ ਹਰਨੇਕ ਸਿੰਘ ਤੋਂ ਇਲਾਵਾ ਪਿੰਡ ਇਕਾਈ ਦੇ ਆਗੂ ਗੁਰਮੀਤ ਸਿੰਘ, ਚਮਕੌਰ ਸਿੰਘ, ਜਗਜੀਤ ਸਿੰਘ, ਹਰਭਜਨ ਸਿੰਘ, ਕੌਰ ਸਿੰਘ, ਭੋਲਾ ਸਿੰਘ, ਬੱਗਾ ਸਿੰਘ, ਸੁਖਮੰਦਰ ਸਿੰਘ, ਪੁਸ਼ਪਿੰਦਰ ਸਿੰਘ, ਰੂਪ ਸਿੰਘ ਨੰਬਰਦਾਰ, ਮੇਜਰ ਸਿੰਘ ਕਾਲਾ, ਗੁਰਮੇਲ ਸਿੰਘ, ਸੰਮੀ, ਗੁਰਜੋਤ ਸਿੰਘ, ਮਾਲਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਸਮੇਤ ਹੋਰ ਕਿਸਾਨ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਸਬੰਧੀ ਮੀਟਿੰਗ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ) : ਵੀਰਇੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਮਿਸ ਏਕਤਾ ਉੱਪਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ 9 ਮਾਰਚ 2024 ਨੂੰ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਦੇ ਸਬੰਧ ਵਿੱਚ ਪੈਨਲ ਐਡਵੋਕਟ, ਇੰਸ਼ੋਰੈਂਸ ਕੰਪਨੀਆਂ ਦੇ ਨਾਲ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਜੱਜ ਸਾਹਿਬ ਨੇ ਨੈਸ਼ਨਲ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਪ੍ਰੀ ਲਿਟੀਗੇਟਿਵ ਕੇਸ ਲਗਾਉਣ ਤੇ ਅਦਾਲਤਾਂ ਵਿੱਚ ਲੰਭਿਤ ਕੇਸਾਂ ਨੂੰ ਰਾਜ਼ੀਨਾਮੇ ਲਈ ਲੋਕ ਅਦਾਲਤ ਵਿੱਚ ਰਖਵਾਉਣ ਬਾਰੇ ਕਿਹਾ ਗਿਆ।ਮਾਨਯੋਗ ਜੱਜ ਸਾਹਿਬ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਆਉਣ ਵਾਲੀ ਨੈਸ਼ਨਲ ਲੋਕ ਅਦਾਲਤ ਦਾ ਲਾਭ ਉਠਾ ਸਕਦੇ ਹਨ ਅਤੇ ਇਸ ਨੈਸ਼ਨਲ ਲੋਕ ਅਦਾਲਤ ਦਾ ਲਾਭ ਉਠਾਉਣ ਲਈ ਸਬੰਧਤ ਅਦਾਲਤ ਵਿੱਚ ਦਰਖਾਸਤ ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਝੋਕ ਰੋਡ ਨੇੜੇ ਸ਼ੇਰ ਸ਼ਾਹ ਅਲੀ ਚੌਂਕ, ਫਿਰੋਜ਼ਪੁਰ ਕੈਂਟ ਵਿੱਚ ਆਪਣੀ ਦਰਖਾਸਤ ਦੇ ਕੇ ਕੇਸ ਨੈਸ਼ਨਲ ਲੋਕ ਅਦਾਲਤ ਵਿੱਚ ਲਗਾ ਸਕਦੇ ਹਨ।

## ਪ੍ਰਵਾਸੀ ਭਾਰਤੀਆਂ ਨੇ ਧੂਮ-ਧਾਮ ਨਾਲ ਮਨਾਇਆ ਲੋਹੜੀ ਦਾ ਤਿਉਹਾਰ



**ਮਹਿਲ ਕਲਾਂ** (ਪ੍ਰਦੀਪ ਸਿੰਘ ਲੋਹਗੜ੍ਹ)-ਕੈਨੇਡਾ ਵੱਸਦੇ ਮਹਿਲ ਕਲਾਂ ਨਾਲ ਸਬੰਧਤ ਪ੍ਰਵਾਸੀ ਭਾਰਤੀਆਂ ਵੱਲੋਂ ਲੋਹੜੀ ਦਾ ਤਿਉਹਾਰ ਬਰੈਂਪਟਨ ਕੈਨੇਡਾ ਵੱਲੋਂ ਧੂਮ ਧਾਮ ਨਾਲ ਮਨਾਇਆ ਗਿਆ।

ਇਸ ਪ੍ਰੋਗਰਾਮ ਮੌਕੇ ਕੈਨੇਡਾ ਪਹੁੰਚੇ ਪ੍ਰਵਾਸੀ ਭਾਰਤੀਆਂ ਨੇ ਆਪਸੀ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਿਆਂ ਖੁਸ਼ੀ ਸਾਂਝੀ ਕੀਤੀ। ਆਪੋ ਆਪਣੇ ਪਰਿਵਾਰਾਂ ਸਮੇਤ ਤੇ ਵਿਦਿਆਰਥੀਆਂ ਨੇ ਆਪੋ ਆਪਣੇ ਰੁਝੇਵੇਂ ਸਮੇਟਦਿਆਂ ਸ਼ਾਮਲ ਕੀਤੀ ਤੇ ਪ੍ਰੋਗਰਾਮ ਨੂੰ ਚਾਰ ਚੰਨ ਲਗਾ ਦਿੱਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਵਾਸੀ ਭਾਰਤੀ ਬੂਟਾ ਸਿੰਘ ਬੱਸੀਆਂ ਵਾਲੇ, ਚੇਅਰਮੈਨ ਰਾਜਾ ਰਾਹਲ ਕੈਨੇਡਾ ਨੇ ਦੱਸਿਆ ਕਿ ਮਹਿਲ ਕਲਾਂ ਨਾਲ ਸਬੰਧਤ ਵੱਡੀ ਗਿਣਤੀ 'ਚ ਲੋਕ ਪੱਕੇ ਤੌਰ 'ਤੇ ਇੱਥੇ ਆ ਕੇ ਵਸ ਗਏ ਹਨ ਅਤੇ ਹੁਣ ਵੀ ਵੱਡੀ ਗਿਣਤੀ 'ਚ ਵਿਦਿਆਰਥੀ ਸੁਨਹਿਰੀ ਭਵਿੱਖ ਦੇ ਸੁਪਨੇ ਸੰਜੋਅ ਕੇ ਇੱਥੇ ਪਹੁੰਚ ਰਹੇ ਹਨ।

ਸਾਰਿਆਂ ਨੂੰ ਇਕ ਮਾਲਾ 'ਚ ਪਰੋ ਕੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਇਹ ਉਪਰਾਲਾ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਸਭ ਨੂੰ ਭਰਪੂਰ ਸਹਿਯੋਗ ਮਿਲਿਆ ਹੈ। ਇਸ ਮੌਕੇ ਮਨਦੀਪ ਸਿੰਘ ਸਮਰਾ, ਕੁਲਵੰਤ ਸਿੰਘ ਫ਼ੌਜੀ, ਜਗਜੀਤ ਸਿੰਘ ਮਾਹਲ, ਰਣਜੀਤ ਸਿੰਘ ਮਾਹਲ, ਪਰਮਿੰਦਰ ਸਿੰਘ ਸੋਢਾ, ਗੀਤਕਾਰ ਬਿੱਟੂ ਮਹਿਲ ਕਲਾਂ, ਗੋਗੀ ਬੈਨੀਪਾਲ, ਪ੍ਰੀਤ ਸੋਢਾ, ਜੋਗਿੰਦਰ ਸਿੰਘ ਸਿੱਧੂ, ਵਿੱਕੀ ਬੜੈਚ, ਗੁਰਜੋਤ ਸਿੰਘ ਭੱਠਲ, ਅਜਵਿੰਦਰ ਸਿੰਘ ਪਾਸੀ, ਬੱਬੂ ਭੱਠਲ, ਕਰਨ ਸੋਢਾ, ਹਰਜਿੰਦਰ ਸਿੰਘ ਸੋਢਾ, ਅਵਤਾਰ ਸਿੰਘ ਦਿਉਲ, ਲਖਵਿੰਦਰ ਸਿੰਘ ਪਾਸੀ, ਪਰਮਿੰਦਰ ਸਿੰਘ ਪਾਸੀ ਆਦਿ ਹਾਜ਼ਰ ਸਨ।

## ਪਿੰਡ ਜੈਪਾਲਗੜ੍ਹ 'ਚ ਵਿਰਾਸਤੀ ਮੇਲਾ 9 ਤੋਂ 11 ਫਰਵਰੀ ਤੱਕ



**ਬਠਿੰਡਾ**, (ਪਰਵਿੰਦਰ ਜੀਤ ਸਿੰਘ) ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਤੇ ਪੰਜਾਬੀਅਤ ਦੇ ਪੁਰਾਣੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਅਤੇ ਪੁਰਾਣੀ ਵਿਰਾਸਤ ਦੀ ਸਾਂਭ-ਸੰਭਾਲ ਲਈ ਕੰਮ ਕਰ ਰਹੀ ਮਾਲਵਾ ਹੈਰੀਟੇਜ਼ ਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਸਹਿਯੋਗ ਨਾਲ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ 17ਵਾਂ ਵਿਰਾਸਤੀ ਮੇਲਾ 9, 10 ਤੇ 11 ਫਰਵਰੀ ਨੂੰ ਕਰਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਇਸ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਮਾਲਵਾ ਹੈਰੀਟੇਜ਼ ਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਅਹੁਦੇਦਾਰਾਂ ਅਤੇ ਅਧਿਆਰੀਆਂ ਨਾਲ ਕੀਤੀ ਗਈ ਬੈਠਕ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।ਇਸ ਮੌਕੇ ਉਨ੍ਹਾਂ ਮੇਲਾ ਪ੍ਰਬੰਧਕਾਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਕਰਾਇਆ ਜਾ ਰਿਹਾ ਇਹ ਵਿਰਾਸਤੀ ਮੇਲਾ ਨੌਜਵਾਨ ਪੀੜ੍ਹੀ ਨੂੰ ਪੁਰਾਣੇ ਸੱਭਿਆਚਾਰ ਤੇ ਪੁਰਾਣੀ ਵਿਰਾਸਤ ਸਬੰਧੀ ਜਾਣਕਾਰੀ ਦੇਣ ਲਈ ਸਹਾਈ ਸਿੱਧ ਹੋਵੇਗਾ।ਉਨ੍ਹਾਂ ਇਸ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਵਿਰਾਸਤੀ ਪਿੰਡ ਜੈਪਾਲਗੜ੍ਹ ਦੀ ਸਾਫ਼-ਸਫ਼ਾਈ, ਡਾਕਟਰੀ ਟੀਮਾਂ, ਪੀਣ ਵਾਲੇ ਪਾਣੀ, ਬੈਰੀਕੇਟਿੰਗ, ਨਿਰਵਿਘਨ ਬਿਜਲੀ ਸਪਲਾਈ ਤੋਂ ਇਲਾਵਾ ਟ੍ਰੈਫ਼ਿਕ ਸਬੰਧੀ ਸੁਚੱਜੇ ਪ੍ਰਬੰਧ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਅਗਾਊਂ ਲੋੜੀਂਦੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ। ਇਸ ਮੌਕੇ ਵਿਰਾਸਤੀ ਮੇਲੇ ਦੌਰਾਨ ਮਾਂ ਬੋਲੀ ਨੂੰ ਸਮਰਪਤ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨ ਕਰਨ ਹਿੱਤ ਭੇਟ ਕੀਤੀ ਜਾਣ ਵਾਲੀ ਲੋਈ ਦਾ ਡਿਜ਼ਾਇਨ ਵੀ ਜਾਰੀ ਕੀਤਾ ਗਿਆ। ਇਸ ਦੌਰਾਨ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਦੀ ਸ਼ੁਰੂਆਤ 9 ਫਰਵਰੀ ਨੂੰ ਸਵੇਰੇ ਗੁਰੁਦੁਆਰਾ ਹਾਜੀ ਰਤਨ ਵਿਖੇ ਅਰਦਾਸ ਕਰਵਾਉਣ ਉਪਰੰਤਦਰਗਾਹ ਤੇ ਚਾਦਰ ਚੜ੍ਹਾਉਣ ਨਾਲ ਹੋਵੇਗੀ। ਇਸ ਮੌਕੇ ਇੱਥੋ ਹੀ ਵਿਰਾਸਤੀ ਜਲੂਸ ਕੱਢਿਆ ਜਾਵੇਗਾ ਜਿਸ ਵਿੱਚ ਪੁਰਾਤਨ ਤੇ ਵਿਰਾਸਤੀ ਵਸਤਾਂ ਤੋਂ ਇਲਾਵਾ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹੋਈਆਂ ਪ੍ਰਦਰਸ਼ਨੀਆਂ ਸ਼ਾਮਲ ਹੋਣਗੀਆ। ਇਹ ਵਿਰਾਸਤੀ ਜਲੂਸ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਪਹੁੰਚੇਗਾ। ਇਸ ਉਪਰੰਤ ਇੱਥੇ ਵਿਰਾਸਤੀ ਮੇਲਾ ਸ਼ੁਰੂ ਹੋਵੇਗਾ ਜੋ ਲਗਾਤਾਰ 11 ਫ਼ਰਵਰੀ ਤੱਕ ਚੱਲੇਗਾ। ਇਸ ਵਿਰਾਸਤੀ ਮੇਲੇ ਦੌਰਾਨ ਵੱਖ-ਵੱਖ ਰਾਜਾਂ ਨਾਲ ਸਬੰਧਤ ਸੱਭਿਆਚਾਰਕ ਵੰਨਗੀਆਂ, ਨਾਟਕਾਂ ਤੋਂ ਇਲਾਵਾ ਪ੍ਰਸਿੱਧ ਗਾਇਕਾਂ ਵਲੋਂ ਆਪਣੀ ਕਲਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

### ਗੁਰਪੁਰਬ ਧੂਮਧਾਮ ਤੇ ਸ਼ਰਧਾ ਪੂਰਵਕ ਮਨਾਇਆ



**ਕੋਟਕਪੂਰਾ** (ਰਛਪਾਲ ਭੁੱਲਰ) ਹੀਰਾ ਸਿੰਘ ਨਗਰ ਤੇ ਆਨੰਦ ਨਗਰ ਦੇ ਵਸਨੀਕਾਂ ਵੱਲੋਂ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਹਾੜਾ ਬੜੀ ਸ਼ਰਧਾ ਪੂਰਵਕ ਸਿੱਖੀ ਸਿਧਾਤਾਂ ਅਨੁਸਾਰ ਮਨਾਇਆ ਗਿਆ।15 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਗਏ ਤੇ ਭੋਗ ਪਾਏ ਗਏ ਤੇ ਰਾਗੀ ਸਿੰਘਾਂ ਵੱਲੋਂ ਕਥਾ ਵਿਚਾਰਾਂ ਵੀ ਕੀਤੀਆਂ ਗਈਆਂ।ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਇਸ ਮੌਕੇ ਤੇਜਾ ਸਿੰਘ ਮੁਹਾਰ, ਰਜਿੰਦਰ ਸਿੰਘ ਸਰਾਂ, ਵਿਸਾਖਾ ਸਿੰਘ ਸਰਾਂ, ਗੁਰਕੀਰਤ ਸਿੰਘ, ਪ੍ਰਿੰਸੀਪਲ ਰੌਸ਼ਨ ਲਾਲ ਜੈਨ, ਰਾਮੇਸ਼ਵਰ ਸਿੰਘ, ਰਛਪਾਲ ਸਿੰਘ ਭੁੱਲਰ, ਹਰਪ੍ਰੀਤ ਸਿੰਘ ਮੜਾਕ, ਜਗਜੀਵਨ ਸਿੰਘ ਮੱਲਣ, ਗੁਰਪ੍ਰੀਤ ਸਿੰਘ ਫੌਜੀ, ਰਜਿੰਦਰ ਸਿੰਘ ਚਾਨੀ, ਸੰਦੀਪ ਕੌਸ਼ਲ, ਗੁਰਮੀਤ ਸਿੰਘ, ਐਡਵੋਕੇਟ ਸੁਰਿੰਦਰ ਸਿੰਘ, ਕਰਨੈਲ ਸਿੰਘ, ਗੁਰਤੇਜ ਸਿੰਘ ਬਰਾੜ, ਕੁਲਦੀਪ ਸਿੰਘ, ਮਨਜੀਤ ਸਿੰਘ ਡੀਐਮਓ, ਪ੍ਰਿੰਸੀਪਲ ਬਲਵੀਰ ਸਿੰਘ, ਨਰਜਿੰਦਰ ਸਿੰਘ ਬਰਾੜ, ਬਾਬਾ ਅਮਰਜੀਤ ਸਿੰਘ ਢੱਲ, ਗੁਰਲਾਜ ਸਿੰਘ, ਸੁਖਵਿੰਦਰ ਸਿੰਘ ਤੋਂ ਇਲਾਵਾ ਮੁਹੱਲਾ ਵਾਸੀ ਹਾਜ਼ਰ ਸਨ।

## ਮੌਸਮ ਦੇ ਮਿਜਾਜ਼ ਨੂੰ ਵੇਖਦੇ ਹੋਏ ਠੰਢ ਤੋਂ ਬਚਾਅ ਸਬੰਧੀ ਐਡਵਾਈਜਰੀ ਜਾਰੀ



**ਮਾਨਸਾ** (ਪਮਾਰ) ਡਾ. ਰਣਜੀਤ ਸਿੰਘ ਰਾਏ ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਵਧੀਆ ਤੋਂ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਾਡਾ ਪਹਿਲਾ ਫ਼ਰਜ਼ ਹੈ। ਨਾਲ ਹੀ ਉਨ੍ਹਾਂ ਨੇ ਕਿਹਾ ਸਮੂਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ, ਇਮਾਨਦਾਰੀ ਤੇ ਸਮੇਂ ਸਿਰ ਨਿਭਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਮਾਨਸਾ ਵਿਖੇ ਕਿਸੇ ਕਿਸਮ ਦੇ ਕੰਮ ਵਿੱਚ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਜੇਕਰ ਕਿਸੇ ਵੀ ਮਰੀਜ਼ ਜਾਂ ਵਿਅਕਤੀ ਉਨ੍ਹਾਂ ਦੇ ਵਾਰਸ ਨੂੰ ਸਿਹਤ ਵਿਭਾਗ ਦੇ ਸਬੰਧਤ ਕਿਸੇ ਵੀ ਕੰਮ ਨਾਲ ਕੋਈ ਦਿੱਕਤ ਪੇਸ਼ ਨਾ ਆਵੇ।

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਡਾ. ਰਾਏ ਨੇ ਜ਼ਿਲ੍ਹਾ ਮਾਨਸਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਸਮ ਦੇ ਬਦਲਾਅ ਨੂੰ ਵੇਖਦੇ ਹੋਏ ਸ਼ੀਤ ਲਹਿਰ ਤੋਂ ਬਚਾਅ ਸਬੰਧੀ ਐਡਵਾਇਜਰੀ ਜਾਰੀ ਕਰਦਿਆਂ ਕਿਹਾ ਕਿ ਸਰਦ ਰੁੱਤ ਦੇ ਮੌਸਮ ਵਿੱਚ ਲਗਾਤਾਰ ਘੱਟ ਰਹੇ ਤਾਪਮਾਨ ਵਿੱਚ ਸਿਹਤ ਪ੍ਰਤੀ ਲਾਹਪ੍ਰਵਾਹੀ ਖਤਰਨਾਕ ਸਾਬਤ ਹੋ ਸਕਦੀ ਹੈ।ਖਾਸ ਕਰ ਬਜ਼ੁਰਗਾਂ ਤੇ ਬੱਚਿਆਂ ਲਈ ਬਹੁਤ ਘੱਟ ਤਾਪਮਾਨ ਵਿੱਚ ਜਿਆਦਾ ਦੇਰ ਰਹਿਣ ਨਾਲ ਹਾਈਪੋਥਮੀਆ, ਫਰੋਸਟਬਾਈਟ ਚਿਲਬਲੇਨ ਵਰਗੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਲੰਮਾ ਸਮਾਂ ਬਹੁਤ ਘੱਟ ਤਾਪਮਾਨ ਵਿੱਚ ਰਹਿਣ ਨਾਲ ਵਿਅਕਤੀ ਹਾਈਪੋਥਰਮੀਆ ਦਾ ਸ਼ਿਕਾਰ ਹੋ ਸਕਦਾ ਹੈ, ਜਿਸ ਵਿੱਚ ਸਰੀਰ ਠੰਢਾ ਪੈ ਜਾਂਦਾ ਹੈ, ਕਾਂਬਾ ਲੱਗਦਾ ਹੈ ਤੇ ਸਰੀਰ ਨੂੰ ਬਹੁਤ ਜਿਆਦਾ ਥਕਾਵਟ ਹੋ ਜਾਂਦੀ ਹੈ।ਅਜਿਹੀ ਸਥਿਤੀ ਵਿੱਚ ਵਿਅਕਤੀ ਦੀ ਥਰਥਰਾਹਟ ਤੋਂ ਇਲਾਵਾ ਵਿਅਕਤੀ ਦੀ ਯਾਦਾਸ਼ਤ ਵੀ ਜਾ ਸਕਦੀ ਹੈ। ਇਸ ਤਰਾਂ ਬਹੁਤ ਲੰਮਾ ਸਮਾਂ ਠੰਢ ਵਿੱਚ ਪੈਣ ਨਾਲ ਹੱਥ-ਪੈਰ ਨੀਲੇ ਪੈ ਜਾਂਦੇ ਹਨ।

ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਵਿਜੈ ਕੁਮਾਰ ਨੇ ਦੱਸਿਆ ਕਿ ਠੰਢ ਤੋਂ ਬਚਾਅ ਲਈ ਢੁਕਵੇਂ ਇਹਤਿਆਦੀ ਪ੍ਰਬੰਧ ਬਹੁਤ ਜ਼ਰੂਰੀ ਹਨ।ਠੰਢ ਤੋਂ ਬਚਾਅ ਲਈ ਗਰਮ ਕੱਪੜੇ, ਬਿਨਾਂ ਕੰਮ ਤੋਂ ਬਾਹਰ ਨਾ ਜਾਣਾ, ਖਾਣ ਪੀਣ ਵੱਲ ਵਿਸ਼ੇਸ਼ ਧਿਆਨ ਰੱਖਣਾ, ਮੌਸਮ ਵਿਭਾਗ ਦੀਆਂ ਚੇਤਾਵਨੀਆਂ ਤੇ ਅਮਲ ਕਰਨਾ, ਸੰਚਾਰ ਰਾਬਤਾ ਕਾਇਮ ਰੱਖਣਾ, ਗ਼ਰਮ ਤਰਲ ਪਦਾਰਥਾਂ ਦਾ ਜ਼ਿਆਦਾ ਪ੍ਰਯੋਗ ਕਰਨਾ, ਰੂਮ ਹੀਟਰ ਦੀ ਵਰਤੋਂ ਕਰਦੇ ਸਮੇਂ ਹਵਾ ਦੀ ਅਵਾਜਾਈ ਦਾ ਖਿਆਲ ਰੱਖਣਾ ਤਾਂ ਜੁ ਆਕਸੀਜਨ ਦੀ ਕਮੀ ਨਾ ਹੋ ਸਕੇ।ਗ਼ਰਮ ਪਾਣੀ ਨਾਲ ਨਹਾਉਂਦੇ ਸਮੇਂ ਪਾਣੀ ਦੀ ਬਾਲਟੀ ਪਹਿਲਾਂ ਹੀ ਭਰ ਲਈ ਜਾਵੇ ਤਾਂ ਜੁ ਗੀਜ਼ਰ ਬੰਦ ਕੀਤਾ ਜਾ ਸਕੇ।ਗੀਜਰ ਦੀ ਫਿਟਿੰਗ ਬਾਥ ਰੂਮ ਤੋਂ ਬਾਹਰ ਕਰ ਲਈ ਜਾਵੇ ਤਾਂ ਹੋਰ ਵੀ ਚੰਗਾ ਰਹੇਗਾ।

# ਸਕੂਲ ਸਿੱਖਿਆ ਵਿਭਾਗ ਨੂੰ ਅਧਿਆਪਕ ਯੂਨੀਅਨ ਦੇ ਮਸਲਿਆਂ ਦੇ ਹੱਲ ਲਈ ਕਮੇਟੀ ਗਠਿਤ ਕਰਨ ਦੇ ਨਿਰਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ)**—ਕੈਬਨਿਟ ਸਬ-ਕਮੇਟੀ, ਜਿਸ ਵਿੱਚ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਸ਼ਾਮਲ ਹਨ, ਨੇ ਸਕੂਲ ਸਿੱਖਿਆ ਵਿਭਾਗ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਐਨ.ਐਸ.ਕਿਊ.ਐਫ. ਅਧਿਆਪਕ ਯੂਨੀਅਨ ਦੇ ਨੁਮਾਇੰਦਿਆਂ ਦੀ ਇੱਕ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਇਨ੍ਹਾਂ ਅਧਿਆਪਕਾਂ ਦੇ ਮਸਲਿਆਂ ਬਾਰੇ ਅਧਿਐਨ ਕਰਕੇ ਉਨ੍ਹਾਂ ਦਾ ਸੰਭਵ ਹੱਲ ਲੱਭਿਆ ਜਾ ਸਕੇ। ਕੈਬਨਿਟ ਸਬ-ਕਮੇਟੀ ਨੇ ਸਕੂਲ ਸਿੱਖਿਆ ਵਿਭਾਗ ਨੂੰ ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ (ਐਨ.ਐਸ.ਕਿਊ.ਐਫ.) ਅਧਿਆਪਕਾਂ ਨਾਲ ਅਗਲੀ ਮੀਟਿੰਗ ਬੁਲਾਉਣ ਤੋਂ ਪਹਿਲਾਂ ਕਾਨੂੰਨੀ, ਪ੍ਰਸ਼ਾਸਨਿਕ ਅਤੇ ਵਿੱਤੀ ਮੁੱਦਿਆਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਉਪਰੰਤ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੰਤਰੀਆਂ ਨੇ ਵਿਭਾਗ ਨੂੰ ਅਗਲੇ ਹਫਤੇ ਕੰਪਿਊਟਰ ਅਧਿਆਪਕ ਯੂਨੀਅਨ ਨਾਲ ਮੀਟਿੰਗ ਬੁਲਾ ਕੇ 31 ਜਨਵਰੀ ਤੱਕ ਉਨ੍ਹਾਂ ਦੇ ਮਸਲਿਆਂ ਦੇ ਹੱਲ ਬਾਰੇ ਵਿਸਥਾਰਤ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ। ਇਸ ਤੋਂ ਪਹਿਲਾਂ ਕੈਬਨਿਟ ਸਬ-ਕਮੇਟੀ ਨੇ ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਮੁੱਦਿਆਂ ਦਾ ਹੱਲ ਲੱਭਣ ਲਈ ਕਿਹਾ। ਇਸ ਦੌਰਾਨ ਕੈਬਨਿਟ ਸਬ-ਕਮੇਟੀ ਨੇ ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਦੋਵੇਂ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਅਤੇ ਗ੍ਰਾਮ ਜੀ.ਪੀ.ਡਬਲਿਊ.ਐਸ.ਸੀ. ਵਾਟਰ ਸਪਲਾਈ ਪੰਪ ਓਪਰੇਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀ ਇੱਕ ਸਾਂਝੀ ਕਮੇਟੀ ਬਣਾਈ ਜਾਵੇ ਤਾਂ ਜੋ ਪੰਚਾਇਤ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਕਮੇਟੀ (ਜੀ.ਪੀ.ਡਬਲਿਊ.ਐਸ.ਸੀ.) ਅਧੀਨ ਪੰਪ ਅਪਰੇਟਰਾਂ ਦੀਆਂ ਸੇਵਾਵਾਂ ਲੈਣ ਜਾਂ ਖ਼ਤਮ ਕਰਨ ਸਬੰਧੀ ਨਿਯਮ ਅਤੇ ਸ਼ਰਤਾਂ ਤਿਆਰ ਕੀਤੀਆਂ ਜਾ ਸਕਣ। ਕੈਬਨਿਟ ਸਬ-ਕਮੇਟੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਸਮੱਸਿਆਵਾਂ ਦੇ ਜਲਦ ਤੋਂ ਜਲਦ ਨਿਪਟਾਰੇ ਕਰਨ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਤਹਿਤ ਕੈਬਨਿਟ ਸਬ ਕਮੇਟੀ ਨੇ ਇਹ ਨਿਰਦੇਸ਼ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਐਨ.ਐਸ.ਕਿਊ.ਐਫ. ਅਧਿਆਪਕ ਯੂਨੀਅਨ, ਕੰਪਿਊਟਰ ਅਧਿਆਪਕ ਯੂਨੀਅਨ, ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ ਅਤੇ ਜੀ.ਪੀ.ਡਬਲਯੂ.ਐੱਸ.ਸੀ. ਵਾਟਰ ਸਪਲਾਈ ਪੰਪ ਅਪਰੇਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੌਰਾਨ ਦਿੱਤੇ। ਜ਼ਿਕਰਯੋਗ ਹੈ ਕਿ ਸਾਰੀਆਂ ਮੀਟਿੰਗਾਂ ਸੁਖਾਵੇਂ ਮਾਹੌਲ ਵਿੱਚ ਹੋਈਆਂ।

# ਪੁਲਸ ਵੱਲੋਂ ਸੜਕ ਹਾਦਸਿਆਂ ਦੇ ਕਾਰਨਾਂ ਦੀ ਜਾਂਚ ਲਈ ਰੋਡ ਕਰੈਸ਼ ਇਨਵੈਸਟੀਗੇਸ਼ਨ ਵਾਹਨ ਲਾਂਚ



**ਚੰਡੀਗੜ੍ਹ (ਗੁਰਜੀਤ ਬਿੱਲਾ)**—ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਦੇ ਉਦੇਸ਼ ਨਾਲ ਪੰਜਾਬ ਪੁਲਸ ਵੱਲੋਂ ਸੂਬੇ ਵਿੱਚ ਚੱਲ ਰਹੇ 34ਵੇਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਆਪਣਾ ਪਹਿਲਾ ਰੋਡ ਕਰੈਸ਼ ਇਨਵੈਸਟੀਗੇਸ਼ਨ ਯੂਨਿਟ ਵਾਹਨ ਜੋ ਵਿਗਿਆਨਕ ਤਰੀਕੇ ਨਾਲ ਹਾਦਸੇ ਦੇ ਮੂਲ ਕਾਰਨਾਂ ਦੀ ਜਾਂਚ ਅਤੇ ਪਛਾਣ ਕਰਨ ਲਈ ਸਮਰੱਥ ਹੈ, ਲਾਂਚ ਕੀਤਾ ਗਿਆ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਇਹ ਵਾਹਨ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਅਤਿ-ਆਧੁਨਿਕ ਵਿਸ਼ੇਸ਼ਤਾਵਾਂ ਨਾਲ ਲੈਸ ਹੈ ਜਿਸ ਵਿੱਚ ਕਰੈਸ਼ ਇਨਵੈਸਟੀਗੇਸ਼ਨ ਕਿੱਟ, ਮੂਵਿੰਗ ਲੋਕੇਸ਼ਨ ਅਧਾਰਿਤ ਵੀਡੀਓ ਕੈਪਚਰ, ਜਿਓਗ੍ਰਾਫਿਕ ਲੋਕੇਸ਼ਨ ਲਿੰਕੇਜ ਵਾਲਾ ਸਪੀਡ ਕੈਮਰਾ, ਖੇਤਰ-ਅਧਾਰਿਤ ਵੀਡੀਓਗ੍ਰਾਫੀ ਲਈ ਡਰੋਨ, ਡਿਜੀਟਲ ਡਿਸਟੋਮੀਟਰ ਅਤੇ ਈ- ਡਾਰ ਡਾਟਾ ਕੁਲੈਕਸ਼ਨ ਸ਼ਾਮਲ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਸ ਵੱਲੋਂ ਤਿਆਰ ਕੀਤਾ ਇਹ ਵਾਹਨ ਸੜਕ ਸੁਰੱਖਿਆ ਪਹਿਲਕਦਮੀਆਂ ਦੀ ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਤਿਆਰ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਗਿਆਨਕ ਜਾਂਚ ਸਾਨੂੰ ਹਾਦਸਿਆਂ ਦੇ ਮੂਲ ਕਾਰਨ ਦਾ ਪਤਾ ਲਗਾਉਣ ਵਿੱਚ ਮਦਦਗਾਰ ਸਾਬਿਤ ਹੋਵੇਗੀ ਭਾਵੇਂ ਇਹ ਕਾਰਨ ਸੜਕ ਦੇ ਬੁਨਿਆਦੀ ਢਾਂਚੇ, ਵਾਹਨਾਂ, ਜਾਂ ਮਨੁੱਖੀ ਗਲਤੀ ਨਾਲ ਸਬੰਧਤ ਹੋਵੇ। ਇਹ ਸੜਕ ਹਾਦਸਿਆਂ ਦੀ ਜਾਂਚ ਸਬੰਧੀ ਰਵਾਇਤੀ ਪਹੁੰਚ ਤੋਂ ਉਪਰ ਉੱਠ ਕੇ ਵਿਗਿਆਨਕ ਤਰੀਕਿਆਂ ਨਾਲ ਜਾਂਚ ਦੀ ਦਿਸ਼ਾ ਵੱਲ ਅਹਿਮ ਕਦਮ ਹੈ।

ਏਡੀਜੀਪੀ ਟ੍ਰੈਫਿਕ ਏ.ਐਸ. ਰਾਏ, ਜੋ ਕਿ ਏਆਈਜੀ ਟ੍ਰੈਫਿਕ ਗਗਨ ਅਜੀਤ ਸਿੰਘ ਅਤੇ ਟ੍ਰੈਫਿਕ ਸਲਾਹਕਾਰ ਕਮ ਪੰਜਾਬ ਰੋਡ ਸੇਫਟੀ ਐਂਡ ਟ੍ਰੈਫਿਕ ਰਿਸਰਚ ਸੈਂਟਰ (ਪੀਆਰਐਸਟੀਆਰਸੀ) ਦੇ ਡਾਇਰੈਕਟਰ ਡਾ. ਨਵਦੀਪ ਅਸੀਜਾ ਦੇ ਨਾਲ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਇਸ ਵਾਹਨ ਨੂੰ ਹਰੀ ਝੰਡੀ ਦਿਖਾ ਰਹੇ ਸਨ, ਨੇ ਰੋਡ ਕਰੈਸ਼ ਇਨਵੈਸਟੀਗੇਸ਼ਨ ਯੂਨਿਟ ਦੇ ਵਾਹਨ ਦੇ ਸਫ਼ਲਤਾਪੂਰਵਕ ਲਾਂਚ ਲਈ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਇਸ ਵਾਹਨ ਵਿੱਚ ਸ਼ਾਮਲ ਆਧੁਨਿਕ ਤਕਨੀਕਾਂ ਬੇਸ਼ੱਕ ਹਾਦਸਿਆਂ ਦੀ ਜਾਂਚ ਸਬੰਧੀ ਸਾਡੀ ਸਮਰੱਥਾ ਨੂੰ ਵਧਾਉਣਗੀਆਂ ਅਤੇ ਸੁਰੱਖਿਅਤ ਸੜਕੀ ਵਾਤਾਵਰਣ ਸਿਰਜਣ ਵਿੱਚ ਅਹਿਮ ਯੋਗਦਾਨ ਪਾਉਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਸ਼ੁਰੂਆਤੀ ਤੌਰ 'ਤੇ ਇਸ ਵਾਹਨ ਨੂੰ ਰੋਪੜ ਪੁਲਸ ਰੇਂਜ ਵਿੱਚ ਤਾਇਨਾਤ ਕੀਤਾ ਜਾਵੇਗਾ ਅਤੇ ਅੰਤਿਮ ਰੂਪ ਦਿੱਤੇ ਜਾਣ 'ਤੇ ਅਜਿਹੇ ਹੋਰ ਵਾਹਨਾਂ ਨੂੰ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਤਾਇਨਾਤ ਕੀਤਾ ਜਾਵੇਗਾ। ਏਆਈਜੀ ਗਗਨ ਅਜੀਤ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਇਹ ਵਾਹਨ ਤਿਆਰ ਕਰਨ ਨਾਲ ਨਾ ਸਿਰਫ ਮਜ਼ਬੂਤ ਤਕਨੀਕੀਕਰਨ ਨੂੰ ਹੁਲਾਰਾ ਮਿਲਿਆ ਹੈ ਬਲਕਿ ਬਾਜ਼ਾਰ ਵਿੱਚ ਕ੍ਰੈਸ਼ ਇਨਵੈਸਟੀਗੇਸ਼ਨ ਵਾਹਨਾਂ ਲਈ ਉਪਲਬਧ ਕੀਮਤ ਦੇ ਮੁਕਾਬਲੇ ਇਸ ਦੀ ਲਾਗਤ 1/20 ਘੱਟ ਗਈ ਹੈ।

ਟ੍ਰੈਫਿਕ ਸਲਾਹਕਾਰ ਡਾ. ਨਵਦੀਪ ਅਸੀਜਾ ਨੇ ਕਿਹਾ ਕਿ ਆਧੁਨਿਕ ਤਕਨੀਕ ਵੱਲ ਇਹ ਕਦਮ ਸਾਡੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੂਬਾਈ ਖੋਜ ਅਤੇ ਨਿਰਮਾਣ ਸਮਰੱਥਾਵਾਂ ਦੇ ਵਿਕਾਸ ਦੇ ਨਾਲ ਡਾਟਾ-ਅਧਾਰਿਤ ਫੈਸਲੇ ਲੈਣ ਪ੍ਰਤੀ ਸਾਡੀ ਵਚਨਬੱਧਤਾ ਨੂੰ ਦ੍ਰਿੜ ਕਰਦਾ ਹੈ ਅਤੇ ਸੂਬੇ ਵਿੱਚ ਸੜਕ ਸੁਰੱਖਿਆ ਨੂੰ ਵਧਾਉਣ ਲਈ ਸਾਡੇ ਸਮਰਪਣ ਨੂੰ ਦਰਸਾਉਂਦਾ ਹੈ। ਜ਼ਿਕਰਯੋਗ ਹੈ ਕਿ ਇਹ ਵਾਹਨ ਟ੍ਰੈਫਿਕ ਉਲੰਘਣਾ ਕਰਨ ਵਾਲਿਆਂ ਦਾ ਪਤਾ ਲਗਾਉਣ ਲਈ ਸਪੀਡ ਕੈਮਰੇ ਅਤੇ ਅਲਕੋਮੀਟਰ ਨਾਲ ਲੈਸ ਹੈ ਅਤੇ ਇਸਦੀ ਵਰਤੋਂ ਆਮ ਟ੍ਰੈਫਿਕ ਇਨਫੋਰਸਮੈਂਟ ਡਿਊਟੀਆਂ ਲਈ ਵੀ ਕੀਤੀ ਜਾ ਸਕਦੀ ਹੈ।

## ਦਸਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਨਗਰ ਕੀਰਤਨ

**ਨਕੋਦਰ, (ਰੀਨਾ ਸ਼ਰਮਾ)** : ਦਸਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਮੌਕੇ ਸੋਮਵਾਰ ਨੂੰ ਨਕੋਦਰ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਤੋਂ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ 'ਚ ਸ਼ਾਮਲ ਸੰਗਤ ਨੇ ਗੁਰ ਜੱਸ ਗਾਇਆ। ਨਗਰ ਕੀਰਤਨ ਦੌਰਾਨ ਪੂਰਾ ਸ਼ਹਿਰ ਸਤਿਨਾਮ ਵਾਹਿਗੁਰੂ ਜੀ ਤੇ ਵਾਹਿਗੁਰੂ ਜੀ ਕਾ ਖਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ ਦੇ ਜੈਕਾਰਿਆਂ ਨਾਲ ਗੂੰਜਦਾ ਰਿਹਾ। ਨਗਰ ਕੀਰਤਨ ਦੌਰਾਨ ਗੱਤਕਾ ਪਾਰਟੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਨਗਰ ਕੀਰਤਨ ਜੋ ਸ਼ਹਿਰ ਦੇ ਮਾਲਦੀ ਰੋਡ, ਜੀਟੀਬੀ ਨਗਰ, ਜਲੰਧਰ ਰੋਡ ਮੁਹੱਲਾ ਗੱਡਿਆਂ, ਬੱਸ ਸਟੈਂਡ ਰੋਡ ਐੱਮ ਸੀ ਚੌਕ, ਅੰਬੇਡਕਰ ਚੌਕ, ਸਿਟੀ ਸਬਜ਼ੀ ਮੰਡੀ, ਡਾਕਖਾਨਾ ਰੋਡ, ਰਿਸ਼ੀ ਨਗਰ, ਅੱਡਾ ਮਹਿਤਪੁਰ, ਭਾਟੀਆ ਮੁਹੱਲਾ, ਵਾਟਰ ਮਿੱਲ, ਰਹਿਮਾਨਪੁਰਾ, ਰੇਲਵੇ ਰੋਡ, ਲੱਕੜ ਮੰਡੀ, ਮੁਹੱਲਾ ਗਾਵਾਂ, ਮੁਹੱਲਾ ਧੀਰਾ, ਮੁਹੱਲਾ ਗੁਰੂ ਨਾਨਕਪੁਰਾ, ਦੱਖਣੀ ਗੇਟ, ਹਸਪਤਾਲ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਪਹੁੰਚਿਆ ਤੇ ਵੱਖ-ਵੱਖ ਥਾਵਾਂ 'ਤੇ ਨਗਰ ਕੀਰਤਨ ਦਾ ਲੋਕਾਂ ਨੇ ਭਰਵਾਂ ਸਵਾਗਤ ਕੀਤਾ ਤੇ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਲਾਏ ਗਏ।

# ਗੁਰਦੁਆਰਾ ਬੀਬੀਆਂ ਟਾਂਡਾ ਤੋਂ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ ਤੋਂ ਮਹਾਨ ਨਗਰ ਕੀਰਤਨ ਸ਼ਰਧਾ, ਸਤਿਕਾਰ ਤੇ ਖਾਲਸਾਈ ਸ਼ਾਨੋ-ਸ਼ੌਕਤ ਨਾਲ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿੱਚ ਸਜਾਇਆ ਗਿਆ। ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਵੱਖ-ਵੱਖ ਸੇਵਾ ਸੋਸਾਇਟੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ ਮਹਾਨ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਜਿਥੇ ਨਗਰ ਕੀਰਤਨ ਵਿੱਚ ਸਮੂਹ ਸੰਗਤਾਂ ਤੇ ਰਾਗੀ ਢਾਡੀ ਜੱਥਿਆਂ ਵੱਲੋਂ ਜਿੱਥੇ ਗੁਰਬਾਣੀ ਦਾ ਪਵਿੱਤਰ ਜਾਪ ਕੀਤਾ ਜਾ ਰਿਹਾ ਸੀ ਉੱਥੇ ਹੀ ਬੈਂਡ ਵਾਜੇ ਵਾਲੀਆਂ ਪਾਰਟੀਆਂ ਨਗਰ ਕੀਰਤਨ ਦੀ ਸੋਭਾ ਨੂੰ ਚਾਰ ਚੰਨ ਲਗਾ ਰਹੀਆਂ ਸਨ। ਨਗਰ ਕੀਰਤਨ ਦਾ ਸ਼ਹਿਰ ਦੇ ਵੱਖ-ਵੱਖ ਚੌਂਕਾਂ ਅਤੇ ਪੜਾਵਾਂ ਵਿੱਚ ਪਹੁੰਚਣ 'ਤੇ ਸਮੂਹ ਸੰਗਤ ਅਤੇ ਸੇਵਾਦਾਰਾਂ ਵੱਲੋਂ ਫੁੱਲਾਂ ਦੀ ਵਰਖਾ ਕਰਦਿਆਂ ਨਿੱਘਾ ਸਵਾਗਤ ਕੀਤਾ ਗਿਆ। ਨਿਹੰਗ ਸਿੰਘਾ ਵੱਲੋਂ ਗਤਕੇ ਦੇ ਜੰਗਜੂ ਕਰਤਬਾਂ ਰਾਹੀਂ ਸਿੱਖ ਮਾਰਸ਼ਲ ਆਰਟ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਨਗਰ ਕੀਰਤਨ ਗੁਰਦੁਆਰਾ ਬੀਬੀਆਂ ਟਾਂਡਾ ਤੋਂ ਆਰੰਭ ਹੋ ਕੇ ਬੋਹੜ ਵਾਲਾ ਚੌਂਕ, ਤਹਿਸੀਲ ਰੋਡ ਟਾਂਡਾ, ਸਹੀਦ ਚੌਂਕ, ਸਰਕਾਰੀ ਹਸਪਤਾਲ ਚੌਂਕ, ਸ਼ਿਮਲਾ ਪਹਾੜੀ ਟਾਂਡਾ, ਬਾਬਾ ਬੂਟਾ ਭਗਤ ਚੌਂਕ, ਸਟੇਸ਼ਨ ਚੌਂਕ , ਰੇਲਵੇ ਸਟੇਸ਼ਨ ਚੌਂਕ ਤੇ ਟਾਂਡਾ ਪੁਲੀ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ।

ਇਸ ਮੌਕੇ ਪ੍ਰਧਾਨ ਨਿਰਮਲ ਸਿੰਘ ਤੁੱਲੀ, ਲਖਬੀਰ ਸਿੰਘ ਖਾਲਸਾ, ਗੁਰਮੀਤ ਸਿੰਘ, ਪਰਮਿੰਦਰ ਸਿੰਘ, ਬਲਵੀਰ ਸਿੰਘ, ਰਣਜੀਤ ਸਿੰਘ ਤੁਲੀ, ਸੰਤਾ ਸਿੰਘ, ਸਾਹਿਬ ਸਿੰਘ, ਸੁਖਜਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਦਮਨਵੀਰ ਸਿੰਘ, ਦਿਲਪ੍ਰੀਤ ਸਿੰਘ,ਰਾਜਵਿੰਦਰ ਸਿੰਘ ,ਗੁਰਮੀਤ ਸਿੰਘ, ਗੁਰਪਾਲ ਸਿੰਘ,ਪਰਮਜੀਤ ਸਿੰਘ,ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਅਮੀਰ ਸਿੰਘ, ਗਿਆਨੀ ਬਲਵਿੰਦਰ ਸਿੰਘ, ਮਾਸਟਰ ਸੁਖਮੀਤ ਸਿੰਘ, ਸੰਜੀਵ ਕੁਮਾਰ, ਸੁਜਾਨ ਸਿੰਘ ਬਲਵੀਰ ਸਿੰਘ ਸੈਣੀ ,ਕੈਪਟਨ ਪਿਆਰਾ ਸਿੰਘ, ਅੰਮ੍ਰਿਤਪਾਲ ਸਿੰਘ , ਇੰਸਪੈਕਟਰ ਪਰਮਿੰਦਰ ਸਿੰਘ,ਕੈਪਟਨ ਦਲਵੀਰ ਸਿੰਘ, ਰਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਲੋਕ ਸਭਾ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਬਸਪਾ : ਜਸਵੀਰ ਗੜ੍ਹੀ



**ਜਲੰਧਰ। (ਸ਼ੈਲੀ ਐਲਬਰਟ)** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਵਸ ਸੂਬੇ ਭਰ 'ਚ ਜਨ ਕਲਿਆਣਕਾਰੀ ਦਿਵਸ ਵੱਜੋਂ ਮਨਾਇਆ ਗਿਆ। ਇਸੇ ਲੜੀ ਤਹਿਤ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ 'ਚ ਇੱਕ ਸਮਾਗਮ ਕਰਾਇਆ ਗਿਆ। ਇਸ ਮੌਕੇ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨੇ ਕਿਹਾ ਕਿ ਬਸਪਾ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰੇਗੀ। ਉਨ੍ਹਾਂ ਨੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਇਨ੍ਹਾਂ ਚੋਣਾਂ ਦੀਆਂ ਤਿਆਰੀਆਂ 'ਚ ਦਿਨ-ਰਾਤ ਡਟ ਜਾਣ ਲਈ ਕਿਹਾ। ਗੜ੍ਹੀ ਨੇ ਕਿਹਾ ਕਿ ਬਸਪਾ ਪੰਜਾਬ 'ਚੋਂ ਐਮਪੀ ਜਿਤਾ ਕੇ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਲਈ ਬਣਦਾ ਯੋਗਦਾਨ ਪਾਵੇਗੀ। ਉਨ੍ਹਾਂ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਮਹਾਪੁਰਖਾਂ ਵੱਲੋਂ ਦਿਖਾਏ ਹੋਏ ਰਾਹ 'ਤੇ ਚੱਲ ਕੇ ਗਰੀਬਾਂ, ਦਲਿਤਾਂ, ਪੱਛੜੇ ਵਰਗਾਂ ਦਾ ਜੀਵਨ ਉਚਾ ਚੁੱਕਣ ਲਈ ਦਿਨ-ਰਾਤ ਸੰਘਰਸ਼ ਕਰ ਰਹੇ ਹਨ। ਇਸ ਮੌਕੇ ਬਸਪਾ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਲਾਲ ਚੰਦ ਔਜਲਾ, ਤੀਰਥ ਰਾਜਪੁਰਾ, ਸੂਬਾ ਦਫਤਰ ਸਕੱਤਰ ਜਸਵੰਤ ਰਾਏ, ਸੂਬਾ ਕੈਸ਼ੀਅਰ ਪਰਮਜੀਤ ਮੱਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਬਲਵਿੰਦਰ ਰਲ੍ਹ, ਦਿਹਾਤੀ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਪੀਡੀ ਸ਼ਾਂਤ, ਜਲੰਧਰ ਨੌਰਥ ਪ੍ਰਧਾਨ ਸਲਵਿੰਦਰ ਕੁਮਾਰ, ਮਦਨ ਮੱਦੀ ਕੌਂਸਲਰ, ਦੇਵਰਾਜ ਸੁਮਨ, ਜਗਦੀਸ਼ ਦੀਸ਼ਾ, ਵਿਜੇ ਯਾਦਵ, ਜਸਵੀਰ ਕੌਰ, ਸਤਨਾਮ ਕੌਰ ਆਦਿ ਆਗੂ ਵੀ ਮੌਜੂਦ ਸਨ।

## ਭੱਟੀਆਂ ਵਾਸੀ 5 ਸਾਲ ਤੋਂ ਕਰ ਰਹੇ ਹਨ ਆਂਗਣਵਾੜੀ ਵਰਕਰ, ਹੈਲਪਰ ਤੇ ਪੱਕੇ ਕਮਰੇ ਦੀ ਮੰਗ

**ਫਿਲੌਰ, (ਨਿਰਮਲ)**-ਫਿਲੌਰ ਦੇ ਨਜ਼ਦੀਕੀ ਪਿੰਡ ਭੱਟੀਆਂ ਦੇ ਵਾਸੀ ਬੀਤੇ ਤਕਰੀਬਨ ਪੰਜ ਸਾਲਾਂ ਤੋਂ ਆਂਗਨਵਾੜੀ ਵਰਕਰ, ਹੈਲਪਰ ਅਤੇ ਕਮਰੇ ਦੀ ਮੰਗ ਕਰ ਰਹੇ ਹਨ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਭੱਟੀਆਂ ਦੇ ਸਾਬਕਾ ਸਰਪੰਚ ਸਰਬਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਭੱਟੀਆਂ 'ਚ ਕਈ ਸਾਲਾਂ ਤੋਂ ਆਂਗਨਵਾੜੀ ਵਰਕਰ, ਹੈਲਪਰ ਅਤੇ ਕਮਰਾ ਨਹੀਂ ਹੈ।ਜਿਸ ਦੀ ਮੰਗ ਉਹ ਕਈ ਸਾਲਾਂ ਤੋਂ ਕਰ ਰਹੇ ਹਨ।ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਸੈਂਟਰ ਦੇ ਕਮਰੇ ਲਈ ਸਿਰਫ਼ 60 ਹਜ਼ਾਰ ਰੁਪਏ ਦੀ ਗਰਾਂਟ ਦਿੱਤੀ।

ਉਨ੍ਹਾਂ ਕਿਹਾ ਕਿ 60 ਹਜ਼ਾਰ ਰੁਪਏ ਚ ਕਮਰਾ ਤਿਆਰ ਨਹੀਂ ਹੁੰਦਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਜਲੰਧਰ 'ਚ ਸਾਰੇ ਪਿੰਡਾਂ 'ਚ ਆਂਗਨਵਾੜੀ ਵਰਕਰ ਲਗਾ ਦਿੱਤੇ ਗਏ ਪਰ ਭੱਟੀਆਂ ਪਿੰਡ ਨੂੰ ਕਿਉਂ ਅਣਗੌਲਿਆ ਕੀਤਾ ਗਿਆ।ਜਿਕਰਯੋਗ ਹੈ ਕਿ ਪਿੰਡ ਭੱਟੀਆਂ ਦਾ ਸਰਪੰਚ ਕਾਂਗਰਸ ਪਾਰਟੀ ਨਾਲ ਸਬੰਧਤ ਹੈ ਕੀ ਇਹ ਹੀ ਕਾਰਨ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਜ਼ਿਲ੍ਹਾ ਜਲੰਧਰ 'ਚ ਆਂਗਨਵਾੜੀ ਵਰਕਰਾਂ ਅਤੇ ਹੈਲਪਰ ਰੱਖਣ ਲਈ ਅਰਜ਼ੀਆਂ ਲਈਆ ਗਈਆ ਸਨ।ਜਿਸ ਦੀ ਇੰਟਰਵਿਊ ਲੈ ਕੇ ਕਈ ਆਂਗਨਵਾੜੀ ਵਰਕਰ ਅਤੇ ਹੈਲਪਰ ਰੱਖ ਲਏ ਗਏ ਪਰ ਪਿੰਡ ਭੱਟੀਆਂ 'ਚੋ ਜੋ ਅਰਜ਼ੀਆਂ ਗਈਆਂ ਸਨ ਉਨ੍ਹਾਂ ਦਾ ਕੁਝ ਨਹੀਂ ਦੱਸਿਆ ਗਿਆ।ਜਦੋਂ ਸਬੰਧਤ ਅਧਿਕਾਰੀਆਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਹ ਲਾਰੇ ਲੱਪੇ ਲਗਾ ਦਿੰਦੇ ਹਨ।ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੇ ਪਿੰਡ 'ਚ ਪੱਕੇ ਤੌਰ 'ਤੇ ਹੋਰ ਆਂਗਨਵਾੜੀ ਵਰਕਰ, ਹੈਲਪਰ ਰੱਖੀ ਜਾਵੇ।

# ਨਗਰ ਕੌਂਸਲ ਨੇ ਪਲਾਸਟਿਕ ਦੀ ਵਰਤੋਂ ਕਰਨ ਵਾਲੇ ਦੁਕਾਨਦਾਰਾਂ ਦੇ ਚਲਾਨ ਕੱਟੇ



**ਆਦਮਪੁਰ (ਪਰਮਜੀਤ ਸਿੰਘ )**–ਸਥਾਨਕ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਰਾਮਜੀਤ ਵਲੋਂ ਆਪਣੇ ਸਟਾਫ ਨਾਲ ਮਿਲ ਕੇ ਸ਼ਹਿਰ ਵਿਚ ਪਲਾਸਟਿਕ ਦੀ ਵਰਤੋ ਕਰਨ ਵਾਲੇ ਦੁਕਾਨਦਾਰਾਂ ਦੇ ਚਲਾਨ ਕੱਟੇ ਗਏ ਹਨ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਆਪਾ ਰਲ ਮਿਲ ਕੇ ਆਦਮਪੁਰ ਸ਼ਹਿਰ ਨੂੰ ਸਾਫ ਸੁਥਰਾ ਅਤੇ ਹਰਾ ਭਰਿਆ ਬਣਾਈਏ ਤੇ ਇਸ ਲਈ ਗਿੱਲਾ ਸੁੱਕਾ ਕੂੜਾ ਘਰ ਤੋਂ ਹੀ ਅਲੱਗ ਅਲੱਗ ਕਰਕੇ ਦਿੱਤਾ ਜਾਵੇ ਤੇ ਪਲਾਸਟਿਕ ਦੀ ਵਰਤੋਂ ਬਿਲਕੁੱਲ ਹੀ ਬੰਦ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਆਦਮਪੁਰ ਵਲੋਂ ਕੂੜੇ ਦੇ ਢੇਰ ਵਿਚੋ ਇਕੱਠੇ ਕੀਤੇ ਗਏ ਪਲਾਸਟਿਕ ਲਿਫਾਫੇ ਇਕੱਠੇ ਕਰਕੇ ਵੇਚੇ ਗਏ। ਸਾਨੂੰ ਲੋਕਾਂ ਵਲੋਂ ਜੋ ਕੂੜਾ ਦਿੱਤਾ ਜਾਂਦਾ ਹੈ, ਉਸ ਨੂੰ ਅਸੀਂ ਆਪਣੇ ਐਮਆਰਐਫ ਸ਼ੈੱਡ ਪੰਡੋਰੀ ਮਹਿਤਮਾ ਲਿਜਾ ਕੇ ਉਸ ਦੀ ਪ੍ਰੋਸੈਸਿੰਗ ਕਰਦੇ ਹਾਂ ਜਿਸ ਵਿੱਚੋ ਗਿੱਲਾ ਕੂੜਾ ਕੱਢ ਕੇ ਪਿੱਟਾਂ ਵਿੱਚ ਪਾ ਕੇ ਖਾਦ ਤਿਆਰ ਕੀਤੀ ਜਾਂਦੀ ਹੈ ਅਤੇ ਸੁੱਕੇ ਕੂੜੇ ਵਿੱਚੋਂ ਲਿਫਾਫੇ ਵਗੈਰਾ ਕੱਢ ਕੇ ਉਨਾਂ ਦੀਆ ਗੰਢਾਂ ਬਣਾਈਆਂ ਜਾਂਦੀਆਂ ਹਨ ਅਤੇ ਵੇਚੀਆਂ ਜਾਂਦੀਆਂ ਹਨ । ਇਸ ਮੌਕੇ ਉਨਾਂ ਨਾਲ ਸੀਐਫ ਨਿਰਮਲ ਬੈਂਸ, ਕਲਰਕ ਤਨੁਜ ਮਲਹੋਤਰਾ , ਮੋਟੀਵੇਟਰ ਸੰਦੀਪ ਕੌਰ, ਸੁਰਿੰਦਰ ਸਿੰਘ , ਅਮਨ ਦੀਪ , ਰਵੀ ,ਰਾਜੂ ਆਦਿ ਹਾਜਰ ਸਨ ।

# ਖਿਡਾਰੀਆਂ ਲਈ ਟਰੇਨਿੰਗ ਸੈਮੀਨਾਰ ਕਰਵਾਇਆ



**ਅੱਡਾ ਸਰਾਂ (ਕਾਜਲ)**- ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਚ ਚਲਾਏ ਜਾ ਰਹੇ ਵੇਟਲਿਫਟਿੰਗ ਸੈਂਟਰ ਵਿਖੇ ਖਿਡਾਰੀਆਂ ਲਈ ਟਰੇਨਿੰਗ ਸੈਮੀਨਾਰ ਕਰਵਾਇਆ ਗਿਆ।ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਸੈਮੀਨਾਰ ਦੌਰਾਨ ਸੈਂਟਰ ਦੇ ਸਰਪ੍ਰਸਤ ਹਰਦੀਪ ਸਿੰਘ ਬੀਰਮਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਦੌਰਾਨ ਵੇਵਜ਼ ਹਸਪਤਾਲ ਟਾਂਡਾ ਦੇ ਡਾਕਟਰਾਂ ਨੇ ਖਿਡਾਰੀਆਂ ਨੂੰ ਫਿੱਟ ਰਹਿਣ ਦੇ ਨੁਕਤੇ ਦਿੱਤੇ।ਡਾ. ਲਵਪ੍ਰੀਤ ਸਿੰਘ ਪਾਬਲਾ ਅਤੇ ਫਿਜ਼ੀਓਥੈਰੇਪਿਸਟ ਡਾ. ਅੰਮ੍ਰਿਤਪਾਲ ਸਿੰਘ ਨੇ ਖਿਡਾਰੀਆਂ ਨੂੰ ਸੰਤੁਲਿਤ ਖੁਰਾਕ, ਸੱਟਾਂ ਤੋਂ ਬਚਣ ਲਈ ਕਸਰਤ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਅਤੇ ਕੰਮ ਕਰਨ ਦੀ ਸਮਰੱਥਾ ਵਧਾਉਣ ਬਾਰੇ ਦੱਸਿਆ। ਮਾਨਸਿਕ ਰੋਗਾਂ ਦੇ ਮਾਹਿਰ ਡਾ. ਗੁਰਜੋਤ ਸਿੰਘ ਪਾਬਲਾ ਨੇ ਕਿਹਾ ਕਿ ਸਹੀ ਖੁਰਾਕ ਤੇ ਸਹੀ ਕਸਰਤ ਅਤੇ ਨੀਂਦ ਬਹੁਤ ਜ਼ਰੂਰੀ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ ਲਈ, ਉਹ ਦੱਸਦਾ ਹੈ ਕਿ ਨਿਯਮਤ ਨੀਂਦ ਅਤੇ ਕਸਰਤ ਦੇ ਪੈਟਰਨ ਨੂੰ ਸਥਾਪਿਤ ਕਰਨਾ ਨਾ ਸਿਰਫ ਤੁਹਾਡੀ ਆਮ ਸਿਹਤ ਅਤੇ ਮਾਨਸਿਕ ਸਿਹਤ ਲਈ ਚੰਗਾ ਹੈ, ਸਗੋਂ ਇਹ ਤੁਹਾਡੀ ਯਾਦਦਾਸ਼ਤ ਨੂੰ ਸੁਧਾਰ ਸਕਦਾ ਹੈ, ਤੁਹਾਡੇ ਮੂਡ ਨੂੰ ਵਧਾ ਸਕਦਾ ਹੈ ਅਤੇ ਤਣਾਅ ਨੂੰ ਘਟਾ ਸਕਦਾ ਹੈ।ਉਨ੍ਹਾਂ ਕਿਹਾ ਕਿ ਇੱਕ ਸਿਹਤਮੰਦ ਖੁਰਾਕ ਮਾਨਸਿਕ ਸਿਹਤ ਲਈ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਇਹ ਸਰੀਰਕ ਸਿਹਤ ਲਈ ਹੈ। ਉਨ੍ਹਾਂ ਖੇਡ ਜਿੱਤਣ ਲਈ ਕਦੇ ਵੀ ਚਿੰਤਾ ਨਾ ਕਰਨ ਦੀ ਸਲਾਹ ਦਿੱਤੀ।ਇਸ ਮੌਕੇ ਪ੍ਰਬੰਧਕਾਂ ਵੱਲੋਂ ਹਸਪਤਾਲ ਦੀ ਟੀਮ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਹਰਦੀਪ ਸਿੰਘ ਬੀਰਮਪੁਰ, ਪ੍ਰਿੰਸੀਪਲ ਮਨਜੀਤ ਸਿੰਘ, ਨਵਜੋਤ ਸਿੰਘ, ਸਰਪੰਚ ਹਰਦਿਆਲ ਸਿੰਘ, ਰੁਪਿੰਦਰ ਸਿੰਘ ਸੈਣੀ, ਹਰਬੰਸ ਸਿੰਘ ਸੈਣੀ, ਗੁਰਦੀਪ ਸਿੰਘ ਕੈਲਗਰੀ, ਮਨਦੀਪ ਲਿੱਤਰ, ਸਤਨਾਮ ਸਿੰਘ ਸੈਣੀ, ਸੰਨੀ ਦੇਹਰੀਵਾਲ, ਨੰਬਰਦਾਰ ਉਂਕਾਰ ਸਿੰਘ, ਕੁਲਵਿੰਦਰ ਸਿੰਘ, ਲੱਬੀ, ਡਾ. ਦਵਿੰਦਰ ਸਿੰਘ, ਸਤਨਾਮ ਸਿੰਘ ਸੈਣੀ, ਮਨੀ, ਐੱਸ.ਪੀ. ਦੇਹਰੀਵਾਲ, ਨੰਬਰਦਾਰ ਮਨਪ੍ਰੀਤ ਸਿੰਘ, ਬਲਬੀਰ ਸਿੰਘ ਕੰਧਾਲਾ ਜੱਟਾਂ, ਮਾਸਟਰ ਅੰਮ੍ਰਿਤਪਾਲ ਸਿੰਘ, ਬਲਦੇਵ ਸਿੰਘ, ਗੁਰਦੀਪ ਸਿੰਘ, ਅਮਨਦੀਪ ਕੌਰ, ਦਿਲਰਾਜ ਕੌਰ ਦਿਓਲ ਹਾਜ਼ਰ ਸਨ।

# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਦਸਮ ਪਿਤਾ ਦਾ ਪ੍ਰਕਾਸ਼ ਪੁਰਬ




**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਮੱਕਰ ਸੰਗਰਾਂਦ ਦਿਹਾੜਾ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਦੀ ਸ਼ੁਰੂਆਤ ਵਿੱਚ ਸਕੂਲ ਅਧਿਆਪਕ ਹਰਦੀਪ ਸਿੰਘ, ਰਾਜਨਬੀਰ ਸਿੰਘ ਅਤੇ ਸਕੂਲ ਵਿਦਿਆਰਥੀ ਦੁਆਰਾ ਦਸਮ ਪਿਤਾ ਜੀ ਦੀ ਉਸਤਤ ਕਰਦਿਆਂ ਸ਼ਬਦ ਗਾਇਨ ਕੀਤੇ ਗਏ । ਰਣਜੀਤ ਸਿੰਘ ਦੁਆਰਾ ਬੱਚਿਆਂ ਨੂੰ ਗੁਰੂ ਜੀ ਦੀ ਜੀਵਨੀ ਤੋਂ ਜਾਣੂ ਕਰਵਾਇਆ ਗਿਆ ਅਤੇ ਉਹਨਾਂ ਦੇ ਜੀਵਨ ਤੋਂ ਆਪਣੇ ਵਿੱਚ ਸਦਾਚਾਰਕ ਗੁਣ ਪਿਆਰ, ਸਦਭਾਵਨਾ, ਪਰਉਪਕਾਰੀ, ਕੁਰਬਾਨੀ ਦੀ ਭਾਵਨਾ ਜਿਹੇ ਗੁਣ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਸਮੂਹ ਨਗਰ ਨਿਵਾਸੀਆਂ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ।.ਸਕੂਲ ਅਧਿਆਪਕ ਮੈਡਮ ਲਵਲੀ ਸ਼ਰਮਾ ਦੁਆਰਾ ਮਾਘੀ ਦੇ ਤਿਉਹਾਰ ਦੇ ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। .ਸਕੂਲ ਸੁਪਰਵਾਈਜਰ ਮੈਡਮ ਸਪਨਾ ਸ਼ਰਮਾ ਦੁਆਰਾ ਵਿਦਿਆਰਥੀਆਂ ਨੂੰ ਸਾਲਾਨਾ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਹਾਸਿਲ ਕਰਨ ਲਈ ਸਖਤ ਮਿਹਨਤ ਕਰਨ ਅਤੇ ਪੂਰੀ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸੰਬੰਧੀ ਸਜਾਏ ਨਗਰ ਕੀਰਤਨ



**ਅੱਡਾ ਸਰਾਂ , (ਕਾਜਲ)**–ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪਿੰਡ ਕੰਧਾਲਾ ਜੱਟਾ ਵਿਖੇ ਖਾਲਸਾਈ ਸ਼ਾਨ ਨੇ ਨਾਲ ਅਲੌਕਿਕ ਨਗਰ ਕੀਰਤਨ ਸਜਾਏ ਗਏ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲੁਆਈ। ਇਸੇ ਤਰ੍ਹਾਂ ਪਿੰਡ ਕੰਧਾਲਾ ਜੱਟਾਂ ਵਿਖੇ ਸਰਬੰਸ ਦਾਨੀ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਮਹਾਨ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸੰਤ ਬਾਬਾ ਬਿਸ਼ਨ ਸਿੰਘ ਤੋਂ ਸਜਾਏ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਵਿਚ ਸਜਾਏ ਗਏ ਨਗਰ ਕੀਰਤਨ ਵਿਚ ਨਗਰ ਦੀਆਂ ਸਮੂਹ ਸੰਗਤਾਂ ਨੇ ਹਾਜ਼ਰੀ ਲੁਆਈ। ਨਗਰ ਕੀਰਤਨ ਦੌਰਾਨ ਪੰਥ ਦੇ ਪ੍ਰਸਿੱਧ ਢਾਡੀ ਰਾਵਲ ਸਿੰਘ ਬੁੱਲੋਵਾਲੀਆਂ ਦੇ ਢਾਡੀ ਜਥੇ ਗੁਰ ਇਤਿਹਾਸ ਨਾਲ ਜੋੜਿਆ ।ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਲੰਗਰ ਲਏ ਗਏ ਸਨ।

ਇਸ ਮੌਕੇ ਸੰਤ ਮੱਖਣ ਸਿੰਘ, ਅੰਮ੍ਰਿਤਪਾਲ ਸਿੰਘ, ਕੈਪਟਨ ਸੁਰਿੰਦਰ ਸਿੰਘ, ਮਨਜੀਤ ਸਿੰਘ, ਪਲਵਿੰਦਰ ਸਿੰਘ ਬਿੱਟੀ, ਸੁਰਿੰਦਰ ਸਿੰਘ, ਇੰਦਰਜੀਤ ਸਿੰਘ ਰਾਜਾ, ਅੰਮ੍ਰਿਤਪਾਲ ਸਿੰਘ, ਅਜੀਤ ਸਿੰਘ, ਮੋਹਣ ਸਿੰਘ, ਡਾ.ਚਰਨਜੀਤ ਸਿੰਘ ਪੜਬੱਗਾ, ਜਥੇਦਾਰ ਅਵਤਾਰ ਸਿੰਘ, ਸਰਪੰਚ ਜੋਗਿੰਦਰ ਸਿੰਘ ਹੀਰ, ਕੈਪਟਨ ਹਰੀ ਓਮ ਸਿੰਘ, ਸੂਬੇਦਾਰ ਗੁਰਮੇਲ ਸਿੰਘ, ਇੰਦਰਜੀਤ ਸਿੰਘ ਇੰਦਾ, ਗੁਰਵਿੰਦਰ ਸਿੰਘ ਗਿੱਤਾ ਅਤੇ ਪਿੰਡ ਦੀਆਂ ਸਮੂਹ ਸੰਗਤਾਂ ਨੇ ਹਾਜ਼ਰੀ ਲੁਆਈ।

# ਐੱਸ ਡੀ ਐੱਮ ਵੱਲੋਂ .ਗਲਤ ਸ਼ਬਦਾਵਲੀ ਵਰਤਣ 'ਤੇ ਸਮੂਹ ਸਟਾਫ 2 ਦਿਨ ਦੀ ਸਮੂਹਿਕ ਛੁੱਟੀ 'ਤੇ : ਚੀਮਾ



**ਕਪੂਰਥਲਾ, (ਪ੍ਰੀਤ ਸੰਗੋਜਲਾ)** ਨਰਿੰਦਰ ਸਿੰਘ ਚੀਮਾ ਸੂਬਾ ਜਨਰਲ ਸਕੱਤਰ, ਡੀ ਸੀ ਦਫਤਰ ਕਰਮਚਾਰੀ ਯੂਨੀਅਨ ਪੰਜਾਬ ਅਤੇ ਜਿਲ੍ਹਾ ਪ੍ਰਧਾਨ, ਡੀ ਸੀ ਦਫਤਰ ਕਰਮਚਾਰੀ ਯੂਨੀਅਨ, ਕਪੂਰਥਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਐਸ ਡੀ ਐਮ ਸੁਲਤਾਨਪੁਰ ਲੋਧੀ ਜਸਪ੍ਰੀਤ ਸਿੰਘ ਪੀ ਸੀ ਐਸ ਵੱਲੋਂ ਤਾਨਾਸ਼ਾਹੀ ਰਵੱਈਆ ਅਪਣਾਉਂਦੇ ਹੋਏ ਗਲਤ ਸ਼ਬਦਾਵਲੀ ਵਰਤ ਕੇ ਸਬ ਡਵੀਜ਼ਨ, ਸੁਲਤਾਨਪੁਰ ਲੋਧੀ ਦੇ ਸਟਾਫ ਨੂੰ ਬਿਨ੍ਹਾ ਵਜਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਸਬ ਡਵੀਜ਼ਨ ਸੁਲਤਾਨਪੁਰ ਲੋਧੀ ਦੇ ਸਮੂਹ ਸਟਾਫ ਵੱਲੋਂ 2 ਦਿਨ ਦੀ ਸਮੂਹਿਕ ਛੁੱਟੀ ਮਾਨਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਨੂੰ ਭੇਜਦੇ ਹੋਏ ਇਨਸਾਫ਼ ਦੀ ਮੰਗ ਕੀਤੀ ਗਈ ਹੈ ਅਤੇ ਸੂਚਨਾ ਡੀ ਸੀ ਦਫਤਰ ਕਰਮਚਾਰੀ ਯੂਨੀਅਨ ਦੀ ਜਥੇਬੰਦੀ ਨੂੰ ਭੇਜੀ ਗਈ ਹੈ।ਐਸ ਡੀ ਐਮ ਸੁਲਤਾਨਪੁਰ ਲੋਧੀ ਦੇ ਤਾਨਾਸ਼ਾਹੀ ਰਵੱਈਏ ਨੂੰ ਡੀ ਸੀ ਦਫਤਰ ਕਰਮਚਾਰੀ ਯੂਨੀਅਨ, ਕਪੂਰਥਲਾ ਕਦੇ ਬਰਦਾਸ਼ਤ ਨਹੀਂ ਕਰੇਗੀ, ਕਿਉਂਕਿ ਕਰਮਚਾਰੀਆਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚੀ ਹੈ। ਇਸ ਲਈ ਡੀ ਸੀ ਦਫਤਰ ਕਰਮਚਾਰੀ ਯੂਨੀਅਨ, ਕਪੂਰਥਲਾ ਨੇ ਫੈਸਲਾ ਲਿਆ ਹੈ ਕਿ ਸਬ ਡਵੀਜ਼ਨ ਸੁਲਤਾਨਪੁਰ ਲੋਧੀ ਦਾ ਸਟਾਫ 18 ਜਨਵਰੀ ਅਤੇ 19 ਜਨਵਰੀ ਨੂੰ ਸਮੂਹਿਕ ਛੁੱਟੀ 'ਤੇ ਰਹੇਗਾ। ਜੇਕਰ ਸਬ ਡਵੀਜ਼ਨ ਸੁਲਤਾਨਪੁਰ ਲੋਧੀ ਦੇ ਕਰਮਚਾਰੀਆਂ ਨੂੰ 19 ਜਨਵਰੀ ਤੱਕ ਇਨਸਾਫ਼ ਨਾ ਮਿਲਿਆ ਤਾਂ ਜਥੇਬੰਦੀ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਜਿਸ ਦੀ ਸਾਰੀ ਜਿੰਮੇਵਾਰੀ ਐਸ ਡੀ ਐਮ ਸੁਲਤਾਨਪੁਰ ਲੋਧੀ ਅਤੇ ਜਿਲ੍ਹਾ ਪ੍ਰਸ਼ਾਸ਼ਨ, ਕਪੂਰਥਲਾ ਦੀ ਹੋਵੇਗੀ।

# ਬਰਸਾਤ ਤੇ ਹੜ੍ਹਾਂ ਦੌਰਾਨ ਹੋਈ ਖਰਾਬ ਫਸਲ ਦੇ ਮੁਆਵਜ਼ੇ ਸੰਬੰਧੀ ਚੈੱਕ ਵੰਡ ਸਮਾਰੋਹ ਅੱਜ



**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)** ਮਾਨਸੂਨ ਦੌਰਾਨ ਹੋਈ ਭਾਰੀ ਬਾਰਿਸ਼ ਹੜ੍ਹਾਂ ਦੀ ਮਾਰ ਹੇਠ ਆ ਕੇ ਪ੍ਰਭਾਵਿਤ ਹੋਈ ਦੀ ਫਸਲ ਦੇ ਮੁਆਵਜੇ ਚੈੱਕ ਵਿਸ਼ੇਸ਼ ਸਹਾਇਤਾ ਵਜੋਂ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ 18 ਜਨਵਰੀ ਨੂੰ ਬਲਾਕ ਟਾਂਡਾ ਦੇ ਪਿੰਡ ਨੱਥੂਪੁਰ ਵਿਖੇ ਇੱਕ ਵਿਸ਼ੇਸ਼ ਚੈੱਕ ਵੰਡ ਸਮਾਗਮ ਦੌਰਾਨ ਭੇਟ ਕਰਨਗੇ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਪ ਪਾਰਟੀ ਦੇ ਮੀਡੀਆ ਇੰਚਾਰਜ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਕੌਰ ਕਮੇਟੀ ਮੈਂਬਰ ਕੇਸ਼ਵ ਸਿੰਘ ਸੈਣੀ, ਕੌਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸ਼ਲ ਤੇ ਸਿਟੀ ਪ੍ਰਧਾਨ ਜਗਜੀਵਨ ਜੱਗੀ ਨੇ ਦੱਸਿਆ ਕਿ ਐਸ ਡੀ ਐਮ ਟਾਂਡਾ ਵਿਉਮ ਭਾਰਦਵਾਜ ਦੀ ਦੇਖ-ਰੇਖ ਹੇਠ ਹੋਣ ਵਾਲੇ ਚੈੱਕ ਵੰਡ ਸਮਾਰੋਹ ਦੌਰਾਨ ਆਮ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਪਿੰਡ ਪਿੰਡ ਭੂਲਪੁਰ, ਹਬੀਬ ਚੱਕ, ਕੋਟ ਸਤਾਰ ਖਾਂ, ਕੋਟਲੀ, ਮਿਆਣੀ, ਫੱਤਾ ਕੁੱਲਾ, ਅਬਦੁੱਲਾਪੁਰ, ਗੰਦੋਵਾਲ, ਬਲਾ, ਨੇਕ ਨਾਮਪੁਰ, ਸਲੇਮਪੁਰ, ਰੜਾ ਤੇ ਟਾਹਲੀ ਪਿੰਡਾਂ ਨੂੰ ਕਰੀਬ 1 ਕਰੋੜ 82 ਲੱਖ ਤੋਂ ਉੱਪਰ ਦੀ ਮੁਆਵਜਾ ਰਾਸ਼ੀ ਦੇ ਚੈੱਕ ਭੇਂਟ ਕਰਨਗੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਔਖੇ ਸਮੇਂ ਵਿੱਚ ਹਰੇਕ ਵਰਗ ਦੀ ਬਾਂਹ ਫੜੀ ਹੈ ਚਾਹੇ ਉਹ ਕਿਸਾਨ ਵਰਗ, ਮਜ਼ਦੂਰ ਵਰਗ, ਜਾਂ ਵਿਦਿਆਰਥੀ ਵਰਗ ਹੋਵੇ।ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਹਮੇਸ਼ਾ ਹੀ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕੀਤੇ ਹਨ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਉਕਤ ਪਿੰਡਾਂ ਦੇ ਕਿਸਾਨਾਂ ਨੂੰ ਹੋਣ ਵਾਲੇ ਚੈੱਕ ਸਮਾਰੋਹ ਵਿੱਚ ਸਵੇਰੇ 11 ਵਜੇ ਪਹੁੰਚ ਕੇ ਆਪਣੇ ਮੁਆਵਜ਼ੇ ਦੇ ਚੈੱਕ ਪ੍ਰਾਪਤ ਕਰਨ ਲਈ ਕਿਹਾ ਹੈ।ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਹੋਰ ਅਹੁਦੇਦਾਰ ਤੇ ਵਰਕਰ ਵੀ ਮੌਜੂਦ ਸਨ।

# 'ਚਾਈਨਾ ਡੋਰ 'ਤੇ ਪਾਬੰਦੀ ਲਾਉਣੀ ਚਾਹੀਦੀ'



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਵਿਚ ਬਸੰਤ ਪੰਚਮੀ ਦਾ ਤਿਉਹਾਰ ਬੜੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਬਸੰਤ ਰੁੱਤ ਵਿਚ ਬਾਗ ਬਗੀਚੇ ਖਿੱੜ ਉੜਦੇ ਹਨ ਅਤੇ ਸਾਡੇ ਆਲੇ ਦੁਆਲੇ ਦਾ ਵਾਤਾਵਰਣ ਵੀ ਨਿਖਰ ਕੇ ਮਨਮੋਹਕ ਨਜ਼ਾਰਾ ਪੇਸ਼ ਕਰਦਾ ਹੈ। ਬਸੰਤ ਤੋਂ ਪਹਿਲਾ ਅਤੇ ਬੰਸਤ ਵਾਲੇ ਦਿਨ ਅਸਮਾਨ 'ਤੇ ਉੱਡਦੀਆਂ ਰੰਗ ਬਿਰੰਗੀਆਂ ਪਤੰਗਾ ਦਾ ਨਜ਼ਾਰਾ ਵਿਲੱਖਣ ਛਾਪ ਛੱਡਦਾ ਜਾਂਦਾ ਹੈ। ਇਸ ਮੌਸਮ ਦਾ ਪਤੰਗਬਾਜਾਂ ਨੂੰ ਬੜੀ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ।ਕਈ ਪਤੰਗਬਾਜ਼ ਪਹਿਲਾ ਤੋਂ ਹੀ ਆਪਣੀ ਡੋਰ ਨੂੰ ਚੰਗੇ ਤਰੀਕੇ ਨਾਲ ਬਣਾਉਣ ਵਿਚ ਲੱਗ ਜਾਂਦੇ ਹਨ ਅਤੇ ਡੋਰ ਬਣਾਉਣ ਦੇ ਕਾਰੀਗਰਾਂ ਦੇ ਕਾਰੋਬਾਰ ਦਾ ਵੀ ਵੱਡਾ ਸ਼ੀਜਨ ਹੁੰਦਾ ਹੈ। ਡੋਰਾਂ ਨੂੰ ਮਾਜਾ ਲਾਉਣ ਦੀਆਂ ਤਿਆਰੀਆਂ ਕਈ ਮਹੀਨੇ ਪਹਿਲਾ ਤੋਂ ਹੀ ਖਿੱਚੀਆਂ ਜਾਂਦੀਆਂ ਹਨ ਪਰ ਇਸ ਦੌਰਾਨ ਕਈ ਹੈਂਕੜਬਾਜ਼ ਕਿਸਮ ਦੇ ਪਤੰਗਬਾਜ਼ ਪਾਬੰਦੀਸ਼ੁਦਾ ਚਾਈਨਾ ਡੋਰ ਖਰੀਦ ਕਰਕੇ ਜਿੱਥੇ ਪੰਛੀਆਂ ਦੀ ਜਾਨ ਨੂੰ ਖਤਰੇ ਵਿਚ ਵੀ ਪਾ ਦਿੰਦੇ ਹਨ। ਉਸ ਦੇ ਨਾਲ ਕਈ ਇਨਸਾਨੀ ਜਾਨਾਂ ਨਾਲ ਵੀ ਖਿਲਵਾੜ ਕਰ ਜਾਂਦੇ ਹਨ। ਸਾਨੂੰ ਸਾਰਿਆ ਨੂੰ ਪਾਬੰਦੀਸ਼ੁਦਾ ਚਾਈਨਾ ਡੋਰ ਦੀ ਖਰੀਦ 'ਤੇ ਖੁਦ ਪਾਬੰਦੀ ਲਾਉਣੀ ਚਾਹੀਦੀ ਹੈ।

ਗੁਰਜਿੰਦਰ ਸਿੰਘ ਠੇਕੇਦਾਰ ਦਲਤਪੁਰ ਦਾ ਕਹਿਣਾ ਹੈ ਕਿ ਚਾਈਨਾ ਡੋਰ ਦਾ ਵਿਕਰੀ ਘਟਣ ਦੀ ਬਜਾਏ ਦਿਨੋਂ ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਡੋਰ ਦੀ ਵਰਤੋਂ ਨਾਲ ਜਿੱਥੇ ਮਨੁੱਖੀ ਜਾਨਾਂ ਨੂੰ ਖਤਰਾ ਹੈ, ਉਥੇ ਪਸ਼ੂ ਪੰਛੀ ਵੀ ਇਸ ਖੂਨੀ ਡੋਰ ਦੀ ਲਪੇਟ ਵਿਚ ਆ ਕੇ ਆਪਣੀਆਂ ਜਾਨਾਂ ਗਵਾ ਰਹੇ ਹਨ।ਸੁਖਰਾਜ ਸਿੰਘ ਕੈਡੀ ਐਮ ਡੀ ਪ੍ਰਕਾਸ਼ ਮਾਡਲ ਸਕੂਲ ਨੇ ਕਿਹਾ ਕਿ ਚਾਈਨਾ ਡੋਰ ਸੰਥੈਟਿਕ, ਪਲਾਸਟਿਕ ਦੀ ਬਣੀ ਡੋਰ ਕਾਫੀ ਮਜ਼ਬੂਤ ਹੁੰਦੀ ਹੈ। ਜਿਸ ਨਾਲ ਪਤੰਗ ਉਡਾਉਣ ਵਾਲਿਆਂ ਦੇ ਹੱਥ ਤੇ ਉਂਗਲਾਂ ਕੱਟਣ, ਸਾਈਕਲ ਤੇ ਸਕੂਟਰ, ਮੋਟਰ ਸਾਈਕਲ ਚਾਲਕਾਂ ਦੇ ਗਲ ਤੇ ਕੰਨ ਕੱਟਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਜਦਕਿ ਪੰਛੀਆਂ ਦੇ ਇਸ ਦੀ ਲਪੇਟ 'ਚ ਆਉਣ ਕਾਰਨ ਜਾਨ ਤੱਕ ਚਲੀ ਜਾਂਦੀ ਹੈ। ਇਸੇ ਤਰ੍ਹਾਂ ਇਹ ਡੋਰ ਹਾਦਸਿਆਂ ਦਾ ਕਾਰਨ ਵੀ ਬਣਦੀ ਹੈ।ਐਡਵੋਕੇਟ ਰਾਜਪਾਲ ਚੌਹਾਨ ਪੰਜਾਬ ਸਪੋਰਟਸ ਦੇ ਪ੍ਰਧਾਨ ਦਾ ਕਹਿਣਾ ਹੈ ਕਿ ਜ਼ਿਲ੍ਹੇ 'ਚ ਪੁਲਸ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਣੀ ਚਾਹੀਦੀ ਹੈ ਤਾਂ ਲੋਕ ਪੁਲਿਸ ਨੂੰ ਚਾਈਨਾ ਡੋਰ ਵੇਚਣ ਵਾਲਿਆਂ ਖਿਲਾਫ਼ ਸਹੀ ਜਾਣਕਾਰੀ ਦੇਣ ਤਾਂ ਕਾਫੀ ਹੱਦ ਤੱਕ ਚਾਈਨਾ ਡੋਰ ਦੀ ਵਿਕਰੀ ਰੋਕੀ ਜਾ ਸਕਦੀ ਹੈ।

ਚਾਈਨਾ ਡੋਰ ਦਾ ਧੰਦਾ ਸਮਾਜ ਲਈ ਕੋਹੜ ਹੈ।ਇਸ ਨੂੰ ਖਤਮ ਕਰਨ ਲਈ ਪੁਲਿਸ ਪ੍ਰਸ਼ਾਸਨ ਨੂੰ ਸਖ਼ਤੀ ਵਰਤਣੀ ਚਾਹੀਦੀ ਹੈ।ਜੇਕਰ ਇਸ ਵੱਲ ਗੌਰ ਨਹੀਂ ਕੀਤਾ ਗਿਆ ਤਾਂ ਇਹ ਡੋਰ ਪੂਰੇ ਸਮਾਜ ਲਈ ਕੋਹੜ ਸਾਬਤ ਹੋਵੇਗੀ।ਇਸ ਨਾਲ ਹੋ ਰਹੇ ਹਾਦਸਿਆਂ ਨੂੰ ਰੋਕਣ ਲਈ ਇਕਜੁੱਟ ਹੋ ਕੇ ਅੱਗੇ ਆਉਣ ਦੀ ਲੋੜ ਹੈ। ਜਗਦੀਸ਼ ਸੁਮਨ ਗੰਗੜ ਪਿਟਿਗ ਪ੍ਰੈਸ ਨੇ ਕਿਹਾ ਕਿ ਚਾਈਨਾ ਡੋਰ ਬਿਜਲੀ ਦੀਆਂ ਤਾਰਾਂ 'ਤੇ ਸਿੱਧੀ ਡਿੱਗਣ ਕਾਰਨ ਸ਼ਾਰਟ ਸਰਕਿਟ ਜਾਂ ਪਤੰਗ ਉਡਾਉਣ ਵਾਲੇ ਦੀ ਜਾਨ ਜਾਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ।ਜਿਸ ਕਾਰਨ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਚਾਈਨਾ ਡੋਰ ਨੂੰ ਵਤਰਣ, ਵੇਚਣ ਤੇ ਸਟੋਰ ਕਰਨ 'ਤੇ ਪੂਰਨ ਰੋਕ ਲਾਈ ਜਾਂਦੀ ਹੈ।

18-Jan-PAGE-9.qxd 1/17/2024 10:34 PM Page 1



# ਨਗਰ ਕੌਂਸਲ ਦੇ ਸਫਾਈ ਸੇਵਕਾਂ ਦਾ ਸਨਮਾਨ




ਗੁਰਾਇਆ (ਬਿੰਦਰ ਸੁੰਮਨ)-ਜੇ ਸੀ ਆਈ ਗੁਰਾਇਆ ਸਿਟੀ ਸਟਾਰ ਵੱਲੋਂ ਗੁਰਾਇਆ ਨਗਰ ਕੌਂਸਲ ਦੇ ਸਹਿਯੋਗ ਨਾਲ ਸਲੂਟ ਟੂ ਸਾਈਲੈਂਟ ਵਰਕਰ ਪ੍ਰੋਗਰਾਮ ਜੇ ਸੀ ਗੌਰਵ ਕੌਸ਼ਲ ਪ੍ਰਧਾਨ ਦੀ ਅਗਵਾਈ ਹੇਠ ਕਰਵਾਇਆ ਗਿਆ, ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਜ਼ੋਨ ਪ੍ਰਧਾਨ ਜੇ ਸੀ ਰਿਤੇਸ਼ ਅਤੇ ਜ਼ੋਨ ਵਾਇਸ ਪ੍ਰਧਾਨ ਜੇ ਸੀ ਅਸ਼ੁਮਨ ਸੇਖੜੀ ਪਹੁੰਚੇ ਵਿਸ਼ੇਸ ਤੌਰ 'ਤੇ ਮਾਰਕਿਟ ਕਮੇਟੀ ਗੁਰਾਇਆ ਦੇ ਚੇਅਰਮੈਨ ਪ੍ਰਦੀਪ ਦੁੱਗਲ ਹਾਜ਼ਰ ਹੋਏ, ਪ੍ਰੋਗਰਾਮ ਦੌਰਾਨ ਨਗਰ ਕੌਂਸਲ ਦੇ ਸਫਾਈ ਸੇਵਕਾਂ ਨੂੰ ਉਨਾਂ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਜ਼ੋਨ ਪ੍ਰਧਾਨ ਰਿਤੇਸ਼ ਨੇ ਕਿਹਾ ਕਿ ਇਹ ਪ੍ਰੋਗਰਾਮ ਜੇ ਸੀ ਆਈ ਇੰਡੀਆਂ ਵੱਲੋਂ ਪੂਰੇ ਭਾਰਤ ਵਿੱਚ ਕਰਵਾਏ ਜਾ ਰਹੇ ਹਨ ਜਿਸ ਦੇ ਤਹਿਤ ਜੇ ਸੀ ਗੁਰਾਇਆ ਸਿਟੀ ਸਟਾਰ ਵਲੋਂ ਵੀ ਉਪਰਾਲਾ ਕੀਤਾ ਗਿਆ ਹੈ ਜੋ ਕਿ ਸ਼ਲਾਘਯੋਗ ਕਦਮ ਹੈ, ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਸਫਾਈ ਸੇਵਕ ਸ਼ਹਿਰ ਨੂੰ ਸਾਫ ਸੁਥਰਾਂ ਰੱਖਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਦਾ ਭਾਗ ਲੈਣਾ ਹੀ ਸਾਡੀ ਕਾਮਯਾਬੀ ਹੈ। ਇਸ ਮੌਕੇ ਬੋਲਦਿਆ ਜ਼ੋਨ ਵਾਇਸ ਪ੍ਰਧਾਨ ਅਸ਼ੁਮਨ ਸੇਖੜੀ ਅਤੇ ਗੌਰਵ ਕੌਸ਼ਲ ਪ੍ਰਧਾਨ ਜੇ ਸੀ ਆਈ ਗੁਰਾਇਆ ਸਿਟੀ ਸਟਾਰ ਨੇ ਕਿਹਾ ਕਿ ਪਿਛਲੇ ਪੰਜ ਸਾਲ ਤੋਂ ਇਹ ਪ੍ਰੋਗਰਾਮ ਨਗਰ ਕੌਂਸਲ ਗੁਰਾਇਆ ਦੇ ਸਹਿਯੋਗ ਨਾਲ ਲਗਾਤਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਜੇ ਸੀ ਆਈ ਗੁਰਾਇਆ ਸਿਟੀ ਸਟਾਰ ਵੱਲੋਂ ਸਮਾਜ ਸੁਧਾਰ ਲਈ ਹਰ ਪੱਖੋਂ ਉਪਰਾਲੇ ਕੀਤੇ ਜਾਣਗੇ। ਇਸ ਅਵਸਰ ਤੇ ਪ੍ਰਦੀਪ ਦੁੱਗਲ ਚੇਅਰਮੈਨ ਮਾਰਕਿਟ ਕਮੇਟੀ ਗੁਰਾਇਆ ਨੇ ਕਿਹਾ ਕਿ ਜੇ ਸੀ ਆਈ ਗੁਰਾਇਆ ਸਿਟੀ ਸਟਾਰ ਵਲੋਂ ਸਫਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਮਾਨ ਸਨਮਾਨ ਦੇਣਾ ਬਹੁਤ ਵੱਡੀ ਗੱਲ ਹੈ ਜਿਸ ਨਾਲ ਸਫਾਈ ਸੇਵਕਾਂ ਦੇ ਹੌਸਲੇ ਬੁਲੰਦ ਹੋਣਗੇ। ਨਗਰ ਕੌਂਸਲ ਦੇ ਅਧਿਕਾਰੀ ਰਾਜੇਸ਼ ਕੁਮਾਰ ਲੱਕੀ ਵਲੋਂ ਸਫਾਈ ਸੇਵਕਾਂ ਦਾ ਮਾਨ ਸਨਮਾਨ ਕਰਨ ਲਈ ਜੇ ਸੀ ਆਈ ਗੁਰਾਇਆ ਸਿਟੀ ਸਟਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਜ਼ੋਨ ਪ੍ਰਧਾਨ ਰਿਤੇਸ਼, ਵਾਇਸ ਜੋਨ ਪ੍ਰਧਾਨ ਅਸ਼ੁਮਨ ਸੇਖੜੀ, ਪ੍ਰਦੀਪ ਦੁੱਗਲ ਚੇਅਰਮੈਨ ਮਾਰਕਿਟ ਕਮੇਟੀ ਗੁਰਾਇਆ, ਪ੍ਰਧਾਨ ਜੇ ਸੀ ਗੋਰਵ ਕੋਸ਼ਲ, ਸਕੱਤਰ ਜੇ ਸੀ ਰਾਜੇਸ਼ਵਰ, ਕੈਸ਼ੀਅਰ ਜੇ ਸੀ ਗੋਰਵ ਕੁਮਾਰ, ਸਮਾਜ ਸੇਵੀ ਹਰਮਿੰਦਰ ਪਾਲ, ਜੇ ਸੀ ਹਰਜੀਤ ਬਾਵਾ, ਜੇ ਸੀ ਰਾਹੁਲ ਬਹਿਲ, ਜੇ ਸੀ ਸੁਭਾਸ਼ ਚੰਦਰ, ਜੇ ਸੀ ਸੁਖਜਿੰਦਰ ਕੁਮਾਰ, ਜੇ ਸੀ ਬਿੰਦਰ ਸੁੰਮਨ, ਜੇ ਸੀ ਨਵੀਨ, ਜੇ ਸੀ ਸਨਪ੍ਰੀਤ, ਜੇ ਸੀ ਵੰਸ਼, ਡਾਕਟਰ ਰਾਮ ਜੀ ਤੋ ਇਲਾਵਾ ਜੇ ਸੀ ਆਈ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

# ਚਾਈਨਾ ਡੋਰ ਵੇਚਣ ਤੇ ਖਰੀਦਣ ਵਾਲਿਆ 'ਤੇ ਸ਼ਖ਼ਤ ਕਾਰਵਾਈ ਹੋਣੀ ਚਾਹੀਦੀ : ਵੀਰਪਾਲ, ਹੈਪੀ, ਸਤੀਸ਼



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਬੇਗਮਪੁਰਾ ਟਾਇਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਅਤੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ਼ਤੀਸ ਕੁਮਾਰ ਸ਼ੇਰਗੜ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਸਾਲ ਜਦੋਂ ਵੀ ਜਨਵਰੀ ਫਰਵਰੀ ਦਾ ਮਹੀਨਾ ਆਉਂਦਾ ਹੈ ਤਾਂ ਪਤੰਗਬਾਜ਼ੀ ਦੇ ਸ਼ਕੀਨਾ ਨੂੰ ਚਾਹ ਚੜ ਜਾਂਦਾ ਹੈ।ਪਹਿਲਾਂ ਤਾਂ ਲੋਕ ਆਮ ਜਿਹੇ ਧਾਗਿਆਂ ਨਾਲ ਹੀ ਪਤੰਗ ਨੂੰ ਵਿੱਚ ਚਾੜਨ ਲਈ ਵਰਤਦੇ ਸਨ ਫਿਰ ਡੋਰਾ ਨੂੰ ਪੱਕੀਆਂ ਕਰਨ ਲਈ ਸੁਰੇਸ਼ ਆਦਿ ਲਗਾਉਂਦੇ ਸਨ।ਇਸ ਤਰ੍ਹਾਂ ਕਰਨ ਨਾਲ ਡੋਰ ਪੱਕ ਜਾਂਦੀ ਸੀ ਅਤੇ ਦੂਜੇ ਦੀ ਪਤੰਗ ਜਲਦੀ ਕੱਟੀ ਜਾਂਦੀ ਸੀ।ਉਨ੍ਹਾਂ ਕਿਹਾ ਕਿ ਹੁਣ ਹੋਰ ਮੁਲਕਾਂ ਨਾਲ ਵਪਾਰ ਨੂੰ ਵਧਾਉਣ ਲਈ ਲੱਗਭਗ ਸਭ ਸਰਕਾਰਾਂ ਵੱਲੋਂ ਆਗਿਆ ਦਿੱਤੀ ਜਾਂਦੀ ਹੈ ਤਾਂ ਕਿ ਜਰੂਰੀ ਚੀਜ਼ਾਂ ਇੱਕ ਤੋਂ ਦੂਜੇ ਦੇਸ਼ ਦੀਆ ਵਸਤਾਂ ਖਰੀਦੀਆਂ ਅਤੇ ਵੇਚੀਆਂ ਜਾ ਸਕਣ।ਇਸ ਕਰਕੇ ਪੂਰੇ ਭਾਰਤ ਵਿੱਚ ਪਿਛਲੇ ਲੰਬੇ ਸਮੇਂ ਤੋਂ ਪਤੰਗਬਾਜ਼ੀ ਲਈ ਡੋਰ ਆ ਰਹੀ ਹੈ ਪਹਿਲਾਂ ਪਹਿਲ ਇਹ ਆਮ ਡੋਰ ਵਾਂਗ ਹੁੰਦੀ ਸੀ ਪਰ ਫਿਰ ਆਮ ਡੋਰ ਨਾਲੋਂ ਕਾਫੀ ਪੱਕੀ ਡੋਰ ਆਉਣ ਲੱਗ ਪਈ। ਇਸ ਕਾਰਨ ਸਾਡੇ ਦੇਸ਼ ਦੇ ਪਤੰਗਬਾਜ ਚਾਈਨਾ ਡੋਰ ਨੂੰ ਵੱਧ ਪੱਕੀ ਸਮਝ ਕੇ ਉਸ ਨੂੰ ਤਰਜੀਹ ਦੇਣ ਲੱਗੇ। ਇਸ ਤਰ੍ਹਾਂ ਸਾਡੇ ਦੇਸ਼ ਚ ਚਾਈਨਾ ਡੋਰ ਦੀ ਕਾਫੀ ਮੰਗ ਵੱਧ ਗਈ। ਉਨ੍ਹਾਂ ਕਿਹਾ ਕਿ ਇਸ ਬਾਰੇ ਕਿਸੇ ਨੇ ਵੀ ਨਹੀਂ ਸੋਚਿਆ ਕਿ ਸਾਡੇ ਦੇਸ਼ ਦੇ ਛੋਟੇ ਵੱਡੇ ਸ਼ਹਿਰਾਂ ਕਸਬਿਆਂ ਤੇ ਪਿੰਡਾਂ ਚ ਚਾਈਨਾ ਡੋਰ ਵਿੱਚ ਫਸ ਕੇ ਅਨੇਕਾਂ ਲੋਕਾਂ ਅਤੇ ਪੰਛੀਆਂ ਦੇ ਜਖਮੀ ਹੋਣ ਦੇ ਨਾਲ ਮੌਤ ਦੇ ਮੂੰਹ ਵਿੱਚ ਜਾਣਾ ਪਿਆ।ਉਨ੍ਹਾਂ ਕਿਹਾ ਕਿ ਹੈਰਾਨੀ ਇਹ ਵੀ ਹੈ ਕਿ ਜਦੋਂ ਪਤਾ ਲੱਗ ਚੁੱਕਾ ਸੀ ਕਿ ਚਾਈਨਾ ਡੋਰ ਬਹੁਤ ਖਤਰਨਾਕ ਹੈ ਤਾਂ ਸਰਕਾਰ ਨੂੰ ਇਸ ਉੱਤੇ ਤੁਰੰਤ ਪਾਬੰਦੀ ਲਾਉਣੀ ਚਾਹੀਦੀ ਸੀ, ਪਰ ਸਾਡੀਆਂ ਸਰਕਾਰਾਂ ਅਜੇ ਵੀ ਪਤਾ ਨਹੀਂ ਕਿਹੜੇ ਲਾਲਚ ਨੂੰ ਚੁੱਪ ਹਨ।ਸਰਕਾਰਾਂ ਦੇ ਤਾਂ ਕੰਮ ਹੀ ਅਵੱਲੇ ਹੁੰਦੇ ਹਨ।ਉਨ੍ਹਾਂ ਲਈ ਤਾਂ ਲੋਕਾਂ ਦੀ ਜਾਨ ਨਾਲੋਂ ਮੁਨਾਫਾ ਜਿਆਦਾ ਜਰੂਰੀ ਹੈ।ਇਸੇ ਲਈ ਸਰਕਾਰਾਂ ਦੀ ਸਰਪ੍ਰਸਤੀ ਹੇਠ ਅਤੇ ਅਫਸਰਸ਼ਾਹੀ ਦੀ ਸ਼ਹਿ ਕਾਰਨ ਚਾਈਨਾ ਡੋਰ ਮਨਾਹੀ ਦੇ ਬਾਵਜੂਦ ਵੀ ਧੜੱਲੇ ਨਾਲ ਵਿਕ ਰਹੀ ਹੈ। ਦੂਜੇ ਪਾਸੇ ਲੋਕ ਵੀ ਆਪਣੇ ਫਰਜ਼ ਨਹੀਂ ਸਮਝ ਰਹੇ।ਜੇਕਰ ਜਾਨ ਦਾ ਖੌ ਬਣ ਰਹੀ ਡੋਰ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਅਵੇਸਲਾ ਹੈ ਤਾਂ ਜਨਤਾ ਨੂੰ ਜਰੂਰ ਚੌਕਸ ਹੋਣਾ ਪਵੇਗਾ ਇਸ ਮੌਕੇ ਉਨ੍ਹਾਂ ਦੇ ਨਾਲ ਸ਼ਨੀ ਸੀਣਾ, ਚਰਨਜੀਤ ਡਾਡਾ, ਵਿੱਕੀ ਸਿੰਘ ਪੁਰਹੀਰਾ, ਕਮਲਜੀਤ ਗੋਗਾ, ਮੁਨੀਸ਼, ਅਮਨਦੀਪ, ਰਾਹੁਲ ਨਾਰਾ, ਰਵਿ ਸੁੰਦਰ ਨਗਰ, ਰਾਜ ਕੁਮਾਰ ਬੱਧਣ ਸ਼ੇਰਗੜ, ਹਰਭਜਨ ਸਰੋਆ ਆਦਿ ਹਾਜ਼ਰ ਸਨ।

# ਹਰਸੀ ਵਿਖੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ



ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ )- ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਰਸੀ ਪਿੰਡ ਤੋਂ ਮਹਾਨ ਨਗਰ ਕੀਰਤਨ ਸ਼ਰਧਾ,ਸਤਿਕਾਰ ਤੇ ਖਾਲਸਾਈ ਸ਼ਾਨੋ-ਸ਼ੌਕਤ ਨਾਲ ਸਜਾਇਆ ਗਿਆ। ਕੜਾਕੇ ਦੀ ਠੰਡ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕਰਕੇ ਹਾਜਰੀ ਲਗਵਾਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਗੁਰੂ ਸਾਹਿਬ ਜੀ ਦੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਮਹਾਨ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਫੁੱਲਾਂ ਨਾਲ ਸਜਾਈ ਹੋਈ ਸੁੰਦਰ ਪਾਲਕੀ ਵਿੱਚ ਬੜੇ ਹੀ ਸਤਿਕਾਰ ਨਾਲ ਸੁਸ਼ੋਭਿਤ ਕੀਤੇ ਗਏ ਸਨ। ਮਹਾਨ ਨਗਰ ਕੀਰਤਨ ਵਿੱਚ ਰਾਗੀ ਸਿੰਘਾਂ ਤੇ ਗੁਰੂ ਦੀਆਂ ਸੰਗਤਾਂ ਵੱਲੋਂ ਗੁਰਬਾਣੀ ਕੀਰਤਨ ਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ। ਮਹਾਨ ਨਗਰ ਕੀਰਤਨ ਦਾ ਪਿੰਡ ਦੇ ਵੱਖ-ਵੱਖ ਪੜਾਵਾਂ ਵਿੱਚ ਸਮੂਹ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਗਿਆ ਅਤੇ ਨਗਰ ਕੀਰਤਨ ਵਿੱਚ ਸ਼ਾਮਿਲ ਗੁਰੂ ਦੀ ਸੰਗਤ ਵਾਸਤੇ ਜਗ੍ਹਾ ਜਗ੍ਹਾ ਚਾਹ-ਪਕੌੜਿਆਂ ,ਮਿਠਿਆਈਆਂ ਤੇ ਲੰਗਰ ਲਗਾ ਕੇ ਸੇਵਾਦਾਰਾਂ ਵੱਲੋਂ ਗੁਰੂ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਤੇ ਸੇਵਾ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ। ਵਿਸ਼ਾਲ ਨਗਰ ਕੀਰਤਨ ਸਮੁੱਚੇ ਪਿੰਡ ਦੀ ਪਰਿਕਰਮਾ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਮਾਸਟਰ ਮਦਨ ਸਿੰਘ, ਕਸਮੀਰਾ ਸਿੰਘ, ਗਿਆਨੀ ਦਰਸ਼ਨ ਸਿੰਘ, ਗੁਰਦੀਪ ਸਿੰਘ ਦੀਪ ,ਹਰਵਿੰਦਰ ਸਿੰਘ ਨਿੱਕਾ, ਪਰਮਵੀਰ ਸਿੰਘ, ਗੁਰਵਿੰਦਰ ਸਿੰਘ ਗੋਲਡੀ, ਕੇਸ਼ਵ ਸਿੰਘ ਸੈਣੀ, ਬਾਬਾ ਹਰਜੀਤ ਸਿੰਘ ਮਾਸਟਰ ਗੁਰਦੀਪ ਸਿੰਘ ਹੈਪੀ, ਅਰਵਿੰਦਰ ਸਿੰਘ ਸਰਾਈ, ਮਾਸਟਰ ਗੁਰਦੀਪ ਸਿੰਘ ਦੀਪਾ, ਮਾਸਟਰ ਪ੍ਰਦੀਪਪਾਲ ਸਿੰਘ, ਮਾਸਟਰ ਸ਼ਰਨਜੀਤ ਸਿੰਘ, ਮਾਸਟਰ ਗੁਰਜੀਤ ਸਿੰਘ, ਅਮਰਜੀਤ ਸਿੰਘ ਹੈਪੀ, ਗੁਰੂਪ੍ਰੀਤ ਸਿੰਘ ਹੈਪੀ ਵੱਡੀ ਗਿਣਤੀ ਵਿੱਚ ਨਗਰ ਦੀਆਂ ਸੰਗਤਾਂ ਹਾਜਰ ਸਨ।

# ਮਲਕਪੁਰ ਵਿਖੇ ਸਜਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ



ਫਗਵਾੜਾ ( ਡਾ ਰਮਨ) ਪਿੰਡ ਮਲਕਪੁਰ ਵਿਖੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਸਿੰਘ ਸਭਾ ਪਿੰਡ ਮਲਕਪੁਰ ਤਹਿਸੀਲ ਫਗਵਾੜਾ ਦੀ ਪ੍ਰਬੰਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਹੈੱਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਪਰੰਤ ਇਹ ਨਗਰ ਕੀਰਤਨ ਪਿੰਡ ਦੀ ਪਰਿਕ੍ਰਮਾ ਕਰਦਾ ਹੋਇਆ ਦੇਰ ਸ਼ਾਮ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸੰਗਤਾਂ ਵਲੋਂ ਥਾਂ-ਥਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਵਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਸੰਗਤਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਵੱਖ ਵੱਖ ਪੜਾਵਾਂ ਦੌਰਾਨ ਢਾਡੀ ਗਿਆਨੀ ਮਿਲਖਾ ਸਿੰਘ ਮੌਜੀ ਦੇ ਜੱਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਨਾਲ ਜੋੜਿਆ। ਇਸ ਮੌਕੇ ਨਰਿੰਦਰ ਸਿੰਘ, ਦਵਿੰਦਰ ਸਿੰਘ, ਬਲਜੀਤ ਸਿੰਘ, ਗੁਰਬਖਸ਼ ਸਿੰਘ, ਕੁਲਵੰਤ ਸਿੰਘ, ਹਰਪ੍ਰੀਤ ਸਿੰਘ, ਹਰਭਜਨ ਸਿੰਘ ਬਾਜਵਾ, ਬਾਪੂ ਦਰਸ਼ਨ ਸਿੰਘ, ਸੁਰਿੰਦਰ ਸਿੰਘ ਘੁੰਮਣ, ਬਲਵਿੰਦਰ ਸਿੰਘ ਬਦੇਸ਼ਾ, ਗੁਲਜਿੰਦਰ ਸਿੰਘ, ਮਨਦੀਪ ਸਿੰਘ, ਦਿਲਬਾਗ ਸਿੰਘ, ਗੁਰਮੀਤ ਸਿੰਘ, ਗਿਆਨ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ ਸਰਪੰਚ, ਦਲੀਪ ਸਿੰਘ, ਇੰਦਰਜੀਤ ਸਿੰਘ, ਲਖਵਿੰਦਰ ਸਿੰਘ, ਪਰਮਜੀਤ ਸਿੰਘ, ਜੋਗਾ ਸਿੰਘ, ਗੁਰਿੰਦਰ ਸਿੰਘ ਘੁੰਮਣ ਆਦਿ ਹਾਜਰ ਸਨ ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ



ਫਿਲੌਰ ( ਨਿਰਮਲ ) ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 15 ਜਨਵਰੀ ਨੂੰ ਸਜਾਇਆ ਗਿਆ।ਪ੍ਰਕਾਸ਼ ਪੁਰਬ ਦੌਰਾਨ ਧੰਨ ਧੰਨ ਬਾਬਾ ਬੁੱਢਾ ਜੀ ਕੀਰਤਨ ਅਕੈਡਮੀ, ਭਾਈ ਓਮਪ੍ਰੀਤ ਸਿੰਘ ਹਜ਼ੂਰ ਸਾਹਿਬ ਵਾਲੇ, ਭਾਈ ਮਨਪ੍ਰੀਤ ਸਿੰਘ ਹਜ਼ੂਰੀ ਰਾਗੀ, ਹੈਡ ਗ੍ਰੰਥੀ ਕਾਰਜ ਸਿੰਘ, ਬੀਬੀ ਰਜਿੰਦਰ ਕੌਰ ਸੈਂਹਬੀ ਅਤੇ ਹੋਰ ਜੱਥਿਆਂ ਵੱਲੋਂ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਹਿਯੋਗੀ ਜੱਥੇਬੰਦੀਆਂ ਵੱਲੋਂ ਸੰਗਤਾਂ ਨੂੰ ਗੁਰਪੁਰਬ ਦੀ ਲੱਖ ਲੱਖ ਵਧਾਈ ਦਿੱਤੀ ਗਈ।ਇਸ ਮੌਕੇ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

# ਬਰਸਟ ਵੱਲੋਂ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਦੇ ਨਿਰਦੇਸ਼



ਐੱਸ.ਏ.ਐੱਸ ਨਗਰ ( ਗੁਰਜੀਤ ਬਿੱਲਾ) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਪੰਜਾਬ ਦੀ ਵੱਖ-ਵੱਖ ਅਨਾਜ ਮੰਡੀਆਂ, ਸਬਜੀ ਅਤੇ ਫ਼ਲ ਮੰਡੀਆਂ, ਸੜਕਾਂ ਦੇ ਵਿਕਾਸ ਕਾਰਜਾਂ ਅਤੇ ਮਾਰਕਿਟ ਕਮੇਟੀਆਂ, ਬਜ਼ਟ, ਈ-ਨੈਮ, ਆਰ.ਡੀ.ਐਫ. ਆਦਿ ਦਾ ਜਾਇਜਾ ਲੈਣ ਸਬੰਧੀ ਸਮੀਖਿਆ ਮੀਟਿੰਗ ਦੌਰਾਨ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਉੱਚ ਅਧਿਕਾਰੀਆਂ ਨੂੰ ਚੱਲ ਰਹੇ ਕਾਰਜਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ ਗਏ। ਬਰਸਟ ਨੇ ਪਟਿਆਲਾ ਦੀ ਸਨੌਰ ਰੋਡ ਸਥਿਤ ਆਧੁਨਿਕ ਫ਼ਲ ਅਤੇ ਸਬਜੀ ਮੰਡੀ ਦੇ ਮੁੱਖ ਗੇਟ ਉੱਤੇ ਬੂਮ ਬੈਰੀਅਰ, ਸੀ.ਸੀ.ਟੀ.ਵੀ. ਅਤੇ ਵੇ-ਬ੍ਰਿਜ ਰਾਹੀਂ ਆਨਲਾਈਨ ਐਂਟਰੀ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਪਰੋਕਤ ਮੰਡੀ ਦੀ ਤਰਜ਼ ਤੇ ਪੰਜਾਬ ਦੀਆਂ ਹੋਰ ਫ਼ਲ ਅਤੇ ਸਬਜੀ ਮੰਡੀਆਂ ਵਿੱਚ ਵੀ ਆਨਲਾਈਨ ਗੇਟ ਐਂਟਰੀ ਦੇ ਕਾਰਜ ਨੂੰ ਸ਼ੁਰੂ ਕਰਨ ਦੀ ਪ੍ਰਕਿਰਿਆ ਨੂੰ ਤੇਜੀ ਨਾਲ ਪੂਰਾ ਕੀਤਾ ਜਾਵੇ। ਉਨ੍ਹਾਂ ਵੱਖ-ਵੱਖ ਪ੍ਰੋਜੈਕਟਾਂ, ਕਾਰਜਾਂ ਸਬੰਧੀ ਅਲਾਟ ਹੋਏ ਫੰਡਾਂ ਅਤੇ ਹੋਰਨਾਂ ਕੰਮਾਂ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਗੁਣਵੱਤਾ ਅਤੇ ਪਾਰਦਰਸ਼ਤਾ ਲਿਆਉਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਪਿੰਡ ਮਹਿਮਦਪੁਰ ਦੇ ਵਸਨੀਕਾਂ ਵੱਲੋਂ ਮੰਡੀ ਬੋਰਡ ਨੂੰ 20 ਬਿੱਘੇ ਜ਼ਮੀਨ ਦਿੱਤੀ ਗਈ ਹੈ, ਤਾਂ ਜੋ ਇਥੇ ਮੰਡੀ ਨੂੰ ਵਿਕਸਿਤ ਕੀਤਾ ਜਾ ਸਕੇ। ਬਰਸਟ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਹਿਮਦਪੁਰ ਵਿਖੇ ਸਬ-ਯਾਰਡ, ਸਬਜੀ ਮੰਡੀ ਤੇ ਦੁਕਾਨਾਂ ਬਣਾਉਣ ਦੇ ਕਾਰਜ ਉੱਤੇ ਪਹਿਲ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇ, ਤਾਂ ਜੋ ਇਲਾਕਾ ਨਿਵਾਸੀਆਂ ਨੂੰ ਉਪਰੋਕਤ ਮੰਡੀ ਤੋਂ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਇੱਕ ਖ਼ੁਸ਼ਹਾਲ ਸੂਬਾ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਸਾਰੀਆਂ ਨੂੰ ਇੱਕ ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਮੌਕੇ ਸ੍ਰੀਮਤੀ ਅੰਮ੍ਰਿਤ ਕੌਰ ਗਿੱਲ, ਸਕੱਤਰ, ਪੰਜਾਬ ਮੰਡੀ ਬੋਰਡ, ਗੁਰਦੀਪ ਸਿੰਘ, ਇੰਜੀਨਿਅਰ-ਇਨ-ਚੀਫ, ਮਨਜੀਤ ਸਿੰਘ ਸੰਧੂ ਜੀ.ਐਮ. ਇੰਨਫੋਰਸਮੈਂਟ ਸਮੇਤ ਸਮੂਹ ਉੱਚ ਅਧਿਕਾਰੀ ਮੌਜੂਦ ਰਹੇ।

# ਦਾਨੀ ਸੱਜਣਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ ਨੂੰ ਆਰਥਕ ਸਹਾਇਤਾ



ਫਗਵਾੜਾ ( ਜਸਵਿੰਦਰ ਢੱਡਾ, ਡਾ. ਰਮਨ ) ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ ਤਹਿਸੀਲ ਫਗਵਾੜਾ ਦੇ ਜੰਗੀ ਪੱਧਰ 'ਤੇ ਚਲ ਰਹੇ ਵਿਕਾਸ ਕਾਰਜਾਂ 'ਚ ਯੋਗਦਾਨ ਪਾਉਂਦੇ ਹੋਏ ਅਮਰਨਾਥ ਵਾਸੀ ਬੇਗਮਪੁਰ ਨੇ 11 ਹਜਾਰ, ਬਲਾਕ ਸੰਮਤੀ ਮੈਂਬਰ ਪਵਨ ਸੋਨੂੰ ਨੇ ਪੰਜ ਹਜਾਰ ਅਤੇ ਰਾਜੂ ਰੋਇਲ ਸਟੂਡੀਓ ਬੇਗਮਪੁਰ ਨੇ ਆਪਣੀ ਨੇਕ ਕਮਾਈ ਵਿਚੋਂ 2100 ਰੁਪਏ ਦਾ ਯੋਗਦਾਨ ਪਾਉਂਦੇ ਹੋਏ ਇਸ ਰਕਮ ਦੀ ਨਗਦੀ ਤੇ ਚੈੱਕ ਕਮੇਟੀ ਚੇਅਰਮੈਨ ਅਤੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੂੰ ਭੇਂਟ ਕੀਤੇ। ਉਕਤ ਦਾਨੀ ਸੱਜਣਾਂ ਨੇ ਦੱਸਿਆ ਕਿ ਉਹਨਾਂ ਨੇ ਆਪਣੀ ਮੁੱਢਲੀ ਸਿੱਖਿਆ ਇਸੇ ਸਕੂਲ ਤੋਂ ਪ੍ਰਾਪਤ ਕੀਤੀ ਹੈ ਜਿਸ ਕਰਕੇ ਸਕੂਲ ਪ੍ਰਤੀ ਉਹਨਾਂ ਦੇ ਦਿਲ ਵਿਚ ਬਹੁਤ ਸਤਿਕਾਰ ਹੈ। ਇਸ ਸਕੂਲ ਦੇ ਚਲ ਰਹੇ ਸਰਬ ਪੱਖੀ ਵਿਕਾਸ ਨੂੰ ਲੈ ਕੇ ਵੀ ਉਹਨਾਂ ਤਸੱਲੀ ਪ੍ਰਗਟਾਈ ਅਤੇ ਕਿਹਾ ਕਿ ਸਕੂਲ ਦੇ ਆਧੁਨਿਕ ਸੁਵਿਧਾ ਸੰਪਨ ਹੋਣ ਨਾਲ ਇੱਥੇ ਪੜਨ ਲਈ ਆਉਣ ਵਾਲੇ ਲੋੜਵੰਦ ਪਰਵਾਰਾਂ ਦੇ ਨਾਲ ਸਬੰਧ ਰੱਖਦੇ ਵਿਦਿਆਰਥੀਆਂ ਨੂੰ ਬਹੁਤ ਲਾਭ ਮਿਲੇਗਾ। ਉਹਨਾਂ ਆਪਣੇ ਬਚਪਨ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ ਅਤੇ ਦੱਸਿਆ ਕਿ ਉਸ ਸਮੇਂ ਸਕੂਲੀ ਇਮਾਰਤ ਦੀ ਹਾਲਤ ਬਹੁਤ ਹੀ ਖਸਤਾ ਸੀ ਅਤੇ ਸਹੂਲਤਾਂ ਵੀ ਬਹੁਤ ਘੱਟ ਸਨ। ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੇ ਦਾਨੀ ਸੱਜਣਾਂ ਦਾ ਆਰਥਕ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਦੱਸਿਆ ਕਿ ਬਹੁਤ ਜਲਦੀ ਸਕੂਲ ਦੇ ਸਰਬ ਪੱਖੀ ਵਿਕਾਸ ਕਾਰਜਾਂ ਨੂੰ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਐਨ.ਆਰ.ਆਈ. ਜਸਬੀਰ ਰਿੰਕੂ, ਸਕੂਲ ਸਟਾਫ ਮੈਡਮ ਕ੍ਰਿਤਿਕਾ, ਪਰਮਜੀਤ ਪੰਮਾ, ਸੁਰਜੀਤ ਕੌਰ, ਇੰਦੂ ਆਦਿ ਹਾਜਰ ਸਨ।

# ਸੀਨੀਅਰ ਸਿਟੀਜ਼ਨਾਂ ਦੀਆਂ ਦਿੱਤੀਆਂ ਦੁਆਵਾਂ ਪ੍ਰਭੂ ਘਰ ਪ੍ਰਵਾਨ ਹੁੰਦੀਆਂ : ਸ਼ਿੰਗਾਰਾ ਸਿੰਘ



ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )- ਜਵਾਨੀ ਦੀਆਂ ਦਹਿਲੀਜਾਂ ਪਾਰ ਕਰ ਚੁੱਕੇ ਅਤੇ ਸਮਾਜਿਕ ਸੇਵਾਵਾਂ ਨਿਭਾ ਰਹੇ ਸੀਨੀਅਰ ਸਿਟੀਜਨ ਦੀ ਹੌਸਲਾ ਵਧਾਈ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਸ਼ਿਮਲਾ ਪਹਾੜੀ ਉੜਮੁੜ ਵਿਖੇ ਮਿਉਂਸੀਪਲ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਟਾਂਡਾ ਵੱਲੋਂ ਇੱਕ ਸਨਮਾਨਿਤ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਮੂਹ ਮੈਂਬਰਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਉਨ੍ਹਾਂ ਕਿਹਾ ਕਿ ਪਹਿਲੇ ਜਮਾਨੇ ਵਿੱਚ ਪਰਵਾਰ ਦੇ ਸਾਰੇ ਮੈਂਬਰ ਇੱਕੋ ਘਰ ਵਿੱਚ ਇਕੱਠੇ ਰਹਿ ਕੇ ਇੱਕ ਦੂਸਰੇ ਨਾਲ ਦੁੱਖ ਸੁੱਖ ਸਾਂਝਾ ਕਰ ਲੈਂਦੇ ਸਨ, ਪਰ ਅੱਜ ਦੇ ਇਸ ਯੁਗ ਵਿੱਚ ਪਰਵਾਰ ਦੇ ਸਾਰੇ ਮੈਂਬਰ ਅਲੱਗ ਅਲੱਗ ਰਹਿਣ ਲੱਗ ਪਏ ਹਨ ਜਿਸ ਕਾਰਨ ਸੀਨੀਅਰ ਸਿਟੀਜਨ ਨੂੰ ਇਕੱਲਿਆਂ ਰਹਿਣਾ ਪੈ ਰਿਹਾ ਹੈ ਅਤੇ ਬਜੁਰਗਾਂ ਦੀ ਸਾਂਭ ਸੰਭਾਲ ਪੂਰੀ ਤਰ੍ਹਾਂ ਨਾ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਮਹਿੰਗਾਈ ਭਰੇ ਯੁਗ ਵਿੱਚ ਹਰ ਇਨਸਾਨ ਪੈਸੇ ਕਮਾਉਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ ਅਤੇ ਬਜੁਰਗਾਂ ਕੋਲ ਬੈਠ ਕੇ ਉਨ੍ਹਾਂ ਦੇ ਦੁੱਖ ਸੁੱਖ ਨੂੰ ਸਾਂਝਾ ਨਹੀਂ ਕਰ ਪਾ ਰਹੇ ਜਿਸ ਕਾਰਨ ਬਜੁਰਗਾਂ ਦੇ ਹੌਸਲੇ ਦਿਨ-ਬ-ਦਿਨ ਪਸਤ ਹੁੰਦੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਬਜੁਰਗਾਂ ਦੇ ਅਕੇਲੇਪਨ ਕਾਰਨ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਘੇਰ ਲੈਂਦੀਆਂ ਹਨ ਜੋ ਕਿ ਇੱਕ ਚਿੰਤਾਜਨਕ ਵਿਸ਼ਾ ਹੈ। ਸਮਾਰੋਹ 'ਚ ਸੀਨੀਅਰ ਸਿਟੀਜਨ ਸਦਾ ਨੰਦ, ਚਮਨ ਲਾਲ, ਦੇਵਰਾਜ, ਚੌਧਰੀ ਰਤਨ ਸਿੰਘ ਸੈਨੀ, ਬੋਧ ਰਾਜ, ਰਾਮ ਲੁਭਾਈ, ਪ੍ਰਧਾਨ ਮਾਇਆ, ਦੀਪੋ, ਸ਼ਾਂਤੀ, ਕ੍ਰਿਸ਼ਨਾ ਦੇਵੀ, ਰਾਜ ਰਾਣੀ, ਗੁਰਨਾਮ ਕੌਰ, ਰਣਜੀਤ ਕੌਰ, ਕਮਲਾ ਦੇਵੀ, ਬਲਦੇਵ ਰਾਜ ਸ਼ਰਮਾ, ਸੋਮਨਾਥ ਅਤੇ ਅਮਰੀਕ ਸਿੰਘ ਘੋਤੜਾ ਨੂੰ ਦੋਸ਼ਾਲੇ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਅਤੇ ਉਨਾਂ ਦੀਆਂ ਦੁਆਵਾਂ ਲੈਂਦੇ ਹੋਏ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਰੋਹ ਦੇ ਆਖਿਰ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਨੂੰ ਨਵੇਂ ਸਾਲ ਦਾ ਕੈਲੰਡਰ ਦੇ ਕੇ ਰਿਫਰੈਸ਼ਮੈਂਟ ਦਿੱਤੀ ਗਈ।

# ਕੜਾਕੇ ਦੀ ਪੈ ਰਹੀ ਠੰਢ ਤੋਂ ਬਚਣ ਦੀ ਜ਼ਰੂਰਤ : ਡਾ. ਸੰਧੂ

ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ) ਪਹਾੜੀ ਇਲਾਕਿਆਂ ਵਿੱਚ ਬਰਫਬਾਰੀ ਤੋਂ ਬਾਅਦ ਠੰਢ ਦਾ ਪ੍ਰਕੋਪ ਦਿਨੋ-ਦਿਨ ਵਧਦਾ ਜਾ ਰਿਹਾ ਹੈ।ਸਵੇਰੇ ਤੋਂ ਹੀ ਸ਼ਾਮ ਧੁੰਦ ਪੈਣੀ ਸ਼ੁਰੂ ਹੋ ਗਈ ਹੈ।ਸਰਦੀ ਤੋਂ ਬਚਣ ਲਈ ਲੋਕ ਅੱਗ ਜਲਾ ਕੇ ਸੇਕ ਰਹੇ ਹਨ।ਨਵਾਂਸ਼ਹਿਰ ਅਤੇ ਆਸਪਾਸ ਦੇ ਇਲਾਕਿਆਂ 'ਚ ਪਿਛਲੇ ਕੁਝ ਦਿਨਾਂ ਤੋਂ ਸਰਦੀ ਪੈ ਰਹੀ ਠੰਢ 'ਚ ਕਾਫ਼ੀ ਵਾਧਾ ਹੋ ਗਿਆ ਧੁੰਦ ਕਾਰਨ ਵਾਹਨਾਂ ਦਾ ਸੜਕਾਂ 'ਤੇ ਚੱਲਣਾ ਕਾਫ਼ੀ ਮੁਸ਼ਕਲ ਹੋ ਗਿਆ ਹੈ। ਇਸ ਕਾਰਨ ਲੋਕ ਸਵੇਰੇ ਅਤੇ ਸ਼ਾਮ ਦੇ ਸਮੇਂ ਠੰਢ ਤੋਂ ਠਿਠੁਰਦੇ ਰਹੇ।ਜਦਕਿ ਬਾਅਦ ਦੁਪਹਿਰ ਸੂਰਜ ਦੇਵਤਾ ਦੀ ਕ੍ਰਿਪਾ ਹੋਣ ਕਾਰਨ ਉਥੇ ਧੁੱਪ ਦਾ ਆਨੰਦ ਮਾਣਿਆ ਗਿਆ ਤਾਂ ਜੋ ਠੰਢ ਅਤੇ ਸਰਦ ਹਵਾਵਾਂ ਕਾਰਨ ਪ੍ਰੇਸ਼ਾਨ ਹਨ ਅਕਸਰ ਬਿਮਾਰ ਰਹਿੰਦੇ ਹਨ ਕਿਉਂਕਿ ਇਹ ਸੁੱਕੀ ਠੰਡ ਹੈ, ਜਿਸ ਦਾ ਗਲੇ ਅਤੇ ਛਾਤੀ 'ਤੇ ਮਾੜਾ ਪ੍ਰਭਾਵ ਪੈਂਦਾ ਹੈ।ਇਲਾਜ ਲਈ ਨਵਾਂ ਸ਼ਹਿਰ ਸਿਵਲ ਹਸਪਤਾਲ ਡਾਕਟਰਾਂ ਪਾਸ ਕਾਫ਼ੀ ਭੀੜ ਲੱਗੀ ਰਹਿੰਦੀ ਹੈ।ਸੰਧੂ ਹਸਪਤਾਲ ਦੇ ਦਿਮਾਗੀ ਬਿਮਾਰੀਆਂ ਦੇ ਮਾਹਿਰ ਡਾਕਟਰ ਜੋਤਨਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਨੇ ਦੱਸਿਆ ਕਿ ਸਾਡੇ ਸਾਹ ਲੈਣ ਦੀ ਪ੍ਰਕਿਰਿਆ ਦੌਰਾਨ ਸਰੀਰ ਵਿੱਚ ਕਾਰਬਨ ਡਾਈਆਕਸਾਈਡ ਅਤੇ ਪਾਣੀ ਬਣਦੇ ਹਨ।ਇਹ ਪਾਣੀ ਤੁਹਾਡੇ ਫੇਫੜਿਆਂ ਰਾਹੀਂ ਵਾਸ਼ਪੀਕਰਨ ਦੀ ਪ੍ਰਕਿਰਿਆ ਰਾਹੀਂ ਪਾਣੀ ਦੀ ਵਾਸ਼ਪ ਦੇ ਰੂਪ ਵਿੱਚ ਮੂੰਹ ਜਾਂ ਨੱਕ ਰਾਹੀਂ ਬਾਹਰ ਆਉਂਦਾ ਹੈ।ਸਾਹ ਲੈਣ ਅਤੇ ਪਾਚਨ ਦੀ ਪ੍ਰਕਿਰਿਆ ਦੌਰਾਨ ਤੁਹਾਡੇ ਸਰੀਰ ਵਿੱਚ ਪੈਦਾ ਹੋਣ ਵਾਲਾ ਪਾਣੀ ਅਤੇ ਜੋ ਪਾਣੀ ਅਸੀਂ ਪੀਂਦੇ ਹਾਂ, ਉਹ ਪਿਸ਼ਾਬ, ਪਸੀਨੇ ਅਤੇ ਵਾਸ਼ਪੀਕਰਨ ਰਾਹੀਂ ਸਰੀਰ ਵਿੱਚੋਂ ਬਾਹਰ ਨਿਕਲਦਾ ਹੈ। ਮਨੁੱਖੀ ਸਰੀਰ ਦਾ ਔਸਤ ਤਾਪਮਾਨ 98.6 ਡਿਗਰੀ ਫਾਰਨਹਾਈਟ ਹੁੰਦਾ ਹੈ।37 ਡਿਗਰੀ ਸੈਲਸੀਅਸ ਹੈ।ਸਰਦੀਆਂ ਵਿੱਚ ਜਦੋਂ ਅਸੀਂ ਸਾਹ ਛੱਡਦੇ ਹਾਂ ਤਾਂ ਸਾਹ ਦੇ ਨਾਲ-ਨਾਲ ਸਰੀਰ ਦਾ ਪਾਣੀ ਵੀ ਬਾਹਰ ਨਿਕਲਦਾ ਹੈ।ਇਸ ਲਈ ਜਦੋਂ ਇਹ ਬਾਹਰੋਂ ਆਈ ਠੰਡੀ ਹਵਾ ਨਾਲ ਮਿਲਦੀ ਹੈ ਤਾਂ ਇਸ ਦਾ ਵਾਸ਼ਪੀਕਰਨ ਸ਼ੁਰੂ ਹੋ ਜਾਂਦਾ ਹੈ।ਜਦੋਂ ਇਹ ਪਾਣੀ ਦੀ ਵਾਸ਼ਪ ਬਾਹਰੋਂ ਆਈ ਠੰਡੀ ਹਵਾ ਨਾਲ ਮਿਲਦੀ ਹੈ, ਤਾਂ ਇਹ ਪਾਣੀ ਦੀਆਂ ਛੋਟੀਆਂ-ਛੋਟੀਆਂ ਬੂੰਦਾਂ ਵਿੱਚ ਸੰਘਣਾ ਹੋ ਕੇ ਬੱਦਲ ਬਣ ਜਾਂਦੀ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਇਹ ਤੁਹਾਨੂੰ ਧੂੰਏਂ ਵਰਗਾ ਲੱਗਦਾ ਹੈ।ਡਾ. ਗੁਰਜੋਤ ਕੌਰ ਸੰਧੂ ਨੇ ਕਿਹਾ ਕਿ ਕੜਾਕੇ ਦੀ ਪੈ ਰਹੀ ਠੰਢ ਨੂੰ ਦੇਖਦੇ ਹੋਏ ਬੱਚਿਆਂ ਤੇ ਬਜ਼ੁਰਗਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ।ਛੋਟੇ ਬੱਚਿਆਂ ਨੂੰ ਨਿਮੋਨੀਆ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ, ਬੱਚਿਆਂ ਨੂੰ ਉਲਟੀਆਂ ਵੀ ਲੱਗ ਸਕਦੀਆਂ ਹਨ। ਇਸ ਲਈ ਬੱਚਿਆਂ ਦੀ ਸੰਭਾਲ ਵੱਲ ਖ਼ਾਸ ਧਿਆਨ ਦਿੰਦੇ ਹੋਏ ਸਰਦੀ ਤੋਂ ਬਚਾਅ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗਰਮ ਕੱਪੜੇ ਪਾਉਣ ਚਾਹੀਦੇ ਹਨ।ਬੱਚੇ ਆਪਣੇ ਸਿਰ 'ਤੇ ਟੋਪੀ ਤੇ ਪੈਰਾਂ ਵਿਚ ਜੁਰਾਬਾਂ ਜ਼ਰੂਰ ਪਹਿਨਣ।ਉਨ੍ਹਾਂ ਕਿਹਾ ਕਿ ਸਰਦੀ 'ਚ ਜ਼ਿਆਦਾਤਰ ਬਜ਼ੁਰਗ ਤੇ ਛੋਟੇ ਬੱਚੇ ਪ੍ਰਭਾਵਿਤ ਹੁੰਦੇ ਹਨ।ਉਨ੍ਹਾਂ ਨੂੰ ਸਰਦੀ ਲੱਗਣ ਨਾਲ ਸ਼ੂਗਰ ਤੇ ਬੀ ਪੀ ਦੇ ਨਾਲ ਨਾਲ ਜੋੜਾਂ 'ਚ ਦਰਦ ਆਦਿ ਰੋਗ ਵੱਧ ਜਾਂਦੇ ਹਨ।ਇਸ ਲਈ ਬਜ਼ੁਰਗਾਂ ਨੂੰ ਸਵੇਰ ਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਢ ਅਤੇ ਧੁੰਦ ਹੋਣ ਤੋਂ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨਾ ਚਾਹੀਦਾ ਹੈ।ਡਾ. ਗੁਰਜੋਤ ਕੋਰ ਸੰਧੂ ਨੇ ਦੱਸਿਆ ਕਿ ਸਰਦੀ ਦੇ ਮੌਸਮ ਦੇ ਅਨੁਸਾਰ ਗਰਮ ਕੱਪੜੇ ਪਾ ਕੇ ਆਪਣੇ ਆਪ ਨੂੰ ਠੰਡ ਤੋਂ ਬਚਾਓ, ਤਾਂ ਜੋ ਤਾਪਮਾਨ ਘਟਣ 'ਤੇ ਫਲੂ ਅਤੇ ਹੋਰ ਸਰਦੀਆਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

# ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਪੁਰਾਣੀ ਜਾਂ ਨਾ ਵਰਤਣਯੋਗ ਸੰਪਤੀਆਂ ਦਾ ਕਰੇਗਾ ਮੁਦਰੀਕਰਨ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਸਰਕਾਰ ਵੱਲੋਂ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੀ ਪੁਰਾਣੀ ਜਾਂ ਅਜਿਹੀ ਸੰਪਤੀਆਂ, ਜੋ ਮੌਜੂਦਾ ਵਿਚ ਵਰਤੋ ਵਿਚ ਨਹੀਂ ਲਿਆਈ ਜਾ ਰਹੀ ਹੈ, ਉਨ੍ਹਾਂ ਦੇ ਮੁਦਰੀਕਰਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਜਾਵੇਗੀ। ਇਸ ਕਦਮ ਨਾਲ ਇਥ ਪਾਸੇ ਬੋਰਡ ਦੀ ਆਮਦਨ ਵਿਚ ਵਾਧਾ ਹੋਵੇਗਾ ਤਾਂ ਉੱਥੇ ਹੀ ਪ੍ਰਾਪਤ ਮਾਲ ਨਾਲ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤੀ ਮਿਲੇਗੀ। ਮੁੱਖ ਮੰਤਰੀ ਮਨੋਹਰ ਲਾਲ ਨੇ ਇੱਥੇ ਮੌਜੂਦਾ ਵਿਚ ਨਾ ਵਰਤਣਯੋਗ ਅਤੇ ਖਾਲੀ ਪਈ ਪਲਾਟ ਦੀ ਨੀਲਾਮੀ ਦੇ ਸਬੰਧ ਵਿਚ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਜੇ ਪੀ ਦਲਾਲ ਵੀ ਮੀਟਿੰਗ ਵਿਚ ਮੌਜੂਦ ਰਹੇ। ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਬੋਰਡ ਦੇ ਕੋਲ 35 ਸਥਾਨਾਂ 'ਤੇ ਨਾ ਵਰਤਣਯੋਗ ਪਲਾਟ ਜਾਂ ਸੰਪਤੀਆਂ ਜਿਵੇਂ ਪੁਰਾਣੇ ਦਫਤਰ ਭਵਨ ਤੇ ਸਟਾਫ ਕੁਆਟਰ ਹਨ, ਜਿਨ੍ਹਾਂ ਨੂੰ ਨੀਲਾਮ ਕੀਤਾ ਜਾਣਾ ਹੈ। ਮਨੋਹਰ ਲਾਲ ਨੇ ਸੰਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕਈ ਸ਼ਹਿਰਾਂ ਵਿਚ ਹੁਣ ਮੰਡੀਆਂ ਸ਼ਹਿਰਾਂ ਤੋਂ ਬਾਹਰ ਸ਼ਿਫਟ ਹੋ ਚੁੱਕੀਆਂ ਹਨ, ਇਸ ਕਾਰਨ ਬੋਰਡ ਦੀ ਪੁਰਾਣੀ ਤੇ ਅਜਿਹੀ ਹੋਰ ਸੰਪਤੀਆਂ ਦਾ ਇਕ ਪੋਰਟਲ ਬਣਾ ਕੇ ਉਨ੍ਹਾਂ ਦੀ ਜਾਣਕਾਰੀ ਅਪਲੋਡ ਕੀਤੀ ਜਾਵੇ। ਇਸ ਦੇ ਬਾਅਦ ਉਨ੍ਹਾਂ ਦੀ ਨੀਲਾਮੀ ਕੀਤੀ ਜਾਵੇਗੀ। ਇਸ ਨਾਲ ਇੰਨ੍ਹਾਂ ਸੰਪਤੀਆਂ ਦੀ ਸਹੀ ਵਰਤੋ ਯਕੀਨੀ ਹੋ ਸਕੇਗੀ ਅਤੇ ਬੋਰਡ ਨੂੰ ਵੀ ਵੱਧ ਆਮਦਨ ਪ੍ਰਾਪਤ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਸਪੰਤੀਆਂ ਦੀ ਨੀਲਾਮੀ ਤਹਿਤ ਰਾਖਵਾਂ ਮੁੱਲ ਵਾਜਬ ਰੱਖਿਆ ਜਾਵੇ, ਤਾਂ ਜੋ ਵੱਧ ਤੋਂ ਵੱਧ ਲੋਕ ਨੀਲਾਮੀ ਵਿਚ ਹਿੱਸ ਲੈ ਸਕਣ। ਮੀਟਿੰਗ ਵਿਚ ਦਸਿਆ ਗਿਆ ਕਿ ਬੋਰਡ ਦੇ ਕੋਲ ਕੁੱਲ 37,364 ਪਲਾਟ ਹਨ, ਜਿਨ੍ਹਾਂ ਵਿੱਚੋਂ 23,206 ਪਲਾਟ ਨੀਲਾਮੀ ਜਾਂ ਅਲਾਟ ਕੀਤੇ ਜਾ ਚੁੱਕੇ ਹਨ। ਹੁਣੀ 14, 158 ਪਲਾਟ ਖਾਲੀ ਪਏ ਹਨ, ਜਿਨ੍ਹਾਂ ਦੀ ਬੋਰਡ ਨੇ ਆਉਣ ਵਾਲੇ 6 ਮਹੀਨਿਆਂ ਲਈ ਨੀਲਾਮੀ ਦੀ ਰੂਪਰੇਖਾ ਤਿਆਰ ਕੀਤੀ ਹੈ। ਇਸ ਦੇ ਅਨੁਸਾਰ ਸੋਨੀਪਤ, ਕਨੀਨਾ, ਅੰਬਾਲਾ ਕੈਂਟ, ਰਿਵਾੜੀ (ਬਿਥਵਾਨਾ ਤੇ ਬਾਵਲ), ਅਸੰਧ, ਹੋਡਲ, ਟੋਹਾਨਾ, ਰਾਜੌਂਦ, ਉਚਾਨਾ, ਬਰੀ, ਸੇਬ ਮੰਡੀ ਪਿੰਜੌਰ, ਖੇੜੀ ਚੋਪਟੀ, ਖਾਂਡਾ ਖੇੜਾ, ਛਾਤਰ, ਅਰਨੌਲੀ, ਭਾਗਲ, ਬਾਬਾ ਲਾਡਲਾ, ਮੂਰਥਲ, ਝਾਂਸਾ, ਠਾਲ, ਛਿਛਰਾਨਾ, ਨਿਜਾਮਪੁਰ ਆਦਿ ਦੀ ਨਵੀਂ ਸਬਜੀ ਮੰਡੀ ਤੇ ਅਨਾਜ ਮੰਡੀਆਂ ਵਿਚ ਪਲਾਟ ਦੀ ਨੀਲਾਮੀ ਕੀਤੀ ਜਾਵੇਗੀ, ਜਿਸ ਨਾਲ ਲਗਭਗ 150 ਕਰੋੜ ਰੁਪਏ ਦਾ ਮਾਲ ਆਉਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਮਾਰਕਿਟ ਕਮੇਟੀਆਂ ਦੀ ਨਾ ਵਰਤਣਯੋਗ ਸੰਪਤੀਆਂ ਦੀ ਵਿਕਰੀ ਤੋਂ 50 ਕਰੋੜ ਰੁਪਏ, ਵੱਖ-ਵੱਖ ਸਥਾਨਾਂ 'ਤੇ ਪੈਟਰੋਲ ਪੰਪ ਸਥਾਨ ਦੀ ਵਿਕਰੀ ਤੋਂ ਲਗਭਗ 30 ਕਰੋੜ, ਮੌਜੂਦਾ ਮੰਡੀਆਂ ਵਿਚ ਬਾਕੀ ਪਲਾਟਾਂ ਦੀ ਵਿਕਰੀ ਤੋਂ ਲਗਭਗ 300 ਕਰੋੜ ਰੁਪਏ ਦਾ ਮਾਲ ਜੁਟਾਉਣ ਦੀ ਯੋਜਨਾ ਹੈ। ਮੀਟਿੰਗ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾ ਸ਼ੰਕਰ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੇ ਮੁੱਖ ਪ੍ਰਸ਼ਾਸ਼ਕ ਮੁਕੇਸ਼ ਕੁਮਾਰ ਆਹੂਜਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਸਰਕਾਰੀ ਸਕੂਲ ਪਾਸਲਾ ਵਿਖੇ ਵਿਦਿਆਰਥੀਆਂ ਨੂੰ ਕਾਪੀਆਂ ਵੰਡੀਆਂ



ਗੁਰਾਇਆ (ਬਿੰਦਰ ਸੁਮਨ) ਸੀਨੀਅਰ ਸੈਕੰਡਰੀ ਸਕੂਲ ਪਾਸਲਾ ਵਿਖੇ ਦੀ ਜਲੰਧਰ ਸੈਂਟਰਲ ਕੋਆ ਬੈਕ ਲਿਮਟਿਡ ਪਾਸਲਾ ਵਲੋਂ ਫਾਇਨੈਸ਼ੀਅਲ ਲਿਟਰੇਸੀ ਕੈਂਪ ਬਰਾਂਚ ਇੰਚਾਰਜ ਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲਗਾਇਆ ਗਿਆ, ਜਿਸ ਵਿੱਚ ਪ੍ਰਿੰਸੀਪਲ ਮੈਡਮ ਕੁਲਵੰਤ ਕੌਰ ਅਤੇ ਸਟਾਫ ਨੇ ਸਕੂਲ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ।ਬੈਂਕ ਇੰਚਾਰਜ ਨੇ ਪਲਸ ਟੂ ਦੇ ਵਿਦਿਆਰਥੀਆਂ ਨੂੰ ਬੈਂਕ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਬੈਂਕ ਵਿੱਚ ਖੋਲੇ ਜਾਣ ਵਾਲੇ ਖਾਤਿਆ ਅਤੇ ਕਰਜਿਆ ਸਬੰਧੀ ਵੀ ਜਾਣਕਾਰੀ ਦਿੱਤੀ। ਬੈਂਕ ਸਟਾਫ ਵਲੋਂ ਵਿਦਿਆਰਥੀਆਂ ਨੂੰ ਕਾਪੀਆਂ ਵੰਡੀਆਂ।ਪ੍ਰਿੰਸੀਪਲ ਮੈਡਮ ਕੁਲਵੰਤ ਕੌਰ ਅਤੇ ਸਿਖਿਆ ਸ਼ਾਸਤਰੀ ਕੁਲਵੰਤ ਸਿੰਘ ਛੋਕਰ, ਸਾਬਕਾ ਬੈਕ ਮੈਨੇਜਰ ਨੇ ਬੈਕ ਅਧਿਕਾਰੀਆਂ ਦਾ ਵੱਡਮੁੱਲੀ ਜਾਣਕਾਰੀ ਲਈ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ ਮੈਬਰ ਹਾਜ਼ਰ ਸੀ।

# ਅਬਦੁਲ ਬਾਰੀ ਸਾਲਮਨੀ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



ਚੰਡੀਗੜ੍ਹ (ਗੁਰਜੀਤ ਬਿੱਲਾ)—ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦੀ ਮੌਜੂਦਗੀ ਵਿੱਚ ਪੰਜਾਬ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਅਬਦੁਲ ਬਾਰੀ ਸਾਲਮਨੀ ਨੇ ਅਹੁਦਾ ਸੰਭਾਲ ਲਿਆ ਹੈ।

ਵਣ ਭਵਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਮੌਕੇ ਬੋਲਦਿਆਂ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਇਮਾਨਦਾਰ, ਨਿਰਪੱਖ ਅਤੇ ਅਗਾਂਹਵਧੂ ਸੋਚ ਵਾਲੇ ਆਗੂਆਂ ਨੂੰ ਲੋਕਾਂ ਦੀ ਸੇਵਾ ਲਈ ਅੱਗੇ ਲਿਆ ਰਹੀ ਹੈ। ਇਸੇ ਸੋਚ ਤਹਿਤ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਇੱਕ ਇਮਾਨਦਾਰ ਆਗੂ ਅਬਦੁਲ ਬਾਰੀ ਸਾਲਮਨੀ ਦੀ ਨਿਯੁਕਤੀ ਕੀਤੀ ਗਈ ਹੈ। ਅਬਦੁਲ ਬਾਰੀ ਸਾਲਮਨੀ ਨੂੰ ਵਧਾਈ ਦਿੰਦਿਆਂ ਉਨ੍ਹਾਂ ਉਮੀਦ ਪ੍ਰਗਟਾਈ ਕਿ ਉਹ ਘੱਟ ਗਿਣਤੀਆਂ ਦੀ ਭਲਾਈ ਨੂੰ ਯਕੀਨੀ ਬਣਾਉਣਗੇ ਅਤੇ ਵੱਖ-ਵੱਖ ਸਰਕਾਰੀ ਸਕੀਮਾਂ ਉਨ੍ਹਾਂ ਤੱਕ ਪੁੱਜਦੀਆਂ ਕਰਨਗੇ। ਉਨ੍ਹਾਂ ਖੁਦ ਸਾਲਮਨੀ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਅਬਦੁਲ ਬਾਰੀ ਸਾਲਮਨੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਜਲੰਧਰ ਵਾਸੀ ਅਬਦੁਲ ਬਾਰੀ ਸਾਲਮਨੀ ਨੇ ਸਮਾਜ ਸੇਵਾ ਵਿਚ ਚੰਗਾ ਨਾਮਣਾ ਖੱਟਿਆ ਹੈ। ਇਸ ਮੌਕੇ ਬੁਢਲਾਡਾ ਤੋਂ ਵਿਧਾਇਕ ਬੁੱਧ ਰਾਮ, ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਕੰਟੇਨਰ ਅਤੇ ਵੇਅਰ ਹਾਊਸ,ਪੰਜਾਬ ਦੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਅਤੇ ਪੰਜਾਬ ਜੈਨਕੋ ਦੇ ਚੇਅਰਮੈਨ ਨਵਜੋਤ ਸਿੰਘ ਵੀ ਹਾਜ਼ਰ ਸਨ।

# ਬੱਸੀ ਕਾਸੋਂ ਤੇ ਬੱਸੀ ਮਰੂਫ 'ਚ 447 ਕਨਾਲ 18 ਮਰਲੇ 'ਚ ਬਣੇਗਾ ਇੰਡਸਟਰੀਅਲ ਵੁੱਡ ਪਾਰਕ



ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ ) ਪੰਜਾਬ ਸਰਕਾਰ ਵਲੋਂ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਪ੍ਰਫੁਲਿਤ ਕਰਨ ਲਈ ਪ੍ਰਾਈਵੇਟ ਉਦਮੀਆਂ ਨੂੰ ਇੰਡਸਟਰੀਅਲ ਪਾਰਕ ਵਿਕਸਿਤ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜਿਸ ਤਹਿਤ ਵੱਖ-ਵੱਖ ਸੁਵਿਧਾਵਾਂ ਜਿਵੇਂ ਕਿ ਸੀ.ਐਲ.ਯੂ ਚਾਰਜ, ਈ.ਡੀ.ਸੀ ਚਾਰਜ ਅਤੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ-1995 ਤੋਂ ਵੀ ਛੋਟ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇੰਡਸਟਰੀਅਲ ਵੁੱਡ ਪਾਰਕ ਸਥਾਪਿਤ ਕਰਨ ਦੇ ਸਬੰਧ ਵਿੱਚ ਵੱਖ-ਵੱਖ ਵਿਭਾਗਾਂ ਦੇ ਪ੍ਰਤੀਨਿਧੀਆਂ ਅਤੇ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤੇ ਹਲਕੇ ਐਗਰੋ ਫੋਰੈਸਟਰੀ ਕੀਤੀ ਜਾਂਦੀ ਹੈ ਅਤੇ ਇਸ ਜ਼ਿਲ੍ਹੇ ਵਿੱਚ ਵੁੱਡ ਬੇਸਡ ਇੰਡਸਟਰੀਜ਼ ਲੱਗਣ ਦੀ ਕਾਫੀ ਸੰਭਾਵਨਾ ਹੈ, ਇਸ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ ਸਰਕਾਰ ਵਲੋਂ ਉਦਯੋਗਪਤੀਆਂ ਨਾਲ ਤਾਲਮੇਲ ਕਰਦੇ ਹੋਏ ਜ਼ਿਲ੍ਹੇ ਵਿੱਚ ਵੁੱਡ ਪਾਰਕ ਸਥਾਪਿਤ ਕਰਨ ਲਈ ਉਪਰਾਲੇ ਕੀਤੇ ਗਏ ਹਨ, ਜਿਸ ਤਹਿਤ ਸੰਭਾਵਿਤ ਉਦਮੀਆਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੈਣ ਅਤੇ ਪ੍ਰਾਈਵੇਟ ਇੰਡਸਟਰੀਅਲ ਪਾਰਕ ਸਥਾਪਿਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ। ਇਸੇ ਕੜੀ ਵਿੱਚ ਉਦਮੀਆਂ ਵਲੋਂ ਹੁਸ਼ਿਆਰਪੁਰ ਵੁੱਡ ਪਾਰਕ ਪ੍ਰਾਈਵੇਟ ਲਿਮਟਡ ਨਾਮ ਦੀ ਐਸ.ਪੀ.ਵੀ ਬਣਾਉਣ ਉਪਰੰਤ ਇੰਡਸਟਰੀਅਲ ਪਾਰਕ ਬਣਾਉਣ ਲਈ ਯਤਨ ਕੀਤੇ ਗਏ। ਉਦਯੋਗਿਕ ਵਿਕਾਸ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ ਇਸ ਨੂੰ ਆਪਣੇ ਪ੍ਰੋਜੈਕਟ ਆਫ ਦੀ ਕਨਸਰਨ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਹ ਪ੍ਰਾਈਵੇਟ ਇੰਡਸਟਰੀਅਲ ਪਾਰਕ ਪਿੰਡ ਬੱਸੀ ਕਾਸੋ ਅਤੇ ਪਿੰਡ ਬੱਸੀ ਮਰੂਫ ਵਿੱਚ 447 ਕਨਾਲ 18 ਮਰਲੇ ਵਿੱਚ ਬਣਾਇਆ ਜਾ ਰਿਹਾ ਹੈ। ਇਸ ਦੇ ਕਰੀਬ 26 ਇਕਾਈਆਂ ਸਥਾਪਿਤ ਕਰਨ ਦਾ ਪ੍ਰਸਤਾਵ ਹੈ, ਜਿਸ ਨਾਲ ਜ਼ਿਲ੍ਹੇ ਵਿੱਚ ਕਰੀਬ 200 ਕਰੋੜ ਰੁਪਏ ਦਾ ਨਿਵੇਸ਼ ਆਵੇਗਾ ਅਤੇ 2500 ਦੇ ਕਰੀਬ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੋਜ਼ਗਾਰ ਉਤਪਤੀ ਦੀ ਉਮੀਦ ਹੈ। ਪੰਜਾਬ ਸਰਕਾਰ ਵਲੋਂ ਇਸ ਪ੍ਰਾਈਵੇਟ ਇੰਡਸਟਰੀਅਲ ਪਾਰਕ ਨੂੰ ਹਰ ਤਰ੍ਹਾਂ ਦੀ ਜ਼ਰੂਰੀ ਰੈਗੂਲੇਟਰੀ ਕਲੀਅਰੈਂਸ ਮੁਹੱਈਆ ਕਰਵਾਈ ਗਈ ਹੈ, ਜਿਸ ਵਿੱਚ ਪਲਾਈਵੁੱਡ ਇੰਡਸਟਰੀ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਵਨ ਡਿਸਟ੍ਰਿਕਟ ਵਨ ਪ੍ਰੋਡਕਟਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਇੰਡਸਟਰੀਅਲ ਪਾਰਕ ਦੇ ਸ਼ੁਰੂ ਹੋਣ ਨਾਲ ਜਿਥੇ ਜ਼ਿਲ੍ਹੇ ਵਿੱਚ ਪਲਾਈਵੁੱਡ ਕਲੱਸਟਰ ਬਣਾਉਣ ਦਾ ਰਸਤਾ ਸਾਫ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਲਾਈਵੁੱਡ ਅਤੇ ਵੁੱਡ ਬੇਸਡ ਪ੍ਰੋਡਕਟਸ ਦੇ ਐਕਸਪੋਰਟਰ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਜ਼ਿਲ੍ਹਾ ਯੋਜਨਾਕਾਰ ਨਵਲ ਕੁਮਾਰ, ਜੀ.ਐਮ ਜ਼ਿਲ੍ਹਾ ਉਦਯੋਗ ਕੇਂਦਰ ਹੁਸ਼ਿਆਰਪੁਰ ਅਰੁਣ ਕੁਮਾਰ, ਸਬ ਰਜਿਸਟਰਾਰ ਹਰਕਰਮ ਸਿੰਘ ਰੰਧਾਵਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਬੇਲਾ ਕਾਲਜ ਦੇ ਨਵੇਂ ਕੈਫੇਟੇਰੀਆ ਦਾ ਉਦਘਾਟਨ



ਸ਼੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਨਵੇਂ ਬਣੇ ਕੈਫੇਟੇਰੀਆ ਦਾ ਉਦਘਾਟਨ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਦੇ ਨਾਲ ਸਾਂਝੇ ਤੌਰ 'ਤੇ ਕੀਤਾ । ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ ਅਤੇ ਖਾਣ ਪੀਣ ਦੇ ਬਦਲਦੇ ਰੁਝਾਨ ਨੂੰ ਵੇਖਦਿਆਂ ਇਸ ਖਾਸ ਕੈਫੇਟੇਰੀਆ ਦੀ ਸਥਾਪਨਾ ਕੀਤੀ ਗਈ ਹੈ। ਇਸ ਕੈਫੇਟੇਰੀਆ ਵਿੱਚ ਵਿਦਿਆਰਥੀਆਂ ਨੂੰ ਕਾਲਜ ਕੰਟੀਨ ਵਾਂਗ ਹੀ ਸਾਫ-ਸੁਥਰਾ ਖਾਣਾ, ਵਾਜਿਬ ਕੀਮਤਾਂ ਤੇ ਮੁਹੱਈਆ ਕਰਵਾਇਆ ਜਾਵੇਗਾ ਅਤੇ ਇਸ ਦੇ ਨਾਲ ਹੀ ਵਿਦਿਆਰਥੀਆਂ ਲਈ ਖਾਸ ਬੈਠਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਉਨ੍ਹਾਂ ਖੁਸ਼ੀ ਜਾਹਿਰ ਕੀਤੀ ਕਿ ਇਨ-ਡੋਰ ਕੈਫੇਟੇਰੀਆ ਨਵੇਂ ਵਰ੍ਹੇ ਦੀ ਸ਼ੁਰੂਆਤ ਵਿੱਚ ਕਾਲਜ ਦੇ ਵਿਹੜੇ ਜੁੜਨਾ ਬਹੁਤ ਹੀ ਵਧੀਆ ਗੱਲ ਹੈ । ਡਾ ਮਮਤਾ ਅਰੋੜਾ ਨੇ ਦੱਸਿਆ ਕਿ ਨਵੇਂ ਬਣੇ ਕੈਫੇਟੇਰੀਆ ਕਾਰਨ ਵਿਦਿਆਰਥੀਆਂ ਵਿੱਚ ਖੁਸ਼ੀ ਦਾ ਮਾਹੌਲ ਹੈ, ਕਿਉਂਕਿ ਵਿਦਿਆਰਥੀਆਂ ਦੀ ਇਹ ਬਹੁਤ ਪੁਰਾਣੀ ਮੰਗ ਸੀ , ਜੋ ਕਿ ਹੁਣ ਪ੍ਰਬੰਧਕਾਂ ਵੱਲੋਂ ਪੂਰੀ ਕਰ ਦਿੱਤੀ ਗਈ ਹੈ ।

ਇਸ ਮੌਕੇ ਫਾਰਮੇਸੀ ਕਾਲਜ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ, ਮਹਾਂਰਾਣੀ ਸਤਿੰਦਰ ਕੌਰ ਮਾਡਰਨ ਸਕੂਲ ਦੇ ਪ੍ਰਿੰਸੀਪਲ ਮਿਹਰ ਸਿੰਘ , ਪ੍ਰੋ ਸੁਨੀਤਾ ਰਾਣੀ, ਪ੍ਰੋ ਪ੍ਰਿਤਪਾਲ ਸਿੰਘ, ਪ੍ਰੋ ਅਮਰਜੀਤ ਸਿੰਘ, ਪ੍ਰੋ ਗੁਰਲਾਲ ਸਿੰਘ ਅਤੇ ਪ੍ਰੋ ਇੰਦੂ ਬਾਲਾ ਆਦਿ ਹਾਜ਼ਰ ਸਨ ।

# ਖੇਤ ਮਜ਼ਦੂਰਾਂ ਵੱਲੋਂ 5 ਤੋਂ ਡੀ ਸੀ ਦਫ਼ਤਰ ਅੱਗੇ ਮੋਰਚਾ ਲਾਉਣ ਦਾ ਐਲਾਨ

**ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ/ਪਰਿਜਤ ਸਿੰਘ)** ਮਾਈਕ੍ਰੋਫਾਈਨਾਂਸ ਕੰਪਨੀਆਂ ਦੀ ਅੰਨ੍ਹੀ ਲੁੱਟ ਰੋਕਣ, ਕਰਜ਼ੇ ਦੀ ਉਗਰਾਹੀ ਅੱਗੇ ਪਾਉਣ, ਮਨਰੇਗਾ ਦਾ ਬੰਦ ਪਿਆ ਕੰਮ ਚਲਾਉਣ, ਜਨਤਕ ਵੰਡ ਪ੍ਰਣਾਲੀ ਤਹਿਤ ਡਿੱਪੂਆਂ ਰਾਹੀਂ ਸਸਤਾ ਰਾਸ਼ਨ ਮੁਹੱਈਆ ਕਰਾਉਣ, ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਅਧੂਰੇ ਖੜੇ ਮਕਾਨਾਂ ਦੀਆਂ ਕਿਸ਼ਤਾਂ ਜ਼ਾਰੀ ਕਰਨ, ਕੱਟੇ ਪਲਾਟਾਂ ਦੇ ਕਬਜ਼ੇ ਦੇਣ ਤੇ ਅੰਦੋਲਨਾਂ ਦੌਰਾਨ ਮਜ਼ਦੂਰਾਂ ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈਣ ਆਦਿ ਮੰਗਾਂ ਨੂੰ ਲੈ ਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਲਗਾਤਾਰ ਦਾ ਧਰਨਾ ਦਿੱਤਾ ਜਾਵੇਗਾ।

ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ ਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਖੁੰਡੇ ਹਲਾਲ ਵੱਲੋਂ ਜਾਰੀ ਕੀਤੇ ਬਿਆਨ ਰਾਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਫੈਸਲਾ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਦੀ ਅਗਵਾਈ ਹੇਠ ਹੋਈ ਜ਼ਿਲ੍ਹਾ ਕਮੇਟੀ ਮੀਟਿੰਗ ਦੌਰਾਨ ਲਿਆ ਗਿਆ। ਮਜ਼ਦੂਰ ਆਗੂ ਬਾਜ਼ ਸਿੰਘ ਭੁੱਟੀਵਾਲਾ ਤੇ ਰਾਜਾ ਸਿੰਘ ਖੂਨਣ ਖ਼ੁਰਦ ਨੇ ਦੱਸਿਆ ਕਿ ਮੌਜੂਦਾ ਸਮੇਂ ਇੱਕ ਪਾਸੇ ਕੜਾਕੇ ਦੀ ਠੰਢ ਤੇ ਰੁਜ਼ਗਾਰ ਠੱਪ ਹੋਣ ਕਾਰਨ ਮਜ਼ਦੂਰਾਂ ਨੂੰ ਦੋ ਵਕਤ ਦਾ ਚੁੱਲ੍ਹਾ ਤਪਾਉਣ ਦਾ ਸੰਕਟ ਬਣਿਆ ਹੋਇਆ, ਦੂਜੇ ਪਾਸੇ ਮਾਈਕ੍ਰੋਫਾਈਨਾਂਸ ਕੰਪਨੀਆਂ ਵੱਲੋਂ ਕਰਜ਼ੇ ਦੀਆਂ ਕਿਸ਼ਤਾਂ ਉਗਰਾਹੁਣ ਲਈ ਮਜ਼ਦੂਰ ਔਰਤਾਂ ਉਤੇ ਭਾਰੀ ਦਬਾਅ ਪਾਇਆ ਜਾ ਰਿਹਾ ਹੈ।ਮਜ਼ਦੂਰ ਆਗੂ ਕਾਕਾ ਸਿੰਘ ਖੁੰਡੇ ਹਲਾਲ ਤੇ ਕਾਲਾ ਸਿੰਘ ਖੂਨਣ ਖ਼ੁਰਦ ਨੇ ਆਖਿਆ ਕਿ ਅਗਸਤ ਮਹੀਨੇ ਦੌਰਾਨ ਮਜ਼ਦੂਰ ਧਰਨੇ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਮਜ਼ਦੂਰ ਆਗੂਆਂ ਨਾਲ਼ ਕੀਤੀ ਮੀਟਿੰਗ ਸਮੇਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਜ਼ਦੂਰਾਂ ਦੇ ਅਧੂਰੇ ਖੜੇ ਮਕਾਨਾਂ ਦੀਆਂ ਗ੍ਰਾਂਟਾਂ ਜਾਰੀ ਕਰਨ, ਮਨਰੇਗਾ ਤਹਿਤ ਸੌ ਦਿਨ ਰੁਜ਼ਗਾਰ ਦੇਣ, ਕੱਟੇ ਪਲਾਟਾਂ ਦੇ ਕਬਜ਼ੇ ਦੇਣ ਤੇ ਅੰਦੋਲਨਾਂ ਦੌਰਾਨ ਮਜ਼ਦੂਰਾਂ ਕਿਸਾਨਾਂ ਤੇ ਬਣੇ ਕੇਸ ਵਾਪਸ ਲੈਣ ਆਦਿ ਮੰਗਾਂ ਜਲਦੀ ਲਾਗੂ ਕਰਨ ਦੇ ਫੈਸਲੇ ਦੇ ਬਾਵਜੂਦ ਇਨ੍ਹਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਮਜ਼ਦੂਰਾਂ ਨੂੰ ਪਰਵਾਰਾਂ ਸਮੇਤ ਹੱਕੀ ਦੀ ਪੂਰਤੀ ਲਈ 5 ਫਰਵਰੀ ਤੋਂ ਡੀ ਸੀ ਦਫ਼ਤਰ ਅੱਗੇ ਦਿੱਤੇ ਧਰਨੇ 'ਚ ਪਹੁੰਚਣ ਦਾ ਸੱਦਾ ਦਿੱਤਾ।

# ਸਿਮਰਨਜੀਤ ਸਿੰਘ ਮਾਨ ਨੇ ਸੱਗੂ ਤੇ ਭੁੱਲਰ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਧੂਰੀ/ਸੰਗਰੂਰ, (ਪ੍ਰਵੀਨ ਸਿੰਘ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਪੱਤਰਕਾਰ ਮਨੋਹਰ ਸਿੰਘ ਸੱਗੂ ਦੇ ਨਿਵਾਸ ਸਥਾਨ 'ਤੇ ਦੁੱਖ ਸਾਂਝਾ ਕਰਨ ਲਈ ਪਹੁੰਚੇ। ਵਰਨਣਯੋਗ ਹੈ ਕਿ ਬੀਤੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਸੱਗੂ ਦੀ ਧਰਮ ਪਤਨੀ ਤੇ ਜਵਾਈ ਅਕਾਲ ਚਲਾਣਾ ਕਰ ਗਏ ਸਨ। ਐਮ.ਪੀ. ਮਾਨ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਸੱਗੂ ਨੂੰ ਭਰੋਸਾ ਦੁਆਇਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਚੱਟਾਨ ਵਾਂਗ ਖੜਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਪੈਣ 'ਤੇ ਉਨ੍ਹਾਂ ਦੇ ਦਰਵਾਜ਼ੇ ਸੱਗੂ ਪਰਵਾਰ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ।ਇਸ ਉਪਰੰਤ ਮਾਨ ਪਾਰਟੀ ਦੇ ਸੀਨੀਅਰ ਆਗੂ ਵਾਸਵੀਰ ਸਿੰਘ ਭੁੱਲਰ ਦੇ ਨਿਵਾਸ ਸਥਾਨ 'ਤੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੁੱਜੇ, ਜਿਨ੍ਹਾਂ ਦੇ ਸਤਿਕਾਰਯੋਗ ਭੈਣ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ।ਐਮ.ਪੀ. ਮਾਨ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਆਗੂ ਵਾਸਵੀਰ ਸਿੰਘ ਭੁੱਲਰ, ਧੂਰੀ ਦੇ ਜਥੇਬੰਦਕ ਸਕੱਤਰ ਹਰਬੰਸ ਸਿੰਘ ਸਲੇਮਪੁਰ, ਇਸਤਰੀ ਵਿੰਗ ਸੰਸਦੀ ਹਲਕਾ ਸੰਗਰੂਰ ਦੀ ਇੰਚਾਰਜ ਮਨਪ੍ਰੀਤ ਕੌਰ ਮੰਨਤ, ਬੀਬੀ ਅਮਰਜੀਤ ਕੌਰ ਧਾਂਦਰਾ, ਮਾਸਟਰ ਕਰਨੈਲ ਸਿੰਘ ਨਾਰੀਕੇ, ਹਰਦੀਪ ਸਿੰਘ ਨਾਰੀਕੇ, ਜਸਵਿੰਦਰ ਸਿੰਘ ਲੱਕੀ, ਹਰਦੀਪ ਸਿੰਘ ਸੋਢੀ, ਸੁਰਿੰਦਰਪਾਲ ਸਿੰਘ ਨੀਟਾ, ਗੁਰਕੰਵਲ ਸਿੰਘ ਕੋਹਲੀ, ਗੁਰਮੀਤ ਸਿੰਘ, ਅਪਿੰਦਰ ਸਿੰਘ ਸੋਢੀ ਤੇ ਮਿੰਟੂ ਨਾਗਪਾਲ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸ਼ਰਧਾਲੂਆਂ ਦਾ ਪੰਜਵਾਂ ਜਥਾ ਦਰਸ਼ਨਾਂ ਲਈ ਰਵਾਨਾ



**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਦੀ ਸੁਵਿਧਾ ਲਈ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਤੋਂ ਪੰਜਵੇਂ ਗੇੜ ਤਹਿਤ 43 ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਸਮੇਤ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬੱਸ ਰਾਹੀਂ ਰਵਾਨਾ ਹੋਏ।ਜਥੇ ਵਿਚ ਸ਼ਾਮਲ ਸ਼ਰਧਾਲੂਆਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਰਕਾਰ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਚਾਰ ਵਾਰ ਹਲਕਾ ਸੁਨਾਮ ਦੇ ਸ਼ਰਧਾਲੂ ਇਸ ਸਕੀਮ ਤਹਿਤ ਦੇਸ਼ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ, ਜਿਸ ਤਹਿਤ ਸੁਨਾਮ ਹਲਕੇ ਤੋਂ ਪਹਿਲਾ ਜਥਾ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ, ਦੂਜਾ ਜਥਾ ਸ੍ਰੀ ਸਾਲਾਸਰ ਧਾਮ ਤੇ ਸ਼੍ਰੀ ਖਾਟੂ ਸ਼ਿਆਮ, ਤੀਜਾ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਤੇ ਚੌਥਾ ਜਥਾ ਮਾਤਾ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ ਸੀ।

ਗੁਰਦੁਆਰਾ ਸਾਹਿਬ ਮੰਡੇਰ ਕਲਾਂ ਤੋਂ ਜਥੇ ਨੂੰ ਐਸ.ਡੀ.ਐਮ ਸੁਨਾਮ ਪ੍ਰਮੋਦ ਸਿੰਗਲਾ ਦੀ ਤਰਫੋਂ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਬੱਸ ਨੂੰ ਰਵਾਨਾ ਕੀਤੇ ਜਾਣ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਸਮੂਹ ਸ਼ਰਧਾਲੂਆਂ ਨੂੰ ਸਫ਼ਰ ਦੌਰਾਨ ਸਹੂਲਤ ਲਈ ਸਵਾਗਤੀ ਕਿੱਟ ਵੀ ਦਿੱਤੀ ਗਈ।ਇਸ ਮੌਕੇ ਬਲਾਕ ਪ੍ਰਧਾਨ ਜਗਰਾਜ ਸਿੰਘ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੁੱਖ, ਕੁਲਦੀਪ ਸਿੰਘ ਬਲਾਕ ਪ੍ਰਧਾਨ ਸ਼ੇਰੋਂ, ਬਲਵਿੰਦਰ ਸਿੰਘ ਸਰਪੰਚ, ਮਨਜੀਤ ਸਿੰਘ ਢੱਡਰੀਆਂ, ਰਾਜਵੀਰ ਸਿੰਘ ਮੰਡੇਰ ਕਲਾਂ, ਸੰਜੀਵ ਕੁਮਾਰ ਸੰਜੂ, ਦਲਵੀਰ ਤੇ ਗੋਬਿੰਦ ਸਿੰਘ ਦੁੱਲਟ ਵੀ ਹਾਜ਼ਰ ਸਨ।



# ਮੁਸਲਮਾਨ ਸਮਾਜ ਸੁਧਾਰ ਕਮੇਟੀ ਦੀ ਅਹਿਮ ਇਕੱਤਰਤਾ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੀ ਮਸਜਿਦ ਵਿਖੇ ਮੁਸਲਮਾਨ ਸਮਾਜ ਸੁਧਾਰ ਕਮੇਟੀ ਹਲਕਾ ਭਗਤਾ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਹਲਕੇ ਦੇ ਸਮੂਹ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਲੋਕਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਬਾਗਅਲੀ ਹਮੀਰਗੜ੍ਹੀਆ ਤੇ ਡਾ. ਸੋਮ ਖਾਨ ਕੋਠਾਗੁਰੂ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਭਾਈਚਾਰੇ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਤੇ ਆਉਂਦੀਆਂ ਚੋਣਾਂ ਨੂੰ ਲੈ ਕੇ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਕਮੇਟੀ ਆਗੂ ਡਾ. ਸੋਮ ਖਾਨ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸੰਬੰਧਤ ਭਾਈਚਾਰੇ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਤੇ ਆਉਣ ਵਾਲੇ ਸਮੇਂ ਵਿੱਚ ਕਮੇਟੀ ਵੱਲੋਂ ਕੀਤੇ ਜਾ ਰਹੇ ਸਮਾਜਸੇਵੀ ਕੰਮਾਂ ਨੂੰ ਲੈ ਕੇ ਚਰਚਾ ਕੀਤੀ ਗਈ। ਇਸ ਮੌਕੇ ਪ੍ਰਧਾਨ ਬਾਗਅਲੀ, ਡਾ. ਸੋਮ ਖਾਨ ਸਮੇਤ ਹਲਕੇ ਦੇ ਸਮੂਹ ਭਾਈਚਾਰੇ ਦੇ ਲੋਕ ਸ਼ਾਮਲ ਸਨ।

# ਗੁਰਬਚਨ ਸਿੰਘ ਸ਼ੇਰਪੁਰੀ ਸੰਤ ਚਰਨ ਸਿੰਘ ਪੁਰਸਕਾਰ ਨਾਲ ਸਨਮਾਨਤ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਹਰ ਸਾਲ ਲੱਗਣ ਵਾਲੇ 40 ਮੁਕਤਿਆਂ ਦੀ ਯਾਦ ਵਿੱਚ ਮਾਘੀ ਦੇ ਮੇਲੇ ਦੇ ਪਵਿੱਤਰ ਦਿਹਾੜੇ ਉੱਤੇ ਧਾਰਮਿਕ ਸਥਾਨ ਬਾਬਾ ਦੌਲਤ ਰਾਮ ਮਹੰਤ ਮਸਤਾਨ ਸਿੰਘ ਜੀ ਦੀ ਕਮੇਟੀ ਵੱਲੋਂ ਹਰ ਸਾਲ ਪੰਜਾਬੀ ਭਾਸ਼ਾ ਤੇ ਪੰਜਾਬ ਨੂੰ ਆਪਣੀ ਲੇਖਣੀ ਰਾਹੀਂ ਸੌਗਾਤਾਂ ਦੇਣ ਵਾਲੇ ਲੇਖਕ ਕਵੀ ਅਤੇ ਕਵੀਸ਼ਰਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਚੋਣ ਪੰਜਾਬ ਦੇ ਪ੍ਰਸਿੱਧ ਨਾਵਲਕਾਰ ਕਹਾਣੀ ਰਚਿਏਤਾ ਧਰਮਕੋਟ ਦੇ ਜੰਮਪਲ ਮੇਜਰ ਸਿੰਘ ਚਾਹਲ ਵੱਲੋਂ ਕੀਤੀ ਜਾਂਦੀ ਹੈ ਤੇ ਇਨ੍ਹਾਂ ਨੂੰ ਮੇਲਾ ਪ੍ਰਬੰਧਕਾਂ ਵੱਲੋਂ ਸੰਤ ਚਰਨ ਸਿੰਘ ਪੁਰਸਕਾਰ ਨਾਲ ਨਿਵਾਜਿਆ ਜਾਂਦਾ ਹੈ।ਇਸੇ ਕੜੀ ਅਧੀਨ ਇਸ ਵਾਰ ਕਵੀਸ਼ਰੀ ਵਿੱਚ ਨਿਮਾਣਾ ਖੱਟਣ ਵਾਲੇ ਹਲਕੇ ਦੇ ਪਿੰਡ ਸ਼ੇਰਪੁਰ ਤਹਿਬਾ ਦੇ ਕਵੀਸ਼ਰ ਗੁਰਬਚਨ ਸਿੰਘ ਸ਼ੇਰਪੁਰੀ ਨੂੰ ਮਹੰਤ ਚਰਨ ਸਿੰਘ ਪੁਰਸਕਾਰ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਸਨਮਾਨਤ ਕਰਨ ਵੇਲੇ ਮਹੰਤ ਸ਼ਿਵਰਾਓ ਸਿੰਘ, ਮੇਜਰ ਸਿੰਘ ਚਾਹਲ, ਬੀਬੀ ਰਵਿੰਦਰ ਕੌਰ ਟਿੱਕਾ, ਰਿਪੁਦਮਨ ਸਿੰਘ, ਬੀਬਾ ਗੁਣਵੰਤ ਕੌਰ, ਸਰਬਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਬਾਪੂ ਪਿਆਰਾ ਸਿੰਘ ਵਰਗੇ ਇਨਕਲਾਬੀ ਲਹਿਰ ਦੇ ਯੋਧਿਆਂ ਨੂੰ ਯਾਦ ਰੱਖਿਆ ਜਾਵੇਗਾ : ਨਰਾਇਣ ਦੱਤ



**ਅਕਲੀਆ (ਪੱਤਰ ਪ੍ਰੇਰਕ)** ਭਰ ਜਵਾਨੀ ਪਹਿਰੇ ਤੋਂ ਜ਼ਿੰਦਗੀ ਦਾ ਲੋਕ ਪੱਖੀ ਸਫ਼ਰ ਸ਼ੁਰੂ ਕਰਕੇ ਅੰਤਲੇ ਦਮ ਤੱਕ ਇਨਕਲਾਬੀ ਲਹਿਰ ਸੰਗ ਵਫ਼ਾ ਪਾਲਣ ਵਾਲੇ ਬਾਪੂ ਪਿਆਰਾ ਸਿੰਘ ਅਕਲੀਆ ਦੇ ਸ਼ਰਧਾਂਜਲੀ ਸਮਾਗਮ ਵਿੱਚ ਇਨਕਲਾਬੀ ਜਮਹੂਰੀ ਲਹਿਰ ਦੀਆਂ ਅਹਿਮ ਸ਼ਖ਼ਸੀਅਤਾਂ ਸਮੇਤ ਸੈਂਕੜੇ ਲੋਕਾਂ ਸ਼ਮੂਲੀਅਤ ਕੀਤੀ। ਸ਼ਰਧਾਂਜਲੀ ਭੇਟ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਨੇ ਕਿਹਾ ਕਿ ਆਮ ਤੌਰ 'ਤੇ ਮਜ਼ਦੂਰ ਪਰਵਾਰਾਂ ਵਿੱਚ ਪੈਦਾ ਹੋਇਆ ਤੇ ਜੱਟਾਂ ਨਾਲ ਸੀਰੀ ਰਲਣ ਵਾਲਿਆਂ ਨੂੰ ਹੀ ਸੀਰੀ ਹੀ ਆਖਿਆ ਜਾਂਦਾ ਹੈ। ਪਰ ਆਮ ਸੋਚ ਦੇ ਉਲਟ ਜੱਟ ਤੇ ਸੀਰੀ ਦੀ ਸਾਂਝ ਸਿਰਫ਼ ਖੇਤਾਂ-ਬੰਨ੍ਹਿਆਂ 'ਤੇ ਕੰਮ ਕਰਨ ਤੱਕ ਮਹਿਦੂਦ ਨਹੀਂ ਹੁੰਦੀ ਸੀ। ਦੋਹਾਂ ਦੇ ਪਰਵਾਰਾਂ ਦਰਮਿਆਨ ਖੁਸ਼ੀ-ਗ਼ਮੀ ਦੀ ਸਾਂਝ ਵੀ ਹੁੰਦੀ ਸੀ। ਇਹ ਗੱਲ ਕੋਈ ਅਣਹੋਣੀ ਨਹੀਂ ਹੁੰਦੀ ਸੀ ਕਿ ਅਕਸਰ ਸੀਰੀ ਨੂੰ ਉਸ ਦੇ ਨਾਂਅ ਨਾਲੋਂ ਉਸ ਨੂੰ ਚਾਚਾ ਆਦਿ ਕਹਿ ਕੇ ਬੁਲਾਇਆ ਜਾਂਦਾ ਹੁੰਦਾ ਸੀ। ਅਜੋਕੇ ਬਦਲੇ ਯੁੱਗ ਵਿੱਚ ਖੇਤੀਬਾੜੀ ਖੇਤਰ ਅੰਦਰ ਸਾਮਰਾਜੀ-ਸਰਮਾਏਦਾਰਾਨਾ ਰਿਸ਼ਤੇ ਆ ਜਾਣ ਕਾਰਨ ਇਸ ਸਾਂਝ ਤੇ ਇਨ੍ਹਾਂ ਰਿਸਤਿਆਂ ਦੀ ਤੰਦ ਦੀ ਹੁਣ ਉਹ ਗੱਲ ਨਹੀਂ ਰਹੀ।

ਕਿਰਤੀ ਜਮਾਤ ਦੇ ਇੱਕ ਨੁਮਾਇੰਦੇ ਵਜੋਂ ਜਮਾਤੀ ਰਿਸ਼ਤਾ ਨਿਭਾਉਣ ਵਾਲਾ ਬਾਪੂ ਪਿਆਰਾ ਸਿੰਘ ਕੁੱਝ ਸਮਾਂ ਬਿਮਾਰ ਰਹਿਣ ਉਪਰੰਤ ਸਦੀਵੀ ਵਿਛੋੜਾ ਦੇ ਗਏ ਸਨ। ਸੀਪੀਆਈ ਐਮ ਐਲ ਲਿਬਰੇਸ਼ਨ ਦੇ ਸੂਬਾ ਆਗੂ ਸੁਖਦਰਸ਼ਨ ਨੱਤ ਨੇ ਕਿਹਾ ਕਿ ਇੱਕ ਦਲਿਤ ਟੱਬਰ ਵਿੱਚ ਪੈਦਾ ਹੋਏ ਬਾਪੂ ਪਿਆਰਾ ਸਿੰਘ ਭਰ ਜਵਾਨੀ ਦੇ ਦਿਨਾਂ 'ਚ ਲੋਕ-ਪੱਖੀ ਲਹਿਰ ਦੇ ਅੰਗ-ਸੰਗ ਰਹੇ ਅਤੇ 70ਵੇਂ ਦੇ ਦਹਾਕੇ ਵਿੱਚ ਗੁਪਤ ਵਾਸ ਜ਼ਿੰਦਗੀ ਹੰਢਾਉਣ ਵਾਲੇ ਬਹੁਤ ਸਾਰੇ ਨਕਸਲੀ ਨੌਜਵਾਨਾਂ ਦੇ ਨੇੜਲੇ ਸਬੰਧਾਂ 'ਚ ਰਹੇ ਸਨ।

ਸ਼ਹੀਦ ਭੋਲਾ ਸਿੰਘ ਗੁਰੂਸਰ, ਲਛਮਣ ਸਿੰਘ ਰਾਏਪੁਰ, ਜੈਲਾ ਸਿੰਘ ਬੁਰਜ ਹਰੀ, ਸਿਮਰਜੀਤ ਸਿੰਘ ਖੀਵਾ, ਗੁਰਦਿਆਲ ਸਿੰਘ ਸੀਤਲ ਆਦਿ ਦੀ ਬਾਪੂ ਪਿਆਰਾ ਸਿੰਘ ਨਾਲ ਵਿਚਾਰਾਂ ਦੀ ਗੂੜ੍ਹੀ ਸਾਂਝ ਸੀ। ਪਿਆਰਾ ਸਿੰਘ ਉਨ੍ਹਾਂ ਦੀ ਹਰ ਤਰ੍ਹਾਂ ਦੀ ਸੇਵਾ ਸੰਭਾਲ ਕਰਦੇ ਰਹੇ। ਨੌਜਵਾਨ ਭਾਰਤ ਸਭਾ ਵਿੱਚ ਵੀ ਬਾਪੂ ਨੇ ਕੰਮ ਕੀਤਾ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਆਗੂ ਨਰਭਿੰਦਰ ਨੇ ਕਿਹਾ ਕਿ ਹਕੂਮਤ ਨੇ ਜਦੋਂ ਵੀ ਲੋਕਾਂ 'ਤੇ ਜਬਰ ਢਾਹਿਆ ਤਾਂ ਬਾਪੂ ਪਿਆਰਾ ਸਿੰਘ ਹਿੱਕ ਡਾਹ ਕੇ ਖੜਿਆ। ਡਰ-ਭੈਅ ਨੂੰ ਕਦੇ ਨੇੜੇ ਨਹੀਂ ਸੀ ਫਟਕਣ ਦਿੱਤਾ। ਲੋਕਾਂ ਨੂੰ ਨਾਲ ਲੈ ਕੇ ਹਕੂਮਤ ਦੇ ਜਬਰ ਦਾ ਪੂਰੀ ਦ੍ਰਿੜਤਾ ਨਾਲ ਟਾਕਰਾ ਕੀਤਾ। ਸਾਮਰਾਜੀ ਕਾਰਪੋਰੇਟ ਘਰਾਣਿਆਂ ਨੇ ਜਦੋਂ ਖੇਤੀਬਾੜੀ ਨੂੰ ਹੜੱਪਣ ਦੀਆਂ ਗੋਂਦਾਂ ਗੁੰਦੀਆਂ ਤਾਂ ਖੇਤ ਮਜ਼ਦੂਰ ਹੋਣ ਦੇ ਬਾਵਜੂਦ ਬਾਪੂ ਪਿਆਰਾ ਸਿੰਘ ਨੇ ਜ਼ਮੀਨਾਂ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਮੋਰਚਾ ਲੱਗਾ ਤਾਂ ਮਹੀਨਿਆਂਬੱਧੀ ਨਾਭਾ ਜੇਲ੍ਹ ਵੀ ਕੱਟੀ।

ਬਾਪੂ ਪਿਆਰਾ ਸਿੰਘ ਦਾ ਵੱਡਾ ਪੁੱਤਰ ਭਾਗ ਸਿੰਘ ਅੱਜ ਵੀ ਖੇਤੀ ਕਿੱਤੇ ਸੰਗ ਵਫ਼ਾ ਪਾਲ ਰਿਹਾ ਹੈ। ਬਾਪੂ ਪਿਆਰਾ ਸਿੰਘ ਦੀ ਲੋਕ ਪੱਖੀ ਵਿਰਾਸਤ ਵਜੋਂ ਅਜਮੇਰ ਸਿੰਘ ਉਨ੍ਹਾਂ ਦਾ ਇੱਕ ਪੁੱਤਰ ਲੋਕ ਪੱਖੀ ਗੀਤਕਾਰ ਵਜੋਂ ਆਪਣੇ ਫ਼ਰਜ਼ ਨਿਭਾ ਰਿਹਾ ਹੈ। ਗ੍ਰੰਥੀ ਵਜੋਂ ਸੇਵਾ ਨਿਭਾਅ ਰਹੇ ਮੇਹਰ ਸਿੰਘ ਦੀ ਕਲਮ ਤੋਂ ਲੋਕ ਪੱਖੀ ਰਚਨਾਵਾਂ ਸਮਾਜ ਨੂੰ ਸੇਧ ਦੇ ਰਹੀਆਂ ਹਨ। ਬਾਪੂ ਪਿਆਰਾ ਸਿੰਘ ਦੀ ਅਜਿਹੀ ਸਮਾਜਿਕ ਪੂੰਜੀ ਆਉਣ ਵਾਲੇ ਸਮੇਂ ਵਿੱਚ ਨਵਾਂ ਲੋਕ ਪੱਖੀ ਸਮਾਜ ਸਿਰਜਣ ਲਈ ਚੱਲ ਰਹੀ ਜੱਦੋਜਹਿਦ ਦਾ ਹਿੱਸਾ ਬਣੀ ਰਹੇਗੀ। ਪਰਵਾਰ ਵੱਲੋਂ ਧੰਨਵਾਦੀ ਸ਼ਬਦ ਮਿੱਠੂ ਸਿੰਘ ਕਾਹਨੇਕੇ ਨੇ ਆਖੇ। ਸਟੇਜ ਸਕੱਤਰ ਦੇ ਫਰਜ ਲਾਭ ਸਿੰਘ ਅਕਲੀਆ ਨੇ ਨਿਭਾਏ।

# ਛੀਨੀਵਾਲ ਕਲਾਂ 'ਚ ਪਿੰਡ ਵਾਸੀਆਂ ਨੇ ਧਾਰਮਿਕ ਸਮਾਗਮ ਕਰਾਇਆ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਪਿੰਡ ਛੀਨੀਵਾਲ ਕਲਾਂ ਵਿਖੇ ਪਿਛਲੇ ਸਮੇਂ 'ਚ ਮੁਸਤਰਕਾ ਮਾਲਿਕ ਕਮੇਟੀ ਮੈਂਬਰਾਂ ਨੂੰ ਤਕਰੀਬਨ ਸਵਾ 2 ਲੱਖ ਰੁਪਏ ਮਾਈਨਿੰਗ ਦੇ ਕੀਤੇ ਜੁਰਮਾਨੇ ਨੂੰ ਰੱਦ ਕਰਾਉਣ ਲਈ ਬਰਨਾਲਾ ਵਿਖੇ ਲਗਾਤਾਰ ਭਾਕਿਯੂ ਕਾਦੀਆਂ ਅਤੇ ਭਾਕਿਯੂ ਰਾਜੇਵਾਲ ਵੱਲੋ ਰੋਸ ਧਰਨਾ ਦਿੱਤਾ ਗਿਆ।ਹੁਣ ਜੁਰਮਾਨਾ ਰੱਦ ਹੋਣ ਦੇ ਆਏ ਨੋਟਿਸਾਂ ਬਾਅਦ ਖੁਸ਼ੀ ਵਜੋਂ ਸਮੂਹ ਮੁਸਤਰਕਾਂ ਮਾਲਕਣ ਕਮੇਟੀਆਂ, ਗ. ਪ੍ਰਬੰਧਕ ਕਮੇਟੀਆਂ, ਸਮੂਹ ਨੌਜਵਾਨ ਕਲੱਬ, ਨੌਜਵਾਨ ਸੇਵਾ ਸੁਸਾਇਟੀ, ਸਮੂਹ ਕਿਸਾਨ ਜਥੇਬੰਦੀਆਂ ਤੇ ਪਿੰਡ ਵਾਸੀਆਂ ਨੇ ਗੁਰਦੁਆਰਾ ਜੰਡਸਰ ਸਾਹਿਬ ਛੀਨੀਵਾਲ ਕਲਾਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।ਇਸ ਮੌਕੇ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਤੇ ਇਸ ਘੋਲ ਨੂੰ ਜਿੱਤਣ ਲਈ ਯੋਗ ਅਗਵਾਈ ਦੇਣ ਬਦਲੇ ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਗਿਆਨੀ, ਬਾਪੂ ਮੇਜਰ ਸਿੰਘ ਛੀਨੀਵਾਲ ਆਦਿ ਨੂੰ ਵਿਸ਼ੇਸ਼ ਸਨਮਾਨਤ ਕੀਤਾ ਗਿਆ।

ਇਸ ਮੌਕੇ ਨਿਰਮਲ ਸਿੰਘ ਨਿੰਮਾ, ਨਿਰਭੈ ਸਿੰਘ ਢੀਂਡਸਾ, ਕੌਰ ਸਿੰਘ ਮੱਘੀਕੇ, ਮੇਜਰ ਸਿੰਘ, ਬਲੌਰ ਸਿੰਘ, ਗੁਰਤੇਜ ਸਿੰਘ ਨੰਬਰਦਾਰ, ਅਵਤਾਰ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਨੰਬਰਦਾਰ, ਸਾਧੂ ਸਿੰਘ, ਜਗਸੀਰ ਸਿੰਘ ਭੋਲ਼ਾ, ਨਿਰਭੈ ਸਿੰਘ ਭੋਮੀਏ ਕੇ, ਬਲਵਿੰਦਰ ਸਿੰਘ ਫੌਜੀ, ਜਸਵਿੰਦਰ ਸਿੰਘ, ਸੁਖਦੇਵ ਸਿੰਘ ਸੁੱਖੂ, ਨੱਥੂ ਸਿੰਘ, ਜਰਨੈਲ ਸਿੰਘ ਸੋਣੇ ਕੇ, ਦਲਵਾਰ ਸਿੰਘ ਮਾਨ, ਨਾਜ਼ਰ ਸਿੰਘ ਪਹਿਲੂ ਕੇ, ਕੁਲਵਿੰਦਰ ਸਿੰਘ, ਰਾਜੂ ਸਿੰਘ, ਬਲਵੰਤ ਸਿੰਘ, ਕਲੱਬ ਪ੍ਰਧਾਨ ਸੁਖਵਿੰਦਰ ਸਿੰਘ, ਲਾਲ ਸਿੰਘ, ਪਾਲ ਸਿੰਘ, ਗੁਰਮੀਤ ਸਿੰਘ ਬਧੋਹਲ, ਮਾਸਟਰ ਬਲਦੇਵ ਸਿੰਘ, ਭੋਲ਼ਾ ਸਿੰਘ, ਸੁਰਿੰਦਰ ਸਿੰਘ ਛਿੰਦਾ, ਜਗਦੇਵ ਸਿੰਘ ਜੱਗਾ, ਸੂਬੇਦਾਰ ਹਰਮੰਦਰ ਸਿੰਘ, ਹਰਦੇਵ ਸਿੰਘ ਖ਼ਾਲਸਾ, ਬਲਵੀਰ ਸਿੰਘ, ਸਾਧੂ ਸਿੰਘ ਦੁੱਲੇਕੇ ਤੇ ਨਿਰਮਲ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਮਹਿਲਾ ਕਾਲਜ ਵਿਖੇ ਕੈਰੀਅਰ ਕਾਉਂਸਲਿੰਗ ਲੈਕਚਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਰਕਾਰੀ ਮਹਿਲਾ ਕਾਲਜ ਸਿਰਸਾ ਵਿਖੇ ਪ੍ਰਿੰਸੀਪਲ ਰਾਮ ਕੁਮਾਰ ਜਾਂਗੜਾ ਦੀ ਪ੍ਰਧਾਨਗੀ ਹੇਠ ਅਤੇ ਮਨੋਵਿਗਿਆਨ ਵਿਭਾਗ ਦੇ ਮੁਖੀ ਤੇ ਪਲੇਸਮੈਂਟ ਸੈੱਲ ਇੰਚਾਰਜ ਡਾ: ਦਲਜੀਤ ਸਿੰਘ ਦੇ ਸਹਿਯੋਗ ਨਾਲ ਕੈਰੀਅਰ ਕਾਉਂਸਲਿੰਗ ਸਬੰਧੀ ਐਕਸਟੈਨਸ਼ਨ ਲੈਕਚਰ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਲੋਕ ਸੰਪਰਕ ਅਫ਼ਸਰ ਡਾ: ਹਰਵਿੰਦਰ ਸਿੰਘ ਨੇ ਦੱਸਿਆ ਕਿ ਡਾ: ਦਲਜੀਤ ਸਿੰਘ ਨੇ ਐਕਸਟੈਨਸ਼ਨ ਲੈਕਚਰਾਰ ਦਾ ਸਵਾਗਤ ਤੇ ਜਾਣ-ਪਛਾਣ ਕਰਵਾਉਣ ਉਪਰੰਤ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਦੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਗੁਰਸਾਹਿਬ ਸਿੰਘ ਨੇ ਵਿਦਿਆਰਥਣਾਂ ਨੂੰ ਆਰਟਸ, ਕਾਮਰਸ, ਕੰਪਿਊਟਰ ਸਾਇੰਸ ਅਤੇ ਸਾਇੰਸ ਆਦਿ ਫੈਕਲਟੀ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਵੱਖ-ਵੱਖ ਕੋਰਸਾਂ, ਡਿਪਲੋਮਾ ਤੇ ਪੋਸਟ-ਗ੍ਰੈਜੂਏਸ਼ਨ ਦੀ ਪੜ੍ਹਾਈ ਨਾਲ ਸਬੰਧਤ ਵਿਸ਼ਿਆਂ ਦੇ ਪ੍ਰੈਕਟੀਕਲ ਤੇ ਸਿਧਾਂਤਕ ਪਹਿਲੂਆਂ ਤੋਂ ਜਾਣੂ ਕਰਵਾਇਆ ਅਤੇ ਇਸ ਦੀ ਉਪਯੋਗਤਾ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾ ਕਿਹਾ ਕਿ ਆਪਣੇ ਕਰੀਅਰ ਦੀ ਚੋਣ ਕਰਨ ਅਤੇ ਇਸ ਵਿੱਚ ਨਿਪੁੰਨ ਬਣਨ ਲਈ ਰੁਚੀਆਂ ਤੇ ਸ਼ੌਂਕਾਂ ਦਾ ਤਾਲਮੇਲ ਜ਼ਰੂਰੀ ਹੈ।ਉਨ੍ਹਾ ਕੈਰੀਅਰ ਦੀ ਚੋਣ ਸਮੇਂ ਦਰਪੇਸ਼ ਸਮੱਸਿਆਵਾਂ ਤੇ ਉਨ੍ਹਾਂ ਨੂੰ ਹੱਲ ਕਰਨ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ।ਉਨ੍ਹਾ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਵਿੱਚ ਚੱਲ ਰਹੇ ਵੱਖ-ਵੱਖ ਕੋਰਸਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ: ਹਰਵਿੰਦਰ ਸਿੰਘ ਤੇ ਮਨੋਵਿਗਿਆਨ ਵਿਭਾਗ ਦੇ ਮੁਖੀ ਡਾ: ਦਲਜੀਤ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਕਰੀਅਰ ਦੀ ਚੋਣ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਸਤਨਾਮ ਸਿੰਘ ਭੰਗੂ, ਸੁਮਿਤ ਸ਼ਰਮਾ ਨੇ ਪ੍ਰੋਗਰਾਮ ਵਿੱਚ ਹਾਜ਼ਰ ਰਹੇ।

# ਗਊ ਸੇਵਕ ਬਾਊ ਸੱਤਪਾਲ ਬਾਂਸਲ ਲਧਾਈ ਕੇ ਵਾਲਿਆਂ ਦਾ ਦਿਹਾਂਤ



**ਬਾਘਾ ਪੁਰਾਣਾ (ਮਨੀ ਸਿੰਗਲਾ)** ਚੰਨੂੰਵਾਲਾ ਸੜਕ ਉੱਪਰ ਸਥਿਤ ਬਾਂਸਲ ਕਰਿਆਨਾ ਸਟੋਰ ਤੇ ਹੋਰ ਵੱਖ-ਵੱਖ ਕਾਰੋਬਾਰ ਕਰਨ ਵਾਲੇ ਦਵਿੰਦਰ ਬਾਂਸਲ ਅਤੇ ਲਵਲੀ ਬਾਂਸਲ ਲਧਾਈ ਕੇ ਵਾਲਿਆਂ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੇ ਪਿਤਾ ਗਊ ਸੇਵਕ ਬਾਊ ਸੱਤਪਾਲ ਬਾਂਸਲ ਲਧਾਈ ਕੇ ਵਾਲੇ (ਸੀਨੀਅਰ ਮੈਂਬਰ ਖੁੱਲ੍ਹੀ ਗਊਸ਼ਾਲਾ ਚੰਨੂੰਵਾਲਾ ਰੋਡ) ਕੁਝ ਸਮਾਂ ਬੀਮਾਰ ਰਹਿਣ ਉਪਰੰਤ ਅਚਾਨਕ ਹੱਸਦੇ-ਵੱਸਦੇ ਪਰਿਵਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਕੇ ਸਦੀਵੀਂ ਵਿਛੋੜਾ ਦੇ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।ਬਾਊ ਸੱਤਪਾਲ ਬਾਂਸਲ ਦੇ ਅਕਾਲ ਚਲਾਣੇ ਦਾ ਪਤਾ ਲੱਗਦਿਆਂ ਹੀ ਸ਼ਹਿਰ ਦੀਆਂ ਰਾਜਸੀ, ਗੈਰ-ਰਾਜਸੀ, ਧਾਰਮਿਕ, ਸਮਾਜਿਕ ਤੇ ਸਮਾਜ ਸੇਵੀ ਸੰਸਥਾਵਾਂ ਦੀਆਂ ਉੱਚ ਸ਼ਖ਼ਸੀਅਤਾਂ ਉਨ੍ਹਾਂ ਦੇ ਚੰਨੂੰਵਾਲਾ ਬਾਈਪਾਸ ਰੋਡ ਉੱਪਰਲੇ ਗ੍ਰਹਿ ਵਿਖੇ ਵੱਡੇ ਪੱਧਰ 'ਤੇ ਪੁੱਜਣ ਲੱਗੀਆਂ।ਬਾਊ ਸੱਤਪਾਲ ਬਾਂਸਲ ਦਾ ਅੰਤਮ ਸਸਕਾਰ ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਉੱਪਰਲੇ ਸ਼ਮਸ਼ਾਨਘਾਟ (ਰਾਮ ਬਾਗ਼) ਵਿਖੇ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਭੇਟ ਕਰਨ ਦੀ ਰਸਮ ਉਨ੍ਹਾਂ ਦੇ ਸਪੁੱਤਰ ਦਵਿੰਦਰ ਬਾਂਸਲ, ਲਵਲੀ ਬਾਂਸਲ ਤੇ ਵਨੀਤ ਬਾਂਸਲ ਪੋਤਰੇ ਤੋਂ ਇਲਾਵਾ ਹੋਰਨਾਂ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਅਦਾ ਕੀਤੀ। ਇਸ ਮੌਕੇ ਪਰਵਾਰ ਨਾਲ ਰਮਨ ਕੁਮਾਰ ਰਿੰਪੀ ਮਿੱਤਲ, ਹਰਮਨਜੀਤ ਦੀਦਾਰੇਵਾਲਾ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਯੋਜਨਾ ਬੋਰਡ ਮੋਗਾ, ਜਥੇਦਾਰ ਤੀਰਥ ਸਿੰਘ ਮਾਹਲਾ ਕੌਮੀ ਜਨਰਲ ਸਕੱਤਰ ਤੇ ਹਲਕਾ ਇੰਚਾਰਜ ਬਾਘਾ ਪੁਰਾਣਾ, ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਦਵਿੰਦਰ ਕੁਮਾਰ ਚੀਕਾ, ਚੇਅਰਮੈਨ ਅਮਰਜੀਤ ਸਿੰਘ ਮਾਣੂਕੇ, ਜਗਮੋਹਨ ਸਿੰਘ ਜੈ ਸਿੰਘ ਵਾਲਾ, ਵਿੱਕੀ ਫੂਲੇਵਾਲੀਆ, ਲਖਵੀਰ ਬਰਾੜ, ਕੌਂਸਲਰ ਸ਼ਸ਼ੀ ਗਰਗ, ਪਵਨ ਗੁਪਤਾ, ਰਾਮ ਗੁਪਤਾ, ਸੂਬੇਦਾਰ ਗੁਰਬਚਨ ਸਿੰਘ ਬਰਾੜ, ਚੇਅਰਮੈਨ ਜਗਸੀਰ ਸਿੰਘ ਗਿੱਲ ਸਰਪੰਚ ਕਾਲੇਕੇ ਸੀਨੀਅਰ ਕਾਂਗਰਸੀ, ਰਾਜਵਿੰਦਰ ਜੈ ਸਿੰਘ ਵਾਲਾ, ਪ੍ਰਧਾਨ ਅਮਰਜੀਤ ਸਿੰਘ ਰਾਜੇਆਣਾ, ਸੁਖਦਰਸ਼ਨ ਸਿੰਗਲਾ ਭੱਠੇ ਵਾਲੇ, ਕ੍ਰਿਸ਼ਨ ਕਾਂਸਲ ਰਿਟਾ: ਐੱਸ.ਡੀ.ਓ, ਮੋਹਨ ਲਾਲ ਗੋਇਲ, ਧਰਮਪਾਲ ਕਾਂਸਲ, ਦੀਪ ਜੈ ਸਿੰਘ ਵਾਲਾ, ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਰਮਨ ਅਰੋੜਾ, ਦਵਿੰਦਰ ਬੱਲੂ, ਜਗਸੀਰ ਚੰਦ ਗਰਗ, ਭੂਸ਼ਨ ਗੋਇਲ ਰਿਟਾ: ਕਾਨੂੰਗੋ, ਯੋਗੇਸ਼ ਗੋਇਲ, ਮਨੋਜ ਗੋਇਲ ਆਦਿ ਨੇ ਦੁੱਖ ਵੰਡਾਇਆ।

# ਗੁਰਦੁਆਰਾ ਬਾਬੇ ਸ਼ਹੀਦਾਂ 'ਚ ਮਾਘੀ ਦੇ ਦਿਹਾੜੇ 'ਤੇ ਲੱਗੀਆਂ ਰੌਣਕਾਂ

## ਪਰਮੇਸ਼ਰ ਆਪਣੇ ਪਿਆਰਿਆਂ ਦੀ ਟੁੱਟੀ ਗੰਢਣ ਤੇ ਗੁਨਾਹ ਬਖਸ਼ਣਹਾਰ ਹੈ : ਬਾਬਾ ਗੁਰਦੀਪ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)** ਮਾਲਵੇ ਦੇ ਪ੍ਰਸਿੱਧ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਗ਼ਲ ਸਾਮਰਾਜ ਖਿਲਾਫ ਆਖਰੀ ਤੇ ਨਿਰਣਾਇਕ ਯੁੱਧ ਕਰਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ ਚਾਲੀ ਸਿੰਘਾਂ ਦੀ ਯਾਦ ਵਿੱਚ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਇਹ ਸਮਾਗਮ ਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਦੇ ਉੱਦਮ ਸਦਕਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਗੀ ਭਾਈ ਇਕਬਾਲ ਸਿੰਘ ਲੰਗੇਆਣਾ ਤੇ ਕਵੀਸ਼ਰ ਭਾਈ ਗੁਰਬਚਨ ਸਿੰਘ ਸ਼ੇਰਪੁਰੀ ਆਦਿ ਜਥਿਆਂ ਵੱਲੋਂ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਸਜੇ ਧਾਰਮਿਕ ਦੀਵਾਨਾਂ ਵਿੱਚ ਪ੍ਰਵਚਨ ਕਰਦਿਆਂ ਬਾਬਾ ਗੁਰਦੀਪ ਸਿੰਘ ਜੀ ਨੇ ਆਖਿਆ ਕਿ ਚਾਲੀ ਮੁਕਤਿਆਂ, ਜਿਨ੍ਹਾਂ ਨੇ ਧਰਮ ਲਈ ਕੁਰਬਾਨੀ ਦਿੱਤੀ ਤੇ ਹਰ ਰੋਜ਼ ਸਿੱਖ ਅਰਦਾਸ ਵਿੱਚ ਉਨ੍ਹਾਂ ਨੂੰ ਯਾਦ ਕਰਦੇ ਹਨ, ਦੀ ਪਾਵਨ ਧਰਤੀ 'ਤੇ ਹੀ ਇਤਿਹਾਸਕ ਸ਼ਹਿਰ ਮੁਕਤਸਰ ਵਸਿਆ ਹੋਇਆ ਹੈ। ਉਨ੍ਹਾ ਆਖਿਆ ਕਿ ਪ੍ਰੇਮ ਨਾਲ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਪ੍ਰਮਾਤਮਾ ਸਭ ਜੀਵਾਂ ਨੂੰ ਬਖਸ਼ਣਹਾਰ ਹੈ ਤੇ ਟੁੱਟੀ ਗੰਢਣ ਵਾਲਾ ਹੈ। ਅੱਜ ਇਸ ਮਾਤ ਲੋਕ 'ਤੇ ਜੀਵ ਨੂੰ ਉਸ ਦੇ ਦਰ ਅੱਗੇ ਨਤਮਸਤਕ ਹੋਣ ਦੀ ਲੋੜ ਹੈ। ਪ੍ਰਮਾਤਮਾ ਉਸ ਦੇ ਸਾਰੇ ਗੁਨਾਹ ਬਖ਼ਸ਼ ਦਿੰਦਾ ਹੈ। ਉਨ੍ਹਾ ਆਖਿਆ ਕਿ ਗੁਰੂ ਦੀ ਬਾਣੀ ਜੀਵ ਦੇ ਸਾਰੇ ਬੰਧਨ ਕੱਟ ਦਿੰਦੀ ਹੈ। ਸਮਾਗਮ ਦੌਰਾਨ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ। ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਚੇਅਰਮੈਨ, ਨੰਦ ਸਿੰਘ ਬਰਾੜ, ਸਰਪੰਚ ਮੇਜਰ ਸਿੰਘ ਗਿੱਲ, ਨਿਰਮਲ ਸਿੰਘ ਡੇਰੀ ਵਾਲਾ ਚੰਦ ਪੁਰਾਣਾ, ਚਮਕੌਰ ਸਿੰਘ ਚੰਦ ਪੁਰਾਣਾ, ਬਿੱਲੂ ਸਿੰਘ ਧਰਮ ਸਿੰਘ, ਭਜਨ ਸਿੰਘ, ਰਜਿੰਦਰ ਸਿੰਘ ਕਾਲੇਕੇ, ਜੀਤਾ ਸਿੰਘ ਨੰਬਰਦਾਰ ਜਨੇਰ, ਜਸਕਰਨ ਸਿੰਘ, ਬਿੰਦਰ ਸਿੰਘ ਬੀੜ ਵਾਲੇ, ਕਾਕਾ ਸਿੰਘ ਕੈਨੇਡਾ ਸਮੇਤ ਸੰਗਤਾਂ ਵੱਡੀ ਗਿਣਤੀ 'ਚ ਹਾਜ਼ਰ ਹੋਈਆਂ। ਸਮਾਗਮ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ।

# ਘੱਟ ਸਮੇਂ 'ਚ ਲਵਾਇਆ ਕੈਨੇਡਾ ਦਾ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ) ਇੰਗਲਿਸ਼ ਸਟੂਡੀਓ, ਜੋ ਵਿਦਿਆਰਥੀਆਂ ਨੂੰ ਆਈਲੈਟਸ ਦੀ ਪ੍ਰੀਖਿਆ ਸਬੰਧੀ ਸ਼ਾਨਦਾਰ ਕੋਚਿੰਗ ਦੇ ਰਹੀ ਹੈ ਤੇ ਚੰਗੇ ਬੈਂਡ ਦਿਵਾ ਕੇ ਇਮੀਗ੍ਰੇਸ਼ਨ ਦੇ ਖੇਤਰ ਵਿੱਚ ਵੀ ਉੱਚ ਸੇਵਾਵਾ ਪ੍ਰਦਾਨ ਕਰਾ ਰਹੀ ਹੈ, ਜਿਸ ਕਰਕੇ ਵਿਦਿਆਰਥੀ ਤੇ ਵਿਦੇਸ਼ ਘੁੰਮਣ ਜਾਣ ਦੇ ਚਾਹਵਾਨ ਆਏ ਦਿਨ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ।ਇਸੇ ਕੜੀ ਤਹਿਤ ਇਸ ਵਾਰ ਸੰਸਥਾ ਨੇ ਕੋਮਲਪ੍ਰੀਤ ਕੌਰ ਪੁੱਤਰੀ ਗੁਰਚਰਨ ਸਿੰਘ ਵਾਸੀ ਗੁਲਾਬ ਸਿੰਘ ਵਾਲਾ (ਮੋਗਾ) ਦਾ ਕੈਨੇਡਾ ਦੇ ਸਰੀ ਸ਼ਹਿਰ ਵਿਚਲੇ ਵੈਸਟਰਨ ਕਮਿਊਨਿਟੀ ਕਾਲਜ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਾ ਕੇ ਦਿੱਤਾ ਹੈ।ਇਸ ਮੌਕੇ ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਦੱਸਿਆ ਕਿ ਇੰਗਲਿਸ਼ ਸਟੂਡੀਓ ਸੰਸਥਾ ਕੈਨੇਡਾ ਦੇ ਸਟੱਡੀ ਵੀਜ਼ੇ ਲਈ ਮੋਹਰੀ ਸੰਸਥਾ ਹੈ।ਇਸ ਮੌਕੇ ਉਨ੍ਹਾਂ ਨੇ ਵਿਦਿਆਰਥਣ ਨੂੰ ਕੈਨੇਡਾ ਸਟੱਡੀ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉਜਵਲ ਭਵਿੱਖ ਲਈ ਕਾਮਨਾ ਕੀਤੀ।

# ਪਿੰਡ ਗੁੰਮਟੀ 'ਚ ਥਾਣੇਦਾਰ ਨੂੰ ਸਾਥੀਆਂ ਸਮੇਤ ਘਰ ਅੰਦਰ ਤਾੜਿਆ

*ਇਕ ਔਰਤ ਸਮੇਤ ਚਾਰ 'ਤੇ ਪਰਚਾ ਦਰਜ*

**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਪੁਲਸ ਥਾਣਾ ਠੁੱਲੀਵਾਲ (ਬਰਨਾਲਾ) ਵਿਖੇ ਥਾਣੇਦਾਰ ਦੇ ਬਿਆਨਾਂ ਦੇ ਆਧਾਰ 'ਤੇ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ਾਂ ਤਹਿਤ ਪਿੰਡ ਗੁੰਮਟੀ ਦੀ ਇਕ ਔਰਤ ਸਮੇਤ ਚਾਰ ਜਣਿਆ ਖਿਲਾਫ਼ ਪਰਚਾ ਦਰਜ ਕੀਤੇ ਜਾਣ ਦਾ ਪਤਾ ਲੱਗਾ ਹੈ।ਥਾਣਾ ਮੁੱਖ ਅਫ਼ਸਰ ਬਲਦੇਵ ਸਿੰਘ ਮਾਨ ਨੇ ਦੱਸਿਆ ਕਿ ਪਿੰਡ ਗੁੰਮਟੀ ਵਾਸੀ ਗੁਰਦੀਪ ਸਿੰਘ ਫੌਜੀ ਵੱਲੋਂ ਦਿੱਤੀ ਸ਼ਿਕਾਇਤ ਕਿ ਗੁਆਂਢੀਆਂ ਵਲੋਂ ਉਸ ਦੇ ਮਾਤਾ, ਪਿਤਾ, ਪਤਨੀ ਨੂੰ ਗਾਲੀ-ਗਲੋਚ ਕੀਤੀ ਜਾ ਰਹੀ ਹੈ। ਥਾਣੇਦਾਰ ਮਨਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਪਹੁੰਚ ਕੇ ਝਗੜਾ ਨਾ ਕਰਨ ਅਤੇ ਮਾਮਲਾ ਬਹਿ ਕੇ ਸੁਲਝਾਉਣ ਲਈ ਕਿਹਾ ਤਾਂ ਅੱਗੋਂ ਤੈਸ਼ 'ਚ ਆ ਕੇ ਮਨਪ੍ਰੀਤ ਸਿੰਘ ਫੌਜੀ ਲਕੜ ਦੀ ਖਲਪਾੜ ਚੁੱਕ ਕੇ ਮਾਰਨ ਲਈ ਉਨ੍ਹਾਂ ਵੱਲ ਵਧਿਆ, ਜਿਸ ਨੂੰ ਇਕ ਪੁਲਸ ਕਰਮੀ ਅੱਗੋਂ ਭੱਜ ਕੇ ਰੋਕਿਆ।ਇਸ ਸਮੇਂ ਹੀ ਇਕ ਵਿਅਕਤੀ ਨੇ ਬਾਰੀ ਰਾਹੀਂ ਬਾਹਰ ਆ ਕੇ ਮਕਾਨ ਦਾ ਮੁੱਖ ਗੇਟ ਬਾਹਰੋ ਬੰਦ ਕਰਕੇ ਥਾਣੇਦਾਰ ਸਮੇਤ ਪੁਲਿਸ ਪਾਰਟੀ ਨੂੰ ਘਰ ਅੰਦਰ ਹੀ ਬੰਦੀ ਬਣਾ ਲਿਆ। ਪਤਾ ਲੱਗਦਿਆ ਹੀ ਪੁਲਿਸ ਕਰਮੀਆਂ ਅਤੇ ਪਿੰਡ ਵਾਸੀਆਂ ਨੇ ਮੌਕੇ ਤੇ ਪਹੁੰਚ ਪੁਲਿਸ ਪਾਰਟੀ ਨੂੰ ਘਰੋਂ ਬਾਹਰ ਕੱਢਿਆ।ਘਟਨਾ ਸਬੰਧੀ ਥਾਣੇਦਾਰ ਮਨਜੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ ਪੁੱਤਰਾਨ ਬਲਜਿੰਦਰ ਸਿੰਘ ਅਤੇ ਸੁਰਜੀਤ ਕੌਰ ਵਾਸੀਆਨ ਗੁੰਮਟੀ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਸਦਕਾ ਜ਼ਿਲ੍ਹੇ ਨੂੰ ਮਿਲਿਆ ਮਾਣ : ਪਰਨੀਤ ਸ਼ੇਰਗਿੱਲ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਵੱਛ ਸਰਵੇਖਣ-2023 ਬਾਬਤ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਸਵੱਛ ਸਰਵੇਖਣ-2023 'ਚ ਪੰਜਾਬ ਨੇ ਸਵੱਛਤਾ 'ਚ ਉੱਤਰੀ ਭਾਰਤ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਰਵੇਖਣ ਅਨੁਸਾਰ ਖੁੱਲ੍ਹੇ ਵਿਚ ਸ਼ੌਚ ਮੁਕਤ ਓ.ਡੀ.ਐਫ. ਸਰਟੀਫਿਕੇਸ਼ਨ ਸ਼੍ਰੇਣੀ 'ਚ ਇਤਿਹਾਸਕ ਤੌਰ 'ਤੇ ਪਹਿਲੀ ਵਾਰ ਮੰਡੀ ਗੋਬਿੰਦਗੜ੍ਹ, ਫਿਰੋਜ਼ਪੁਰ, ਮੌੜ, ਦਸੂਹਾ, ਬੇਗੋਵਾਲ, ਸੁਲਤਾਨਪੁਰ, ਖੰਨਾ, ਮੁੱਲਾਂਪੁਰ ਦਾਖਾ, ਜਗਰਾਓਂ, ਮਾਨਸਾ, ਗਿੱਦੜਬਾਹਾ, ਸਮਾਣਾ ਅਤੇ ਮੋਰਿੰਡਾ ਨਗਰ ਕੌਂਸਲਾਂ ਨੇ ਖੁੱਲ੍ਹੇ 'ਚ ਸ਼ੌਚ ਮੁਕਤ ਸਰਟੀਫਿਕੇਸ਼ਨ ਸਬੰਧੀ ਵਾਟਰ+ ਐਵਾਰਡ ਹਾਸਲ ਕੀਤਾ ਹੈ।ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਨੇ ਦੱਸਿਆ ਕਿ ਪੰਜਾਬ ਨੇ ਉੱਤਰੀ ਜ਼ੋਨ 'ਚ ਸਭ ਤੋਂ ਸਾਫ਼ ਰਾਜ ਵਜੋਂ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਿਆ ਹੈ।ਵਾਟਰ + ਐਵਾਰਡ ਉਨ੍ਹਾਂ ਸਥਾਨਕ ਸਰਕਾਰਾਂ ਨੂੰ ਮਿਲਦਾ ਹੈ, ਜਿਹੜੀਆਂ 20 ਫ਼ੀਸਦ ਤੋਂ ਵੱਧ ਸੋਧਿਆ ਹੋਇਆ ਪਾਣੀ ਵਰਤਦੀਆਂ ਹਨ।

# ਮਾਘੀ ਮੇਲੇ ਦੇ ਦੂਜੇ ਦਿਨ 'ਧਮਕ ਨਗਾਰੇ ਦੀ' ਨੇ ਪਾਈ ਧਮਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਘੀ ਮੇਲੇ 'ਤੇ ਤਰਕਸ਼ੀਲ ਸੁਸਾਇਟੀ ਦੇ ਮੁਕਤਸਰ-ਫਾਜ਼ਿਲਕਾ ਜ਼ੋਨ ਵੱਲੋਂ ਪਲਸ ਮੰਚ ਤੇ ਲੋਕ ਪੱਖੀ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਤਿੰਨ ਰੋਜ਼ਾ ਨਾਟ ਉਤਸਵ ਦੇ ਦੂਜੇ ਦਿਨ ਰੰਗ ਮੰਚ ਅੰਮ੍ਰਿਤਸਰ ਦੇ ਨਿਰਦੇਸ਼ਕ ਕੇਵਲ ਧਾਲੀਵਾਲ ਦੁਆਰਾ ਗੁਰਸ਼ਰਨ ਭਾਅ ਜੀ ਦੇ ਲਿਖੇ ਨਾਟਕ 'ਧਮਕ ਨਗਾਰੇ ਦੀ' ਪੇਸ਼ਕਾਰੀ ਨੇ ਮੇਲੇ ਵਿੱਚ ਜੁੜੇ ਦਰਸ਼ਕਾਂ ਨੂੰ ਇਸ ਧਰਤੀ ਦੀ ਵਿਰਾਸਤ ਦੇ ਰੂਬਰੂ ਕੀਤਾ। ਨਾਟਕ ਨੇ ਸਾਫ ਸੰਦੇਸ਼ ਦਿੱਤਾ ਕਿ ਲੋਕਾਂ ਦੀ ਕਿਰਤ ਤੇ ਹੱਕਾਂ ਉੱਪਰ ਛਾਪੇ ਮਾਰਨ ਖ਼ਿਲਾਫ਼ ਦੁੱਲੇ ਭੱਟੀ ਵੱਲੋਂ ਛੇੜੀ ਜੰਗ ਉਸ ਵੇਲੇ ਤੱਕ ਜਾਰੀ ਰਹੇਗੀ, ਜਦੋਂ ਤੱਕ ਕਿਰਤ ਕਰਨ ਵਾਲੇ ਕਿਰਤਾਂ ਦੇ ਮਾਲਕ ਨਹੀਂ ਹੋ ਜਾਂਦੇ। ਨਾਟਕ ਨੇ ਸਾਫ ਸ਼ਬਦਾਂ ਵਿੱਚ ਦਰਸਾਇਆ ਕਿ ਦਿੱਲੀ ਕਿਸਾਨ ਮੋਰਚਾ ਹੋਵੇ ਜਾਂ ਕਿਤੇ ਵੀ ਆਪਣੇ ਹੱਕਾਂ ਲਈ ਸੰਗਰਾਮ ਕਰਦੇ ਲੋਕ ਦੁੱਲੇ ਦੇ ਵਾਰਿਸ ਹਨ। ਅੱਜ ਵੀ ਦੁੱਲਾ ਲੋਕਾਂ ਦੇ ਸਾਹਾਂ ਤੇ ਰਾਹਾਂ ਵਿੱਚ ਵਸਦਾ ਹੈ। ਦੁੱਲਾ ਭੱਟੀ ਹਰ ਯੁੱਗ ਵਿੱਚ ਜੰਮਦਾ ਰਹੇਗਾ ਤੇ ਮਾਵਾਂ, ਮਾਂ ਲੱਧੀ ਦਾ ਰੂਪ ਬਣ ਕੇ ਆਪਣੇ ਜਾਇਆਂ ਨੂੰ ਨਗਾਰੇ ਚੋਟ ਲਗਾ ਕੇ ਹੱਕੀ ਸੰਗਰਾਮ ਦੇ ਮੈਦਾਨ ਵਿੱਚ ਤੋਰਦੀਆਂ ਰਹਿਣਗੀਆਂ। ਨਾਟਕ ਸਾਵੇਂ ਸੁਖਾਵੇਂ ਸਮਾਜ ਦੀ ਸਿਰਜਣਾ ਦਾ ਸੱਦਾ ਦੇ ਗਿਆ। ਨਾਟਕ ਉਪਰੰਤ ਤਰਕਸ਼ੀਲ ਸੁਸਾਇਟੀ ਵੱਲੋਂ ਕਿਤਾਬਾਂ ਦਾ ਸੈੱਟ ਦੇ ਕੇ ਨਾਟਕਕਾਰ ਕੇਵਲ ਧਾਲੀਵਾਲ ਦਾ ਸਨਮਾਨ ਕੀਤਾ ਗਿਆ। ਦੂਜੇ ਦਿਨ ਮੇਲੇ ਨੂੰ ਪੰਜਾਬ ਲੋਕ ਸੱਭਿਆਚਾਰਕ (ਪਲਸ) ਮੰਚ ਦੇ ਪ੍ਰਧਾਨ ਅਮੋਲਕ ਸਿੰਘ ਤਰਕਸ਼ੀਲ ਰੈਸ਼ਨਲਿਸਟ ਸੁਸਾਇਟੀ ਕੈਨੇਡਾ ਦੇ ਜਨਰਲ ਸਕੱਤਰ ਬਲਦੇਵ ਰਹਿਪਾ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਰਾਮ ਸਵਰਨ ਲੱਖੇਵਾਲੀ ਨੇ ਵੀ ਸੰਬੋਧਨ ਕੀਤਾ। ਸੁਸਾਇਟੀ ਵੱਲੋਂ ਬਲਦੇਵ ਰਹਿਪਾ ਦਾ ਸਨਮਾਨ ਵੀ ਕੀਤਾ ਗਿਆ। ਡੇਰਾ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਮੁਕਤਸਰ ਦੇ ਵਿਦਿਆਰਥੀਆਂ ਨੇ ਪ੍ਰੋਫੈਸਰ ਅਜਮੇਰ ਸਿੰਘ ਔਲਖ ਦਾ ਨਾਟਕ ਤੇਜਿੰਦਰ ਸਿੰਘ ਦੀ ਨਿਰਦੇਸ਼ਨਾਂ ਵਿੱਚ ਖੇਡਿਆ, ਜਿਸ ਨੇ ਰੰਗ ਮੰਚ ਵੱਲ ਉਮੜ ਰਹੀ ਪੁੰਗਰ ਦੀ ਪਨੀਰੀ ਤੇ ਚੜ੍ਹਦੀ ਜਵਾਨੀ ਦੀ ਤਸਵੀਰ ਪੇਸ਼ ਕੀਤੀ।

ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰ ਜਗਸੀਰ ਜੀਦਾ ਦੀਆਂ ਬੋਲੀਆਂ ਤੇ ਸੁਖਦੇਵ ਮਲੂਕਪੁਰੀ ਦੇ ਤਰਕਸ਼ੀਲ ਜਾਦੂ ਟਰਿੱਕਾਂ ਤੋਂ ਇਲਾਵਾ ਤਰਕਸ਼ੀਲ ਪੁਸਤਕ ਪ੍ਰਦਰਸ਼ਨੀ ਨੇ ਮੇਲੇ ਵਿੱਚ ਵੰਨ ਸੁਵੰਨੇ ਰੰਗ ਭਰੇ। ਇਸ ਮੇਲੇ ਦੀ ਸਫਲਤਾ ਲਈ ਬਲਦੇਵ ਸਿੰਘ ਲੱਧੂ ਵਾਲਾ, ਬੂਟਾ ਸਿੰਘ ਵਾਕਫ, ਪ੍ਰਮਿੰਦਰ ਖੋਖਰ, ਗੁਰਮੀਤ ਭਲਵਾਨ, ਪ੍ਰਵੀਨ ਜੰਡਵਾਲਾ, ਕੁਲਜੀਤ ਡੰਗਰ ਖੇੜਾ, ਸ਼ਿਵਰਾਜ ਖੁੰਡੇ ਹਲਾਲ ਤੇ ਸੰਜੇ ਕੁਮਾਰ ਨੇ ਭਰਵਾਂ ਸਹਿਯੋਗ ਦਿੱਤਾ।

# ਦੂਜੇ ਵਿਸ਼ੇਸ਼ ਕੈਂਪ 'ਚ 636 ਲੰਬਿਤ ਇੰਤਕਾਲਾਂ ਦਾ ਨਿਪਟਾਰਾ : ਡੀ ਸੀ

ਸਰਦੂਲਗੜ੍ਹ (ਅਵਤਾਰ ਜਟਾਣਾ)-ਪੰਜਾਬ ਸਰਕਾਰ ਵੱਲੋਂ ਲੰਬਿਤ ਪਏ ਇੰਤਕਾਲ ਦਰਜ ਕਰਨ ਦੇ ਮੱਦੇਨਜ਼ਰ ਵਿੱਢੀ ਮੁਹਿੰਮ ਤਹਿਤ ਜ਼ਿਲ੍ਹੇ 'ਚ ਵੱਖ-ਵੱਖ ਤਹਿਸੀਲਾਂ ਤੇ ਸਬ-ਤਹਿਸੀਲਾਂ ਵਿਖੇ ਲਗਾਏ ਦੂਜੇ ਵਿਸ਼ੇਸ਼ ਕੈਂਪ ਦੌਰਾਨ 636 ਲੰਬਿਤ ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਪਰਮਵੀਰ ਸਿੰਘ ਨੇ ਦਿੱਤੀ। ਉਨ੍ਹਾ ਦੱਸਿਆ ਕਿ ਇਸ ਤੋਂ ਇਲਾਵਾ ਇਸ ਤੋਂ ਪਹਿਲਾਂ ਲਗਾਏ ਕੈਂਪ ਦੌਰਾਨ 646 ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ ਸੀ। ਉਨ੍ਹਾ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਜ਼ਿਲ੍ਹੇ ਦੇ ਵੱਡੀ ਗਿਣਤੀ ਲੋਕਾਂ ਨੇ ਲਾਭ ਲਿਆ ਤੇ ਲੋਕਾਂ ਵੱਲੋਂ ਰਾਜ ਸਰਕਾਰ ਦੇ ਇਸ ਫੈਸਲੇ ਦੀ ਖ਼ੂਬ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਵਿੱਖ ਅੰਦਰ ਵੀ ਅਜਿਹੇ ਕੈਂਪ ਲਗਾ ਕੇ ਲੋਕ ਮੁਸ਼ਕਲਾਂ ਦੇ ਨਿਪਟਾਰੇ ਪਹਿਲ ਦੇ ਅਧਾਰ 'ਤੇ ਹੱਲ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤਹਿਸੀਲ ਮਾਨਸਾ ਵਿਖੇ 172 ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ। ਇਸੇ ਤਰ੍ਹਾਂ ਤਹਿਸੀਲ ਸਰਦੂਲਗੜ੍ਹ ਵਿਖੇ 73, ਤਹਿਸੀਲ ਬੁਢਲਾਡਾ ਵਿਖੇ 104, ਸਬ ਤਹਿਸੀਲ ਭੀਖੀ ਵਿਖੇ 105, ਸਬ ਤਹਿਸੀਲ ਜੋਗਾ ਵਿਖੇ 78, ਸਬ ਤਹਿਸੀਲ ਝੁਨੀਰ 61 ਤੇ ਸਬ ਤਹਿਸੀਲ ਬਰੇਟਾ ਵਿਖੇ 43 ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ। ਉਨ੍ਹਾ ਦੱਸਿਆ ਕਿ ਮਾਲ ਵਿਭਾਗ ਦੇ ਸਾਰੇ ਕੰਮਕਾਜ ਨੂੰ ਸੁਚਾਰੂ ਕੀਤਾ ਜਾ ਰਿਹਾ ਹੈ ਤਾਂ ਕਿ ਲੋਕਾਂ ਨੂੰ ਜਾਇਦਾਦਾਂ ਸਬੰਧੀ ਕਿਸੇ ਵੀ ਤਰ੍ਹਾਂ ਦੇ ਝਗੜਿਆਂ ਦਾ ਸਾਹਮਣਾ ਨਾ ਕਰਨਾ ਪਵੇ।

# ਇੰਦਰਜੀਤ ਜੱਸਲ ਗੁਰਦੁਆਰਾ ਸਾਹਿਬ ਦੇ ਮੁੱਖ ਖ਼ਜ਼ਾਨਚੀ ਨਿਯੁਕਤ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ, ਮੇਨ ਬਜ਼ਾਰ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਇੰਦਰਜੀਤ ਸਿੰਘ ਜੱਸਲ ਨੂੰ ਗੁਰਦੁਆਰਾ ਸਾਹਿਬ ਦਾ ਮੁੱਖ ਖ਼ਜ਼ਾਨਚੀ ਚੁਣ ਲਿਆ ਗਿਆ। ਇਸ ਮੌਕੇ ਪ੍ਰਧਾਨ ਜਸਦੇਵ ਸਿੰਘ ਖਹਿਰਾ, ਸਰਪ੍ਰਸਤ ਬੱਗਾ ਸਿੰਘ ਨੰਬਰਦਾਰ, ਪ੍ਰੀਤਮ ਸਿੰਘ, ਦਰਸ਼ਨ ਸਿੰਘ, ਖ਼ੁਸ਼ੀ ਰਾਮ ਜੱਸਲ, ਗੁਰਤਾਜ ਸਿੰਘ ਜੱਸਲ, ਜਸਵੀਰ ਸਿੰਘ, ਰਮੇਸ਼ ਲਾਲ, ਅਮਰਪਾਲ ਸਿੰਘ ਖਹਿਰਾ, ਗ੍ਰੰਥੀ ਅਵਤਾਰ ਸਿੰਘ, ਲਖਵੀਰ ਲੱਖੀ ਤੇ ਗੁਰਕੀਰਤ ਸਿੰਘ ਆਦਿ ਹਾਜ਼ਰ ਸਨ।

# ਦੜੇ ਸੱਟੇ ਦੀ ਰਾਸ਼ੀ ਸਣੇ ਇੱਕ ਕਾਬੂ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਦੜੇ ਸੱਟੇ ਦੀ 2130 ਰੁਪਏ ਰਾਸ਼ੀ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਅਮੀਰ ਖਾਸ ਨਹਿਰ ਦੇ ਪੁਲ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਰੌਸ਼ਨ ਲਾਲ ਕਬਾੜ ਦਾ ਕੰਮ ਤੁਰ ਫਿਰ ਕੇ ਕਰਦਾ ਹੈ ਅਤੇ ਦੜਾ-ਸੱਟਾ ਲਾਉਣ ਦਾ ਆਦੀ ਹੈ, ਜੋ ਪਿੰਡ ਪੀਰ ਬਖਸ਼ ਚੌਹਾਨ ਨਹਿਰ ਦੇ ਪੁਲ ਦੇ ਕੋਲ ਖੜਾ ਹੈ ਅਤੇ ਆਉਂਦੇ-ਜਾਂਦੇ ਲੋਕਾਂ ਨੂੰ ਉੱਚੀ ਅਵਾਜ਼ ਵਿੱਚ ਕਹਿ ਰਿਹਾ ਹੈ ਕਿ ਜੋ ਉਸ ਕੋਲ ਦੜਾ-ਸੱਟਾ ਲਾਏਗਾ, ਉਸਨੂੰ 1 ਰੁਪਏ ਦੇ ਬਦਲੇ 80 ਰੁਪਏ ਦਿੱਤੇ ਜਾਣਗੇ। ਲਾਇਆ ਹੋਇਆ ਨੰਬਰ ਨਾ ਆਉਣ 'ਤੇ ਰੁਪਏ ਹਜਮ ਕਰ ਲਏ ਜਾਣਗੇ। ਇਹ ਇਤਲਾਹ ਮੋਹਤਬਾਰ ਪਾਸੋਂ ਭਰੋਸੇਯੋਗ ਹੋਣ ਕਾਰਨ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਰੋਸ਼ਨ ਲਾਲ ਪੁੱਤਰ ਲਹੋਰੀ ਰਾਮ ਵਾਸੀ ਥਾਰਾ ਸਿੰਘ ਵਾਲਾ ਉਤਾੜ ਨੂੰ ਦੜੇ ਸੱਟੇ ਦੀ 2130 ਰੁਪਏ ਰਾਸ਼ੀ ਸਣੇ ਕਾਬੂ ਕੀਤਾ ਗਿਆ ਹੈ, ਜਿਸਦੇ ਖਿਲਾਫ਼ ਅਮੀਰ ਖਾਸ ਦੀ ਪੁਲਸ ਨੇ ਧਾਰਾ 13-ਏ/3/67 ਗੈਬਲਿੰਗ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸੜਕ ਸੁਰੱਖਿਆ ਜਾਗਰੂਕਤਾ ਸੈਮੀਨਾਰ ਲਾਇਆ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਬੇਟ ਇਲਾਕੇ ਦੇ ਪਿੰਡ ਝੜੌਦੀ ਦੇ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੁਲਸ ਸਾਂਝ ਕੇਂਦਰ ਸਮਰਾਲਾ ਵੱਲੋਂ ਸੋਸ਼ਲ ਵੈਲਫੇਅਰ ਸੋਸਾਇਟੀ (ਐਨਜੀਓ) ਦੇ ਸਹਿਯੋਗ ਨਾਲ ਸੜਕ ਸੁਰੱਖਿਆ ਜਾਗਰੂਕਤਾ ਸੈਮੀਨਾਰ ਲਾਇਆ ਗਿਆ। ਇਸ ਮੌਕੇ ਪੁਲਸ ਸਾਂਝ ਕੇਂਦਰ ਸਮਰਾਲਾ ਦੇ ਇੰਚਾਰਜ ਰਾਏ ਸਿੰਘ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਤੇਜ਼ ਰਫ਼ਤਾਰ ਯੁੱਗ ਵਿਚ ਜਿੱਥੇ ਟ੍ਰੈਫਿਕ ਬਹੁਤ ਜਿਆਦਾ ਵਧ ਗਈ ਹੈ, ਉੱਥੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ ਹੈ, ਜਿਸ ਸਦਕਾ ਅਸੀਂ ਹਾਦਸਿਆਂ ਤੇ ਦੁਰਘਟਨਾਵਾਂ ਤੋਂ ਬਚ ਸਕਦੇ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਸੜਕ 'ਤੇ ਚੱਲਣ ਤੇ ਦੋਪਹੀਆ ਵਾਹਨਾਂ ਨੂੰ ਚਲਾਉਣ ਸਬੰਧੀ ਹਦਾਇਤਾਂ ਵੀ ਦਿੱਤੀਆਂ। ਬ੍ਰਹਮ ਆਸ਼ਰਮ ਮਾਛੀਵਾੜਾ ਤੋਂ ਭੈਣ ਬ੍ਰਹਮਾ ਕੁਮਾਰੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੱਚਾ ਸੁੱਚਾ ਤੇ ਸੇਧ ਭਰਪੂਰ ਜੀਵਨ ਬਤੀਤ ਕਰਨ ਦੇ ਲਈ ਪ੍ਰੇਰਿਤ ਕੀਤਾ। ਚੇਅਰਮੈਨ ਸ਼ਿਵ ਕੁਮਾਰ ਸ਼ਿਵਲੀ ਨੇ ਬੱਚਿਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਣ ਦੇ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਾ ਜ਼ਿੰਦਗੀ ਦਾ ਨਾਸ਼ ਕਰਦਾ ਹੈ ਤੇ ਨਸ਼ੇ ਚੰਗੇ ਚੰਗੇ ਘਰਾਂ ਨੂੰ ਖਤਮ ਕਰ ਦਿੰਦੇ ਹਨ, ਜਿਸ ਲਈ ਸਾਨੂੰ ਇਨ੍ਹਾਂ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ ਤੇ ਪ੍ਰਬੰਧਕ ਪਰਮਜੀਤ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਵੰਦਨਾ ਪਰਿਹਾਰ, ਹਰਮੀਤ ਕੌਰ, ਮਿਕੂ ਹੰਸ, ਜਸਪ੍ਰੀਤ ਸਿੰਘ, ਜਗਤਾਰ ਸਿੰਘ ਜੱਸੋਵਾਲ, ਕੋਆਰਡੀਨੇਟਰ ਮਾ. ਸਤੀਸ਼ ਕੁਮਾਰ, ਗੁਰਮੇਲ ਸਿੰਘ, ਪਰਮਜੀਤ ਸਿੰਘ, ਜਰਨੈਲ ਸਿੰਘ, ਦੀਪ ਰਠੌਰ, ਸਰਨਜੀਤ ਸਿੰਘ ਤੇ ਸ਼ਮਸ਼ੇਰ ਸਿੰਘ ਵੀ ਮੌਜੂਦ ਸਨ।

# ਕੰਪਿਊਟਰ ਤੇ ਸਿਲਾਈ ਸੈਂਟਰ ਦੇ ਕੋਰਸਾਂ ਦਾ ਨਤੀਜਾ ਰਿਹਾ ਸ਼ਾਨਦਾਰ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਬਲੱਡ ਡੋਨਰਜ ਕਲੱਬ ਤੇ ਨਿਰੰਜਨ ਦਾਸ ਸੇਵਾ ਸੁਸਾਇਟੀ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਧੀਨ ਫ੍ਰੀ ਕੰਪਿਊਟਰ ਅਤੇ ਸਿਲਾਈ ਸੈਂਟਰ ਦੇ ਕੋਰਸ ਚਲਾਏ ਜਾ ਰਹੇ ਹਨ।ਹਾਲ ਹੀ ਵਿੱਚ ਇਨ੍ਹਾਂ ਕੋਰਸਾਂ ਦੇ ਪਹਿਲੇ ਬੈਚ ਦਾ ਨਤੀਜਾ ਪਟਿਆਲਾ ਸੰਸਥਾ ਵੱਲੋਂ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਧਰਮਕੋਟ ਦੇ ਦੋਨਾਂ ਕੋਰਸਾਂ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ, ਜਿਸ 'ਤੇ ਪ੍ਰਧਾਨ ਜਸਵਿੰਦਰ ਰਖਰਾ ਨੇ ਸਮੁੱਚੀ ਟੀਮ ਸਮੇਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕਾਂ ਦੀ ਚੰਗੀ ਕਾਰਗੁਜ਼ਾਰੀ ਅਤੇ ਮਿਹਨਤ ਸਦਕਾ ਹੀ ਏਨਾ ਵਧੀਆ ਨਤੀਜਾ ਸੰਭਵ ਹੋ ਪਾਇਆ ਹੈ।ਇਸ ਮੌਕੇ ਮਾਸਟਰ ਗੋਪਾਲ ਕੌੜਾ, ਰਜਿੰਦਰ ਬੱਤਰਾ, ਬਲਕਾਰ ਛਾਬੜਾ, ਮੁਕੇਸ਼ ਕੁਮਾਰ ਬਿੱਟੂ ਤੇ ਲੱਕੀ ਧੀਗੜਾ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਾ ਧੰਨਵਾਦ ਕੀਤਾ, ਉੱਥੇ ਹੀ ਮਾਸਟਰ ਵਿਨੈ ਕੁਮਾਰ, ਜੀਵਨ, ਮਾਸਟਰ ਅਮਨ ਵਰਮਾ, ਭਿੰਦਾ ਟੇਲਰ, ਛਿੰਦਰਪਾਲ, ਸਾਜਨ ਛਾਬੜਾ ਨੇ ਡਾ. ਐਸ.ਪੀ. ਸਿੰਘ ਉਬਰਾਏ ਦੀਆਂ ਸੇਵਾਵਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ।ਇਸ ਮੌਕੇ ਮੁੱਖ ਮਹਿਮਾਨ ਦੀ ਭੂਮਿਕਾ ਜਤਿੰਦਰ ਖੁੱਲਰ ਨੇ ਕੀਤੀ।ਇਸ ਸਮੇਂ ਡਾ. ਵਰਿੰਦਰ ਗਰੋਵਰ ਡਿੰਪੀ ਨੇ ਸਿਲਾਈ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।ਕੰਪਿਊਟਰ ਕੋਰਸ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਸਰਬੱਤ ਦਾ ਭਲਾ ਵੱਲੋਂ ਗੋਕਲ ਚੰਦ ਤੇ ਦਵਿੰਦਰ ਗਿੱਲ, ਸੰਦੀਪ ਪੁਰੀ ਨੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ।ਡਾ. ਅਸ਼ੋਕ ਸ਼ਰਮਾ ਨੇ ਕੰਪਿਊਟਰ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।ਇਸ ਮੌਕੇ ਗੁਰਮੀਤ ਮੁਖੀਜਾ, ਪਵਨ ਰੇਲੀਆ, ਰਾਜਾ ਬੱਤਰਾ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ ਆਈਲੈਟਸ ਕਰਵ, ਸੁਰਿੰਦਰਪਾਲ ਜ਼ਿਲ੍ਹਾ ਇੰਚਾਰਜ ਅਜੀਤ, ਪਰਮਜੀਤ ਪੱਤਰਕਾਰ, ਡਾ. ਹਰਮੀਤ ਲਾਡੀ, ਡਾ ਰਜਿੰਦਰ ਬੱਤਰਾ, ਸਵਰਨ ਪਟਵਾਰੀ, ਨਵਲ ਸੂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰਿੰਟ ਮੀਡੀਆ ਦੀ ਸੇਵਾ ਤੇ ਪਾਰਸ ਫਲੈਕਸ ਪਰਮਜੀਤ ਸਿੰਘ ਨੇ ਕੀਤੀ।

# ਨਗਰ ਨਿਗਮ ਪ੍ਰਸ਼ਾਸਨ ਵੱਲੋਂ ਕਾਰਕਸ ਯੂਟੀਲਾਈਜ਼ੇਸ਼ਨ ਪਲਾਂਟ ਚਾਲੂ



**ਲੁਧਿਆਣਾ (ਰਾਜ ਸਿੰਗਲਾ)**

ਇੱਕ ਸਕਾਰਾਤਮਕ ਵਿਕਾਸ ਤਹਿਤ ਨਗਰ ਨਿਗਮ, ਪ੍ਰਸ਼ਾਸਨ ਤੇ ਪੁਲਸ ਵਿਭਾਗ ਨੇ ਸੋਮਵਾਰ ਨੂੰ ਨੂਰਪੁਰ ਬੇਟ ਇਲਾਕੇ ਵਿੱਚ ਕਾਰਕਸ ਯੂਟੀਲਾਈਜ਼ੇਸ਼ਨ (ਪਸ਼ੂਆਂ ਦੀਆਂ ਲਾਸ਼ਾਂ ਦਾ ਨਿਪਟਾਰਾ ਕਰਨ ਵਾਲੇ) ਪਲਾਂਟ ਨੂੰ ਚਾਲੂ ਕਰ ਦਿੱਤਾ।ਪਿੰਡ ਵਾਸੀਆਂ ਦੀ ਸਹਿਮਤੀ ਨਾਲ ਪਲਾਂਟ ਚਾਲੂ ਕੀਤਾ ਗਿਆ ਹੈ।ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਹੋਏ, ਨਗਰ ਨਿਗਮ ਤੇ ਪ੍ਰਸ਼ਾਸਨ ਦੀਆਂ ਟੀਮਾਂ ਨੇ ਸਵੇਰੇ 3 ਵਜੇ ਤੋਂ ਅਣਥੱਕ ਮਿਹਨਤ ਕੀਤੀ ਤੇ ਪਲਾਂਟ ਨੂੰ ਚਾਲੂ ਕਰਨ ਲਈ ਪਿੰਡ ਵਾਸੀਆਂ ਨਾਲ ਕਈ ਦੌਰ ਦੀ ਗੱਲਬਾਤ ਕੀਤੀ, ਜਿਸ ਦੀਆਂ ਕੋਸ਼ਿਸ਼ਾਂ ਨੂੰ ਫਲ ਲੱਗਿਆ ਤੇ ਕਾਰਕਸ ਯੂਟੀਲਾਈਜ਼ੇਸ਼ਨ ਪਲਾਂਟ ਸ਼ਾਮ ਨੂੰ ਚਾਲੂ ਕਰ ਦਿੱਤਾ ਗਿਆ।ਪਲਾਂਟ ਦੇ ਠੇਕੇਦਾਰ ਨੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕੁਝ ਪਸ਼ੂਆਂ ਦੀਆਂ ਲਾਸ਼ਾਂ ਦਾ ਨਿਪਟਾਰਾ ਵੀ ਕੀਤਾ ਤੇ ਵਿਗਿਆਨਕ ਪਲਾਂਟ ਦੇ ਸੰਚਾਲਨ ਕਾਰਨ ਕੋਈ ਗੰਦੀ ਬਦਬੂ ਜਾਂ ਪ੍ਰਦੂਸ਼ਣ ਨਹੀਂ ਦੇਖਿਆ ਗਿਆ।ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੇ ਕਿਹਾ ਕਿ ਕਾਰਕਸ ਯੂਟੀਲਾਈਜ਼ੇਸ਼ਨ ਪਲਾਂਟ ਨੂੰ ਚਾਲੂ ਕਰਨਾ ਜ਼ਰੂਰੀ ਸੀ, ਕਿਉਂਕਿ ਸਤਲੁਜ ਦਰਿਆ ਦੇ ਕੰਢੇ 'ਤੇ ਗੈਰ-ਕਾਨੂੰਨੀ 'ਹੱਡਾ-ਰੋੜੀ' (ਲਾਸ਼ ਦੇ ਨਿਪਟਾਰੇ ਲਈ ਥਾਂ) ਦਰਿਆ ਵਿੱਚ ਪ੍ਰਦੂਸ਼ਣ ਦਾ ਕਾਰਨ ਬਣ ਰਿਹਾ ਹੈ ਤੇ ਇਸ ਨੂੰ ਬੰਦ ਕੀਤਾ ਜਾਣਾ ਹੈ।ਸੰਦੀਪ ਰਿਸ਼ੀ ਨੇ ਦੱਸਿਆ ਕਿ ਇਹ ਪਲਾਂਟ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਚਾਲੂ ਕੀਤਾ ਗਿਆ ਹੈ ਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਵਿਗਿਆਨਕ ਪਲਾਂਟ ਦੇ ਸੰਚਾਲਨ ਨਾਲ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਬਦਬੂ ਜਾਂ ਪ੍ਰਦੂਸ਼ਣ ਨਹੀਂ ਹੋਵੇਗਾ।ਸੰਦੀਪ ਰਿਸ਼ੀ ਨੇ ਕਾਰਜਕਾਰੀ ਇੰਜਨੀਅਰ ਰਣਬੀਰ ਸਿੰਘ, ਸੀ.ਐੱਸ.ਓ. ਅਸ਼ਵਨੀ ਸਹੋਤਾ ਸਮੇਤ ਸਿਹਤ ਸ਼ਾਖਾ ਦੇ ਸਟਾਫ਼, ਚੀਫ ਸੈਨੇਟਰੀ ਇੰਸਪੈਕਟਰਾਂ, ਸੈਨੇਟਰੀ ਇੰਸਪੈਕਟਰਾਂ, ਸਵੀਪਰਾਂ ਸਮੇਤ ਨਗਰ ਨਿਗਮ ਦੇ ਅਧਿਕਾਰੀਆਂ ਦੀ ਇਸ ਪਲਾਂਟ ਨੂੰ ਚਲਾਉਣ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨੂੰ ਹੋਣ ਵਾਲੇ ਟਰੈਕਟਰ ਮਾਰਚ ਸੰਬੰਧੀ ਮੀਟਿੰਗ



ਪਠਾਨਕੋਟ (ਦਵਿੰਦਰ ਸਿੰਘ)- ਅੱਜ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਠਾਨਕੋਟ ਦੀ ਮੀਟਿੰਗ ਪ੍ਰਧਾਨ ਕੇਵਲ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਬਾਰਠ ਸਾਹਿਬ ਵਿਖੇ ਹੋਈ, ਜਿਸ ਵਿੱਚ ਕੁੱਲ ਹਿੰਦ ਕਿਸਾਨ ਸਭਾ ਵਲੋਂ ਪਰਸ਼ੋਤਮ ਕੁਮਾਰ, ਕੇਵਲ ਕੁਲੀਆ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ ਭੋਆ, ਬਲਵੰਤ ਸਿੰਘ, ਨਰਿੰਜਨ ਸਿੰਘ, ਬੋਧ ਰਾਜ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਰਤਨਗੜ੍ਹ, ਭਾਰਤੀ ਕਿਸਾਨ ਵੱਲੋਂ ਭਗਵੰਤ ਸਿੰਘ, ਜੋਤੀ ਬਾਜਵਾ, ਬਲਦੇਵ ਸਿੰਘ ਭੋਆ, ਭਾਰਤੀ ਕਿਸਾਨ ਯੂਨੀਅਨ ਸਧੀਪੁਰ ਵਲੋਂ ਏ ਐਸ ਗੁਲਾਟੀ ਸ਼ਾਮਲ ਹੋਏ। ਆਗੂਆਂ ਨੇ ਸਾਂਝੇ ਤੌਰ 'ਤੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ 16 ਜਨਵਰੀ ਦੀ ਜਲੰਧਰ ਕਨਵੈਨਸ਼ਨ ਵੱਲੋਂ ਲਏ ਫੈਸਲਿਆਂ ਮੁਤਾਬਕ 26 ਜਨਵਰੀ ਨੂੰ ਜ਼ਿਲ੍ਹੇ ਅੰਦਰ ਦੋ ਥਾਵਾਂ ਤੋਂ ਟਰੈਕਟਰ ਮਾਰਚ ਸ਼ੁਰੂ ਕੀਤਾ ਜਾਵੇਗਾ। ਇਕ ਮਾਰਚ ਬਾਰਠ ਸਾਹਿਬ ਤੋਂ ਸ਼ੁਰੂ ਹੋ ਕੇ ਪਿੰਡਾਂ ਵਿੱਚ ਦੀ ਹੁੰਦਾ ਹੋਇਆ ਪਠਾਨਕੋਟ ਦੇ ਬਜ਼ਾਰਾਂ 'ਚ ਜਾ ਕੇ ਸਮਾਪਤ ਹੋਵੇਗਾ। ਦੂਸਰਾ ਮਾਰਚ ਬਮਿਆਲ ਤੋਂ ਸ਼ੁਰੂ ਹੋਵੇਗਾ। ਟਰੈਕਟਰ ਮਾਰਚ ਸਾਰੇ ਦੇਸ਼ ਦੇ 500 ਜ਼ਿਲ੍ਹਿਆਂ ਵਿੱਚ ਹੋਵੇਗਾ।ਕਿਸਾਨ ਆਗੂਆਂ ਨੇ ਮੰਗਾਂ ਸਬੰਧੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਐਮ ਐਸ ਪੀ ਸਬੰਧੀ ਕਾਨੂੰਨ ਬਣਾਇਆ ਜਾਵੇ, ਬਿਜਲੀ ਬਿੱਲ 2022 ਰੱਦ ਕੀਤਾ ਜਾਵੇ, ਕਿਸਾਨ ਮਜ਼ਦੂਰ ਦਾ ਕਰਜ਼ਾ ਮੁਆਫ਼ ਕੀਤਾ ਜਾਵੇ, ਸਵਾਮੀਨਾਥਨ ਕਮਿਸ਼ਨ ਲਾਗੂ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕਿਸਾਨੀ ਸੰਕਟ ਦੇ ਮੁੱਦੇ ਨੂੰ ਉਭਾਰ ਕੇ ਭਾਜਪਾ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 16 ਫਰਵਰੀ ਨੂੰ ਮਜ਼ਦੂਰ ਜਮਾਤ ਵੱਲੋਂ ਭਾਰਤ ਬੰਦ ਦੇ ਸੱਦੇ 'ਚ ਸ਼ਾਮਲ ਹੋ ਕੇ ਇਸ ਦਾ ਸਮਰਥਨ ਕੀਤਾ ਜਾਵੇਗਾ। ਇਕ ਮਤੇ ਰਾਹੀਂ ਉਨ੍ਹਾਂ ਨੇ ਟਰੱਕ ਯੂਨੀਅਨ ਦੇ ਸੰਘਰਸ਼ ਦਾ ਸਮਰਥਨ ਕੀਤਾ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਮਹਾਨ ਨਗਰ ਕੀਰਤਨ ਸਜਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਦਸਵੀਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਭਾਈ ਨਛੱਤਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਖਾਲਸਾਈ ਸ਼ਾਨੋ ਸ਼ੌਕਤ ਤੇ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ।

ਇਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸ਼ਿੰਗਾਰੀ ਇੱਕ ਸੁੰਦਰ ਪਾਲਕੀ ਵਿੱਚ ਸਜਾਇਆ ਹੋਇਆ ਸੀ, ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਨਗਰ ਕੀਰਤਨ ਦੀ ਹੋਰ ਸ਼ਾਨ ਵਧਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਮੇਤ ਵੱਖ ਵੱਖ ਗਤਕਾ ਪਾਰਟੀਆਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ ਤੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਸਕੂਲੀ ਬੈਂਡ ਨਾਲ ਇਸ ਨਗਰ ਕੀਰਤਨ ਦੀ ਸ਼ਾਨ ਨੂੰ ਹੋਰ ਵਧਾਇਆ ਜਾ ਰਿਹਾ ਸੀ। ਇਸ ਮੌਕੇ ਭਾਈ ਮਨਜਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਾਲਿਆਂ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਵੱਲੋਂ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਹ ਮਹਾਨ ਨਗਰ ਕੀਰਤਨ ਕਸਬੇ ਦੀਆਂ ਪਰਕਰਮਾਂ ਕਰਦਾ ਹੋਇਆ ਵਾਪਸ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪੁੱਜਾ, ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਭਾਈ ਬਲਜੀਤ ਸਿੰਘ ਤਲਵੰਡੀ ਰਾਮਾਂ ਵੱਲੋਂ ਵੀ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਨਗਰ ਕੀਰਤਨ ਦੇ ਸਵਾਗਤ ਲਈ ਕਸਬੇ ਅੰਦਰ ਵੱਖ ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਹੋਏ ਸਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰੰਧਕ ਕਮੇਟੀ ਦੇ ਮੈਂਬਰ ਬੀਬੀ ਜੋਗਿੰਦਰ ਕੌਰ ਮੈਂਬਰ ਐਸ ਜੀ ਪੀ ਸੀ, ਬਾਬਾ ਸਾਹਿਬ ਸਿੰਘ ਕਾਰ ਸੇਵਾ ਖਡੂਰ ਸਾਹਿਬ, ਐਡਵੋਕੇਟ ਪਰਮੀਤ ਸਿੰਘ ਬੇਦੀ ਸਾਬਕਾ ਪ੍ਰਧਾਨ ਨਗਰ ਕੌਂਸਲ, ਸੀਨੀਅਰ ਅਕਾਲੀ ਆਗੂ ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸੀਨੀਅਰ ਅਕਾਲੀ ਆਗੂ ਨਿਰਮਲ ਸਿੰਘ ਰੱਤਾ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਵੈਰੋਕੇ, ਸਤਬੀਰ ਸਿੰਘ ਬਿੱਟੂ, ਸਰਪੰਚ ਗੁਰਮੀਤ ਸਿੰਘ ਖਾਸਾਂਵਾਲੀ, ਮਾਸਟਰ ਚਰਨਜੀਤ ਸਿੰਘ, ਕਰਨੈਲ ਸਿੰਘ ਫੌਜੀ, ਪ੍ਰਿੰਸੀਪਲ ਸਵਿੰਦਰ ਸਿੰਘ, ਬਲਵਿੰਦਰ ਸਿੰਘ ਬਿੱਲੂ, ਸ਼ਮਸ਼ੇਰ ਸਿੰਘ ਸ਼ੇਰਾ, ਮਿੰਟਾ ਰੰਧਾਵਾ, ਪ੍ਰਿੰ: ਰਜਿੰਦਰ ਸਿੰਘ, ਅਮਰਜੀਤ ਸਿੰਘ ਗੋਰਾਇਆ, ਗੁਰਪ੍ਰੀਤ ਸਿੰਘ ਬਾਦਲ, ਥਾਣੇਦਾਰ ਅਵਤਾਰ ਸਿੰਘ, ਗੁਰਦੁਆਰਾ ਇੰਸਪੈਕਟਰ ਗੁਰਿੰਦਰ ਸਿੰਘ, ਅਮਰਜੀਤ ਸਿੰਘ ਗੋਰਾਇਆ ਰਿਕਾਰਡ ਕੀਪਰ, ਦਿਲਬਾਗ ਸਿੰਘ ਰਾਏਚੱਕ ਅਕਾਊਂਟੈਂਟ, ਇਕਬਾਲ ਸਿੰਘ ਸਟੋਰ ਕੀਪਰ, ਸੁਖਵਿੰਦਰ ਸਿੰਘ ਖਜ਼ਾਨਚੀ, ਜਗਦੀਪ ਸਿੰਘ ਖਜ਼ਾਨਚੀ, ਭੁਪਿੰਦਰ ਸਿੰਘ ਸ਼ਾਹਪੁਰ, ਮਨਪ੍ਰੀਤ ਸਿੰਘ ਦਾਦੂਜੋਧ, ਗੁਰਮੇਜ ਸਿੰਘ ਪ੍ਰਚਾਰਕ, ਮਨਜਿੰਦਰ ਸਿੰਘ ਜਵੰਦਾ, ਸੁਖਵਿੰਦਰ ਸਿੰਘ ਦਾਦੂਜੋਧ, ਬਾਬਾ ਗੁਰਦੇਵ ਸਿੰਘ ਹੈਡ ਗ੍ਰੰਥੀ, ਡਾਕਟਰ ਦਿਲਬਾਗ ਸਿੰਘ ਰਾਏਚੱਕ, ਗੁਰਪ੍ਰੀਤ ਸਿੰਘ ਨਿੱਕੋਸਰਾ, ਵਜੀਰ ਸਿੰਘ, ਪ੍ਰਗਟ ਸਿੰਘ ਮੂਲੋਵਾਲੀ, ਹਰਜਿੰਦਰ ਸਿੰਘ ਲਾਲੇਨੰਗਲ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਐਚ ਡੀ ਐਫ ਸੀ ਬੈਂਕ ਪਰਿਵਰਤਨ ਵੱਲੋਂ 30 ਇਨਕਿਊਬੇਟਰਾਂ ਲਈ ਸਟਾਰਟਅੱਪ ਗ੍ਰਾਂਟਾਂ ਦੀ ਘੋਸ਼ਣਾ

ਜਲੰਧਰ : ਐਚ.ਡੀ.ਐਫ.ਸੀ ਬੈਂਕ, ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਨੇ ਅੱਜ ਐਲਾਨ ਕੀਤਾ ਹੈ ਕਿ ਉਹ ਇਸ ਸਾਲ ਪਰਿਵਰਤਨ ਸਟਾਰਟਅੱਪ ਗ੍ਰਾਂਟਾਂ ਦੇ ਤਹਿਤ 30 ਇਨਕਿਊਬੇਟਰਾਂ ਅਤੇ ਐਕਸੀਲੇਟਰਾਂ ਨੂੰ ਫੰਡ ਮੁਹੱਈਆ ਕਰਵਾਏਗਾ।

ਸਮਿਤਾ ਭਗਤ, ਗਰੁੱਪ ਹੈੱਡ - ਰਿਟੇਲ ਬ੍ਰਾਂਚ ਬੈਂਕਿੰਗ, ਐਚ.ਡੀ.ਐਫ.ਸੀ ਬੈਂਕ ਨੇ ਕਿਹਾ, ਐਚ.ਡੀ.ਐਫ.ਸੀ ਬੈਂਕ ਦਾ ਉਦੇਸ਼ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸਟਾਰਟਅੱਪਸ ਲਈ ਫੰਡਿੰਗ ਫੈਸਿਲੀਟੇਟਰ ਵਜੋਂ ਕੰਮ ਕਰਕੇ ਸਟਾਰਟਅਪ ਸੰਸਥਾਪਕਾਂ ਅਤੇ ਇਨਕਿਊਬੇਟਰਾਂ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨਾ ਹੈ। ਇਹ ਗ੍ਰਾਂਟਾਂ ਸਾਡੇ ਸੀ ਐਸ ਆਰ ਬ੍ਰਾਂਡ ਅਧੀਨ ਚੱਲ ਰਹੀਆਂ ਹਨ। ਡਾ. ਚਿੰਤਨ ਵੈਸ਼ਨਵ, ਮਿਸ਼ਨ ਡਾਇਰੈਕਟਰ, ਅਟਲ ਇਨੋਵੇਸ਼ਨ ਮਿਸ਼ਨ, ਨੀਤੀ ਆਯੋਗ ਨੇ ਕਿਹਾ, ਅਟਲ ਇਨੋਵੇਸ਼ਨ ਮਿਸ਼ਨ ਅਤੇ ਐਚ.ਡੀ.ਐਫ.ਸੀ ਬੈਂਕ ਵਿਚਕਾਰ ਸਹਿਯੋਗ ਦੁਆਰਾ ਨਵੀਨਤਾ ਈਕੋਸਿਸਟਮ ਨੂੰ ਚਲਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

# ਸਤਨਾਮ ਸਿੰਘ ਗਿੱਲ ਨੈਸ਼ਨਲ ਯੂਥ ਪਾਰਟੀ ਦੇ ਪੰਜਾਬ ਪ੍ਰਧਾਨ ਬਣੇ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):- ਨੈਸ਼ਨਲ ਯੂਥ ਪਾਰਟੀ ਦੀ ਕੇਂਦਰੀ ਕਾਰਜਕਾਰਨੀ ਨੇ ਸਤਨਾਮ ਸਿੰਘ ਗਿੱਲ ਨੂੰ ਨੈਸ਼ਨਲ ਯੂਥ ਪਾਰਟੀ ਦੇ ਪੰਜਾਬ ਪ੍ਰਧਾਨ ਨਿਯੁਕਤੀ ਕਰ ਦਿੱਤਾ ਹੈ।ਉਕਤ ਜਾਣਕਾਰੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਰਜਨੀਸ਼ ਝਾਅ ਨੇ ਮੀਡੀਆ ਨੂੰ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਨੀਤੀ 'ਚ ਸੰਭਾਵੀ ਫੈਸਲੇ ਲੈਣ ਅਤੇ ਹਰ ਚੋਣ 'ਚ ਨੈਸ਼ਨਲ ਯੂਥ ਪਾਰਟੀ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਨ ਲਈ ਪੰਜਾਬ ਯੂਨਿਟ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।ਉਨਾ ਨੇ ਪੁੱਛਣ 'ਤੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਚ ਨੈਸ਼ਨਲ ਯੂਥ ਪਾਰਟੀ ਰਾਜਨੀਤੀ ਦੇ ਨਾਲ ਨਾਲ ਧਾਰਮਿਕ ਮਾਮਲਿਆਂ 'ਚ ਵੀ ਸ਼ਮੂਲੀਅਤ ਕਰੇਗੀ। ਨੈਸ਼ਨਲ ਯੂਥ ਪਾਰਟੀ ਦੇ ਸੂਬਾਈ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਹੈ ਕਿ ਅਸੀ ਇੰਡੀਆ ਗਠਜੋੜ 'ਚ ਸ਼ਾਮਿਲ ਨਹੀਂ ਹੋਵਾਂਗੇ। ਨੈਸ਼ਨਲ ਯੂਥ ਪਾਰਟੀ ਪਾਰਲੀਮੈਂਟ ਚੋਣਾਂ 'ਚ ਸੁਤੰਤਰ ਤੌਰ 'ਤੇ 13 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਇਸ ਮੌਕੇ ਗੋਪਾਲ ਸਿੰਘ ਉਮਰਾਨੰਗਲ, ਅੰਮ੍ਰਿਤ ਪਾਲ ਸਿੰਘ ਸ਼ਾਹਪੁਰ, ਗੁਰਮੇਲ ਜੋਧੇ, ਅੰਮ੍ਰਿਤ ਪਾਲ ਸਿੰਘ ਕਲਿਆਣ, ਬਲਵਿੰਦਰ ਸਿੰਘ ਮੱਦ, ਹਰਪਰੀਤ ਸਿੰਘ ਗਿੱਲ, ਸਤਨਾਮ ਸਿੰਘ ਬੁਤਾਲਾ, ਤਰਮਿੰਦਰ ਸਿੰਘ ਕਪੂਰਥਲਾ, ਪਾਲ ਭੱਟੀ, ਰਣਜੀਤ ਸਿੰਘ ਲੱਧੜ ਅਤੇ ਗੁਰਮੀਤ ਸਿੰਘ ਜੋਧੇ ਹਾਜ਼ਰ ਸਨ।

# ਜ਼ਖਮੀ ਪੁਲਸ ਕਰਮੀਆਂ ਦਾ ਹਾਲ ਜਾਣਨ ਪੁੱਜੇ ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਬੁੱਧਵਾਰ ਸਵੇਰੇ ਮੁਕੇਰੀਆਂ ਨੇੜੇ ਪੁਲਸ ਕਰਮਚਾਰੀਆਂ ਦੀ ਬੱਸ ਨਾਲ ਵਾਪਰੇ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਪੁਲਸ ਕਰਮਚਾਰੀਆਂ ਦਾ ਹਾਲ ਜਾਣਨ ਲਈ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਮੁਕੇਰੀਆਂ ਦੇ ਸ਼੍ਰੀਮਾਨ ਹਸਪਤਾਲ ਵਿਖੇ ਪੁੱਜੇ।ਅੱਜ ਸਵੇਰੇ ਪੀ ਏ ਪੀ ਕੈਂਪਸ ਜਲੰਧਰ ਤੋਂ ਪੁਲਸ ਮੁਲਾਜ਼ਮਾਂ ਨਾਲ ਭਰੀ ਹੋਈ ਬੱਸ ਗੁਰਦਾਸਪੁਰ ਨੂੰ ਆ ਰਹੀ ਸੀ ਕਿ ਸੰਘਣੀ ਧੁੰਦ ਕਾਰਨ ਐਮਾ ਮਾਂਗਟ ਨੇੜੇ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ 'ਚ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਤਿੰਨ ਪੁਲਸ ਕਰਮਚਾਰੀਆਂ ਦੀ ਮੌਤ ਹੋ ਜਾਣ ਦੇ ਇਲਾਵਾ ਦਸ ਦੇ ਕਰੀਬ ਪੁਲਸ ਕਰਮਚਾਰੀ ਜ਼ਖਮੀ ਹੋ ਗਏ ਸਨ। ਮੁਕੇਰੀਆਂ ਦੇ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਪੁਲਸ ਕਰਮਚਾਰੀਆਂ ਦਾ ਹਾਲ ਜਾਣਨ ਮੌਕੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਸ ਮੁਸ਼ਕਲ ਦੀ ਘੜੀ 'ਚ ਪੰਜਾਬ ਸਰਕਾਰ ਹਾਦਸੇ ਦੇ ਪ੍ਰਭਾਵਿਤ ਪੁਲਸ ਕਰਮਚਾਰੀਆਂ ਨੇ ਨਾਲ ਖੜ੍ਹੀ ਹੈ। ਹਾਦਸੇ ਦੇ ਪ੍ਰਭਾਵਿਤਾਂ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ ਅਤੇ ਜ਼ਖਮੀਆਂ ਦੇ ਇਲਾਜ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

# ਸਰਪੰਚ ਸੋਨੂੰ ਚੀਮਾ ਨੂੰ ਹਜ਼ਾਰਾਂ ਇਲਾਕਾ ਨਿਵਾਸੀਆਂ ਨੇ ਦਿੱਤੀ ਅੰਤਿਮ ਵਿਦਾਇਗੀ



ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ, ਹਰਜਿੰਦਰ ਸੋਨੀ)- ਬੀਤੇ ਦਿਨੀਂ ਅੱਡਾ ਝਬਾਲ ਵਿਖੇ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹਲਾਕ ਕੀਤੇ ਗਏ ਅੱਡਾ ਝਬਾਲ ਦੇ ਸਰਪੰਚ ਸੋਨੂੰ ਚੀਮਾ ਦਾ ਉਨ੍ਹਾਂ ਦੇ ਜੱਦੀ ਪਿੰਡ ਚੀਮਾ ਕਲਾਂ ਵਿਖੇ ਸੇਜਲ ਅੱਖਾਂ ਨਾਲ ਅੰਤਮ ਸੰਸਕਾਰ ਕਰ ਦਿੱਤਾ ਗਿਆ। ਅੱਡਾ ਝਬਾਲ ਤੋਂ ਕਾਫਲੇ ਦੇ ਰੂਪ ਵਿੱਚ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪਿੰਡ ਚੀਮਾ ਵਿਖੇ ਲਿਜਾਇਆ ਗਿਆ। ਇਸ ਕਾਫ਼ਲੇ 'ਚ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਲੋਕ ਸ਼ਾਮਲ ਹੋਏ। ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਨੇ ਅੰਤਿਮ ਅਰਦਾਸ ਕੀਤੀ।ਵਿਕਰਮ ਖੁੱਲਰ ਨੇ ਪਿਤਾ ਦੀ ਚਿਖਾ ਨੂੰ ਅਗਨੀ ਭੇਟ ਕੀਤੀ।ਦੱਸਣਯੋਗ ਹੈ ਕਿ 14 ਜਨਵਰੀ ਨੂੰ ਸਰਪੰਚ ਸੋਨੂੰ ਚੀਮਾ ਜਦ ਝਬਾਲ ਵਿਖੇ ਸਥਿਤ ਇੱਕ ਸਲੂਨ ਵਿੱਚ ਵਾਲਾਂ ਦੀ ਕਟਿੰਗ ਕਰਵਾ ਰਿਹਾ ਸੀ ਤਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਅਣਪਛਾਤੇ ਵਿਅਕਤੀ ਸਲੂਨ ਅੰਦਰ ਦਾਖਲ ਹੋਏ ਅਤੇ ਸਰਪੰਚ ਸੋਨੂੰ ਚੀਮਾ ਨੂੰ ਗੋਲੀ ਮਾਰ ਕੇ ਫ਼ਰਾਰ ਹੋ ਗਏ। ਜਿਨ੍ਹਾਂ ਨੂੰ ਤੁਰੰਤ ਅੰਮ੍ਰਿਤਸਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਗਿਆ, ਜਿੱਥੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਸ ਨੇ ਦਮ ਤੋੜ ਦਿੱਤਾ। ਇਸ ਮੌਕੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ, ਵਿਧਾਇਕ ਸਰਵਨ ਸਿੰਘ ਧੁੰਨ, ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਗੁਰਪ੍ਰਤਾਪ ਸਿੰਘ ਕੈਰੋਂ, ਮਨਦੀਪ ਸਿੰਘ ਮੰਨਾ, ਅੰਮ੍ਰਿਤਸਰ, ਮਨਿੰਦਰਪਾਲ ਸਿੰਘ ਪਲਾਸੌਰ, ਦਵਿੰਦਰ ਸਿੰਘ ਲਾਲੀ ਢਾਲਾ, ਅਮਰਿੰਦਰ ਸਿੰਘ ਮਾਣਕ ਝਬਾਲ, ਗੁਰਮਿੰਦਰ ਸਿੰਘ ਰਾਟੌਲ, ਬਲਵਿੰਦਰ ਸਿੰਘ ਝਬਾਲ, ਪ੍ਰੋਫੈਸਰ ਬਲਕਾਰ ਸਿੰਘ, ਸਮਾਜ ਸੇਵੀ ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਚੇਅਰਮੈਨ ਬਲਵਿੰਦਰ ਸਿੰਘ ਗੱਗੋਬੂਹਾ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਸੀਮਾ ਸੋਹਲ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਡੀ ਐਸ ਪੀ ਦਵਿੰਦਰ ਸਿੰਘ, ਅਮਨਦੀਪ ਸਿੰਘ ਰੌਕੀ ਬੁਰਜ, ਚੇਅਰਮੈਨ ਕਸ਼ਮੀਰ ਸਿੰਘ ਮੰਨਣ, ਸਵਰਨਕਾਰ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਗੰਡੀਵਿੰਡ ਜਿਊਲਰ, ਇੰਸਪੈਕਟਰ ਗੁਰਵਿੰਦਰ ਸਿੰਘ, ਮਾਸਟਰ ਪਿੰਕਪਾਲ ਸਿੰਘ, ਸਾਬਕਾ ਸਰਪੰਚ ਜਰਨੈਲ ਸਿੰਘ ਪੰਡੋਰੀ, ਸਰਪੰਚ ਸਰਵਨ ਸਿੰਘ ਸੋਹਲ, ਪਹਿਲਵਾਨ ਮਲਕੀਤ ਸਿੰਘ, ਚੇਅਰਮੈਨ ਰਮਨ ਕੁਮਾਰ, ਸਰਪੰਚ ਨਰਿੰਦਰ ਪੱਪਾ, ਪੱਪੂ ਮਲਕ, ਬਾਂਕਾ ਮਲਕ, ਐਕਸੀਅਨ ਤਰਸੇਮ ਕੁਮਾਰ, ਸਾਬਕਾ ਏ ਡੀ ਸੀ ਰਣਬੀਰ ਸਿੰਘ ਮੂਧਲ, ਗੁਰਪਿੰਦਰ ਸਿੰਘ ਨਾਥੂ, ਰਾਕੇਸ਼ ਕੁਮਾਰ ਹੈਪੀ, ਰਿੰਕੂ ਛੀਨਾ, ਮਨਜਿੰਦਰ ਸਿੰਘ ਭੋਜੀਆ, ਲਵ ਧੁੰਨਾ, ਬਲਵਿੰਦਰ ਸਿੰਘ ਧੁੰਨਾ, ਅਸ਼ੀਸ਼ ਖੁੱਲਰ, ਮੁਨੀਸ਼ ਖੁੱਲਰ ਚੀਮਾ ਕਰਿਆਨਾ ਸਟੋਰ, ਰਾਜੂ ਕਰਿਆਨਾ ਸਟੋਰ ਤੋਂ ਇਲਾਵਾ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਹਜ਼ਾਰਾਂ ਦੀ ਗਿਣਤੀ 'ਚ ਲੋਕ ਹਾਜ਼ਰ ਸਨ।

# ਸੇਂਟ ਕਬੀਰ ਪਬਲਿਕ ਸਕੂਲ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ ਦਸਵੇਂ ਪਾਤਸ਼ਾਹ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਐਸ.ਬੀ.ਨਾਯਰ ਅਤੇ ਪ੍ਰਬੰਧਕ ਮੈਂਬਰਾਂ ਨਵਦੀਪ ਕੌਰ ਤੇ ਕੁਲਦੀਪ ਕੌਰ ਦੇ ਪ੍ਰਬੰਧਾਂ ਹੇਠ ਧਾਰਮਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਨੌਵੀਂ ਜਮਾਤ ਦੀ ਵਿਦਿਆਰਥਣ ਮਨਰੋਜ ਕੌਰ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਦੀ ਝਾਤ ਪਾਉਂਦਿਆਂ ਕੀਤੀ। ਉਪਰੰਤ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਤਨਵੀਰ ਕੌਰ ਅਤੇ ਜੈਸਮੀਨ ਕੌਰ ਨੇ ਸਟੇਜੀ ਕਾਰਵਾਈ ਨੂੰ ਅੱਗੇ ਤੋਰਿਆ। ਸਕੂਲ ਦੇ ਚਾਰ ਹਾਊਸਾਂ ਫਿਅਰੀ ਰੈੱਡ, ਸਨਸ਼ਾਇਨ ਯੈਲੋ, ਅਰਥ ਗ੍ਰੀਨ ਅਤੇ ਵਾਟਰ ਬਲੂ ਵਿੱਚ ਅੰਤਰ- ਹਾਊਸ ਸ਼ਬਦ ਗਾਇਨ ਮੁਕਾਬਲਾ ਕਰਵਾਇਆ ਗਿਆ। ਇਸ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਭਰੇ ਸ਼ਬਦ ਗਾਇਨ ਕਰਕੇ ਸਾਰਿਆਂ ਨੂੰ ਧਾਰਮਿਕ ਰੰਗਤ ਵਿੱਚ ਰੰਗਿਆ। ਇਸ ਮੌਕੇ ਸਮੁੱਚੇ ਵਿਦਿਆਰਥੀਆਂ ਨੇ ਜੈਕਾਰੇ ਲਗਾਏ ਅਤੇ ਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟਾਈ ਗਈ। ਪ੍ਰੋਗਰਾਮ ਦੇ ਅੰਤ 'ਚ ਸਕੂਲ ਦੇ ਪ੍ਰਿੰਸੀਪਲ ਐਸ.ਬੀ.ਨਾਯਰ ਅਤੇ ਪ੍ਰਬੰਧਕ ਮੈਂਬਰਾਂ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਸਾਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀਆਂ ਹਾਰਦਿਕ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਾਰਿਆਂ ਨੂੰ ਹੀ ਗੁਰੂ ਦੀ ਬਾਣੀ ਵਿਚੋਂ ਮਿਲੇ ਸੰਦੇਸ਼ਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਮਲ ਕਰਨ ਦਾ ਪ੍ਰਣ ਵੀ ਕਰਵਾਇਆ। ਇਸ ਮੌਕੇ ਜਗਦੀਪ ਸਿੰਘ, ਲਖਵਿੰਦਰ ਸਿੰਘ, ਗੁਲਾਬ ਸਿੰਘ, ਕਿਰਨ ਬਾਲਾ, ਦਮਨਬੀਰ ਸਿੰਘ ਸਮੇਤ ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ 'ਚ ਪ੍ਰਕਾਸ਼ ਪੁਰਬ ਮਨਾਇਆ



ਝਬਾਲ (ਹਰਜਿੰਦਰ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 16 ਜਨਵਰੀ ਦਿਨ ਮੰਗਲਵਾਰ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਕੇ ਹਰ-ਜਸ ਕੀਰਤਨ ਦਾ ਆਨੰਦ ਮਾਣਿਆ ਗਿਆ। ਇਸੇ ਸੰਬੰਧ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀ ਹਰਨੇਕ ਸਿੰਘ ਵੱਲੋਂ ਕਵਿਤਾ ਦਾ ਗਾਇਨ ਕੀਤਾ ਗਿਆ। ਮੈਡਮ ਗੁਰਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਜੀਵਨੀ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ ਗਿਆ। ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਲੱਖ-ਲੱਖ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਵੱਲੋਂ ਪਾਏ ਹੋਏ ਪੂਰਨਿਆਂ ਤੇ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਨਿਰਮਲ ਸਿੰਘ ਸੰਧੂ ਘਰ 'ਚ ਹੀ ਤਿਆਰ ਕਰਦਾ ਅਲੱਗ ਅਲੱਗ ਤਰ੍ਹਾਂ ਦੇ ਫਲ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਦੀਆਂ ਦੇ ਪਿੰਡ ਨਾਥਪੁਰ 'ਚ ਨਿਰਮਲ ਸਿੰਘ ਸੰਧੂ ਪੁੱਤਰ ਸਾਬਕਾ ਸਰਪੰਚ ਤਾਰਾ ਸਿੰਘ ਬਜ਼ਾਰੀ ਫਲਾਂ ਨੂੰ ਨਾ ਕਹਿ ਕੇ ਘਰ ਵਿੱਚ ਹੀ ਤਿਆਰ ਕਰਦਾ ਹੈ ਅਲੱਗ ਅਲੱਗ ਤਰ੍ਹਾਂ ਦੇ ਫਲ ਅਤੇ ਕਦੇ ਵੀ ਬਜ਼ਾਰ ਵਿੱਚੋਂ ਖਰੀਦ ਕੇ ਨਹੀਂ ਖਾਂਦੇ । ਇਹ ਕਹਿਣਾ ਹੈ ਨਿਰਮਲ ਸਿੰਘ ਦਾ। ਨਿਰਮਲ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਆਪਣੇ ਘਰ ਅੰਦਰ ਕੀਤੀ ਫਲਾਂ ਦੀ ਖੇਤੀ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸ ਨੇ ਇਸ ਬਗੀਚੀ 'ਚ ਅਲੱਗ ਅਲੱਗ ਤਰ੍ਹਾਂ ਦੇ ਫਲ ਲਗਾਏ ਹੋਏ ਹਨ ਜਿਸ ਵਿੱਚ ਕਿਨੂੰ, ਅਮਰੂਦ, ਸੰਤਰਾ, ਬੇਰ, ਅੰਬ, ਆਂਵਲਾ, ਅਮਰੂਦ ਗੁਲਾਬੀ, ਅਨਾਰ, ਪਪੀਤਾ, ਆਦਿ ਦੇ ਬੂਟੇ ਲਗਾਏ ਹਨ। ਸੰਧੂ ਨੇ ਅੱਗੇ ਦੱਸਿਆ ਕਿ ਇਸ ਨੂੰ ਪੌਸ਼ਟਿਕ ਬਗੀਚੀ ਦਾ ਨਾਂ ਇਸ ਕਰਕੇ ਦਿੱਤਾ ਗਿਆ ਹੈ ਕਿਉਂਕਿ ਅਕਸਰ ਹੀ ਲੋਕ ਜਦੋਂ ਬਜ਼ਾਰ ਫਲ ਲੈਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਸ਼ੱਕ ਰਹਿੰਦਾ ਹੈ ਕਿ ਇਹ ਕਿਸੇ ਕੈਮੀਕਲ ਨਾਲ ਤਾਂ ਨਹੀਂ ਪਕਾਏ ਹੋਏ। ਪਰ ਇਸ ਬਗੀਚੀ ਵਿੱਚ ਉਸ ਨੂੰ ਕੋਈ ਕੀਟਨਾਸ਼ਕ ਪਾਉਣ ਦੀ ਲੋੜ ਨਹੀਂ। ਪਾਣੀ ਅਤੇ ਦੇਸੀ ਖਾਦ ਪਾਉਣ ਨਾਲ ਹੀ ਇਹ ਬੂਟੇ ਅਤੇ ਦਰੱਖਤ 10 ਮਹੀਨੇ ਬਾਅਦ ਫਲ ਦਿੰਦੇ ਹਨ। ਸੰਧੂ ਨੇ ਅੱਗੇ ਦੱਸਿਆ ਕਿ ਇਨ੍ਹਾਂ ਫਲਾਂ ਦੀ ਵੰਡ ਆਪਣੇ ਰਿਸ਼ਤੇਦਾਰਾਂ ਸੱਜਣਾ ਮਿੱਤਰਾਂ ਵਿੱਚ ਬਿਲਕੁਲ ਮੁਫਤ ਕੀਤੀ ਜਾਂਦੀ ਹੈ। ਕਦੇ ਵੀ ਆਪਣੇ ਫਲਾਂ ਨੂੰ ਉਸ ਨੇ ਵੇਚਿਆ ਨਹੀਂ। ਸੰਧੂ ਨੇ ਆਪਣੇ ਵੱਲੋਂ ਤਿਆਰ ਕੀਤੇ ਗਏ ਫਲਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਹੋਰ ਦੱਸਿਆ ਕਿ ਅਜੋਕੇ ਦੌਰ 'ਚ ਹਰ ਪਾਸੇ ਬਿਮਾਰੀਆਂ ਦਾ ਬੋਲਬਾਲਾ ਹੈ ਜਿਸ ਦਾ ਮੁੱਖ ਕਾਰਨ ਲੋਕਾਂ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਹੋਣਾ ਹੈ। ਭੱਜ-ਦੌੜ ਦੀ ਜ਼ਿੰਦਗੀ ਵਿਚ ਸਮੇਂ ਦੀ ਘਾਟ ਹੋਣ ਕਾਰਨ ਲੋਕ ਤਾਜ਼ੇ ਫਲ, ਸਬਜ਼ੀਆਂ ਦੇ ਸੇਵਨ ਦੀ ਬਜਾਏ ਬਜ਼ਾਰ ਤੋਂ ਤਿਆਰ ਭੋਜਨ ਖਾਣ ਨੂੰ ਤਰਜੀਹ ਦਿੰਦੇ ਹਨ ਜਾਂ ਫਿਰ ਬਜ਼ਾਰ ਰੇਹੜੀ ਆਦਿ ਤੋਂ ਸਬਜ਼ੀਆਂ, ਫਲ ਖਰੀਦਦੇ ਹਨ। ਕਈ ਵਾਰ ਇਹ ਸਬਜ਼ੀ, ਫਲ ਤਾਜ਼ੇ ਨਹੀਂ ਹੁੰਦੇ। ਕਈ ਵਾਰ ਇਨ੍ਹਾਂ 'ਤੇ ਖਤਰਨਾਕ ਦਵਾਈਆਂ ਦਾ ਛਿੜਕਾਅ ਕੀਤਾ ਹੁੰਦਾ ਹੈ ਜੋ ਕਈ ਗੰਭੀਰ ਬਿਮਾਰੀਆਂ ਨੂੰ ਸੱਦਾ ਦਿੰਦੀਆਂ ਹਨ। ਉਨ੍ਹਾ ਦੱਸਿਆ ਸਾਨੂੰ ਤੰਦਰੁਸਤ ਰਹਿਣ ਲਈ ਸੰਤੁਲਿਤ ਖੁਰਾਕ ਵਿਟਾਮਿਨ, ਖਣਿਜ, ਪ੍ਰੋਟੀਨ ਅਤੇ ਹੋਰ ਲੋੜੀਂਦੇ ਤੱਤ ਹੁੰਦੇ ਹਨ ਇਨ੍ਹਾਂ ਪੌਸ਼ਟਿਕ ਅਹਾਰਾਂ ਦਾ ਹੀ ਸਾਨੂੰ ਸੇਵਨ ਕਰਨਾ ਚਾਹੀਦਾ ਹੈ। ਹਰ ਵਿਅਕਤੀ ਨੂੰ ਪ੍ਰਤੀ ਦਿਨ 300 ਗ੍ਰਾਮ ਸਬਜ਼ੀਆਂ ਜਿਸ ਵਿੱਚ ਲਗਭਗ 120 ਗ੍ਰਾਮ ਹਰੇ ਪੱਤੇ ਵਾਲੀਆਂ, 90 ਗ੍ਰਾਮ ਜੜ੍ਹਾਂ ਵਾਲੀਆਂ ਅਤੇ 90 ਗ੍ਰਾਮ ਬਾਕੀ ਅਤੇ 100 ਗ੍ਰਾਮ ਫਲ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਸਾਨੂੰ ਆਪਣੇ ਖਾਣ ਲਈ ਆਪਣੇ ਘਰ ਵਿੱਚ ਹੀ ਫਲ, ਸਬਜ਼ੀਆਂ ਉਗਾਉਣੇ ਚਾਹੀਦੇ ਹਨ।

# ਤਰਸਿੱਕਾ ਪੁਲਸ ਵੱਲੋਂ ਅਦਾਲਤੀ ਭਗੌੜੇ ਕਾਬੂ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਸਤਿੰਦਰ ਸਿੰਘ ਆਈਪੀਐੱਸ ਸੀਨੀਅਰ ਪੁਲਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋਂ ਸਮੁੱਚੀ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੂੰ ਸਖਤ ਹਦਾਇਤਾਂ ਜਾਰੀ ਸਨ ਕਿ ਭਗੌੜੇ ਵਿਅਕਤੀਆਂ ਦੇ ਖਿਲਾਫ ਸਖਤ ਤੋਂ ਕਨੂੰਨੀ ਕਾਰਵਾਈ ਕੀਤੀ ਜਾਵੇ ਜਿਸ ਤਹਿਤ ਥਾਣਾ ਤਰਸਿੱਕਾ ਦੀ ਪੁਲਸ ਵੱਲੋਂ ਕੁਝ ਅਦਾਲਤੀ ਭਗੌੜੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਐੱਸਆਈ ਅਵਤਾਰ ਸਿੰਘ ਕਾਹਲੋਂ ਨੇ ਦੱਸਿਆ ਕਿ ਸੀਨੀਅਰ ਅਫਸਰਾਨ ਵੱਲੋਂ ਜਾਰੀ ਉਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅੱਜ ਥਾਣਾ ਤਰਸਿੱਕਾ ਦੀ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦ ਥਾਣਾ ਤਰਸਿੱਕਾ ਦੀ ਵੱਖ-ਵੱਖ ਪੁਲਸ ਪਾਰਟੀਆਂ ਵੱਲੋਂ ਨਜਾਇਜ਼ ਸ਼ਰਾਬ ਨਾਲ ਸਬੰਧਤ ਵੱਖ-ਵੱਖ ਮੁਕੱਦਮਿਆਂ ਵਿਚ ਮਾਣਯੋਗ ਅਦਾਲਤ ਬਾਬਾ ਬਕਾਲਾ ਸਾਹਿਬ ਵੱਲੋਂ ਪੀਓ ਕਰਾਰ ਦਿਤੇ ਗਏ ਪੀਓ ਬਲਦੇਵ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਪਿੰਡ ਸਰਜਾ ਥਾਣਾ ਤਰਸਿੱਕਾ ਜ਼ਿਲਾ ਅੰਮ੍ਰਿਤਸਰ, ਜਸਵੰਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਮੁੱਛਲ ਥਾਣਾ ਤਰਸਿੱਕਾ ਜ਼ਿਲਾ ਅੰਮ੍ਰਿਤਸਰ ਅਤੇ ਲਾਡੀ ਪੁੱਤਰ ਤਰਲੋਕ ਸਿੰਘ ਵਾਸੀ ਪੁਰਾਣਾ ਤਨੇਲ ਥਾਣਾ ਮੱਤੇਵਾਲ ਜ਼ਿਲਾ ਅੰਮ੍ਰਿਤਸਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਮੌਕੇ ਥਾਣਾ ਮੁਖੀ ਤਰਸਿੱਕਾ ਅਵਤਾਰ ਸਿੰਘ ਕਾਹਲੋਂ, ਐੱਸਆਈ ਬਘੇਲ ਸਿੰਘ, ਏਐੱਸਆਈ ਹਰਬੰਸ ਸਿੰਘ, ਏਐੱਸਆਈ ਸੰਜੀਵ ਕੁਮਾਰ, ਏਐੱਸਆਈ ਨਿਰਮਲ ਸਿੰਘ, ਹੈੱਡ ਕਾਂਸਟੇਬਲ ਜਤਿੰਦਰ ਸਿੰਘ, ਨਵਜੋਤ ਸਿੰਘ, ਹਰਵਿੰਦਰ ਸਿੰਘ ਵੀ ਹਾਜ਼ਰ ਸਨ।

# ਸ਼ਾਹਰੁਖ ਖਾਨ ਨੇ ਟਾਈਡ ਨੂੰ ਦੱਸਿਆ ਸਟੇਨ ਰਿਮੂਵਲ ਕਿੰਗ

ਅੰਮ੍ਰਿਤਸਰ - ਟਾਈਡ ਦੁਨੀਆ ਦੇ ਨੰਬਰ 1 ਡਿਟਰਜੈਂਟ ਬ੍ਰਾਂਡ ਸ਼ਾਹਰੁਖ ਖਾਨ ਨਾਲ ਸਾਂਝੇਦਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਸੁਪਰਸਟਾਰ ਟਾਈਡ ਨੂੰ ਅਸਲੀ ਐੱਸ ਆਰ ਕੇ- ਸਟੇਨ ਰਿਮੂਵਲ ਕਿੰਗ ਵਜੋਂ ਪ੍ਰਚਾਰਨ ਲਈ ਇੱਕ ਬ੍ਰਾਂਡ ਅੰਬੈਸਡਰ ਦੇ ਰੂਪ ਵਿੱਚ ਟਾਈਡ ਇੰਡੀਆ ਵਿੱਚ ਸ਼ਾਮਲ ਹੋ ਗਏ ਹਨ। ਸਾਂਝੇਦਾਰੀ 'ਤੇ ਬੋਲਦੇ ਹੋਏ ਕਿੰਗ ਖਾਨ ਨੇ ਕਿਹਾ ਕਿ ਟਾਈਡ ਦੇ ਨਾਲ ਇਹ ਸਹਿਯੋਗ ਸਿਰਫ ਇੱਕ ਬ੍ਰਾਂਡ ਦਾ ਸਮਰਥਨ ਕਰਨ ਬਾਰੇ ਨਹੀਂ ਹੈ ਸਗੋਂ ਇਹ ਪੂਰਨਤਾ ਪ੍ਰਤੀ ਸਾਂਝੇਦਾਰੀ ਅਤੇ ਉੱਤਮਤਾ ਦੀ ਨਿਰੰਤਰ ਖੋਜ ਬਾਰੇ ਹੈ। ਮੁਕਤਾ ਮਹੇਸ਼ਵਰੀ, ਚੀਫ ਮਾਰਕੀਟਿੰਗ ਅਫ਼ਸਰ ਨੇ ਕਿਹਾ ਸਾਨੂੰ ਸ਼ਾਹਰੁਖ ਖਾਨ ਦੇ ਨਾਲ ਇਸ ਸਾਂਝੇਦਾਰੀ 'ਤੇ ਅਤੇ ਨਵੇਂ ਅਤੇ ਬਿਹਤਰ ਟਾਈਡ ਨੂੰ ਸਟੇਨ ਰਿਮੂਵਲਕਿੰਗ ਦੇ ਰੂਪ ਵਿੱਚ ਸਮਰਥਨ 'ਤੇ ਬਹੁਤ ਖੁਸ਼ੀ ਹੈ।

# ਫਾਇਰਸਟੋਨ ਨੇ ਆਧੁਨਿਕ ਰੋਡ ਹਾੱਕ 2 ਜ਼ੈੱਡ ਟਾਇਰ ਕੀਤਾ ਲਾਂਚ

ਜਲੰਧਰ- ਬ੍ਰਿਜਸਟੋਨ ਸਮੂਹ ਦੀ ਮਲਕੀਅਤ ਵਾਲੇ ਬ੍ਰਾਂਡ ਫਾਇਰਸਟੋਨ ਨੇ ਆਪਣਾ ਫਾਇਰਸਟੋਨ ਰੋਡ ਹਾੱਕ 2 ਜ਼ੈੱਡ ਪੇਸ਼ ਕੀਤਾ ਹੈ, ਜੋ ਕਿ ਅਗਲੀ ਪੀੜ੍ਹੀ ਦਾ ਟਾਇਰ ਹੈ ਅਤੇ ਇਸ ਨੂੰ ਸ਼ਾਨਦਾਰ ਸਥਾਨਕ ਅਤੇ ਉੱਨਤ ਤਕਨੀਕੀ ਵਿਸ਼ੇਸ਼ਤਾਵਾਂ ਨਾਲ ਤਿਆਰ ਕੀਤਾ ਗਿਆ ਹੈ। 5 ਸਾਲ ਦੀ ਵਾਰੰਟੀ ਦੇ ਨਾਲ ਸਮਰਥਤ ਇਹ ਟਾਇਰ ਡਿਜ਼ਾਈਨ ਕੀਤਾ ਗਿਆ ਹੈ। ਫਾਇਰਸਟੋਨ ਦਾ ਰੋਡ ਹਾੱਕ 2 ਜ਼ੈੱਡ ਟਾਇਰ ਹੈਚਬੈਕ, ਸੇਡਾਨ ਅਤੇ ਸੀ ਯੂ ਵੀ ਬਜ਼ਾਰਾਂ ਦੀ ਮੰਗ ਨੂੰ ਪੂਰਾ ਕਰੇਗਾ। ਮੁੱਖ ਕਮਰਸ਼ੀਅਲ ਅਫ਼ਸਰ ਰਾਜਰਸ਼ੀ ਮੋਇਤਰਾ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲਾ ਮੌਕਾ ਹੈ ਕਿ ਅਸੀਂ ਅਮਰੀਕਾ ਦੇ ਆਈਕੋਨਿਕ ਟਾਇਰ ਬ੍ਰਾਂਡ ਨੂੰ ਪੇਸ਼ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਸਾਡੇ ਉਤਪਾਦਾਂ 'ਚ ਰੋਡ ਹਾੱਕ 2 ਜ਼ੈੱਡ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਟਾਇਰ ਵਿੱਚ ਇੱਕ ਵਿਲੱਖਣ ਕੰਪਾਊਂਡ ਸ਼ਾਮਲ ਕੀਤਾ ਗਿਆ ਹੈ ਜਿਸ ਵਿੱਚ ਉੱਚ ਕਾਰਬਨ ਬਲੈਕ ਅਨੁਪਾਤ ਹੁੰਦਾ ਹੈ, ਜੋ ਟਾਇਰ ਉੱਤੇ ਰਗੜ ਨੂੰ ਘੱਟ ਕਰਦਾ ਹੈ। ਇਸ ਨੂੰ ਮਜ਼ਬੂਤ ਮਟੀਰੀਅਲ ਦੇ ਨਾਲ ਮਜ਼ਬੂਤੀ ਦਿੱਤੀ ਗਈ ਹੈ ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਵਿਕਾਸ ਕਾਰਜਾਂ ਲਈ ਵੰਡੀਆਂ ਕਰੀਬ 75.50 ਲੱਖ ਦੀਆਂ ਵਿਵੇਕੀ ਗ੍ਰਾਂਟਾਂ



ਪਠਾਨਕੋਟ: 17 ਜਨਵਰੀ 2024 (ਦਵਿੰਦਰ ਸਿੰਘ)-ਬੁੱਧਵਾਰ ਨੂੰ ਪਿੰਡ ਜਸਵਾਲੀ 'ਚ ਕਰੀਬ 75.50 ਲੱਖ ਰੁਪਏ ਦੀਆਂ ਵਿਵੇਕੀ ਗ੍ਰਾਂਟਾਂ ਦੀ ਵੰਡ ਕੀਤੀ ਗਈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਜਸਵਾਲੀ ਵਿਖੇ ਸਥਿਤ ਰੈਸਟ ਹਾਊਸ ਵਿਖੇ ਸਮਾਰੋਹ ਦੌਰਾਨ ਵੱਖ ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਦੀਆਂ ਗ੍ਰਾਂਟਾਂ ਵੰਡਣ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਸੌਰਭ ਬਹਿਲ ਜਨਰਲ ਸਕੱਤਰ, ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਸੈਲ ਪਠਾਨਕੋਟ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਜੰਗ ਬਹਾਦੁਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ, ਸੋਹਣ ਲਾਲ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਸ਼ੈਲੀ ਸ਼ਰਮਾ, ਠਾਕੁਰ ਭੁਪਿੰਦਰ ਸਿੰਘ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ। ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਜ਼ਿਲ੍ਹਾ ਪਠਾਨਕੋਟ ਦੀਆਂ ਵੱਖ ਵੱਖ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਵਿਵੇਕੀ ਗ੍ਰਾਂਟਾਂ ਦੀ ਵੰਡ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਅੱਜ ਜਿਨ੍ਹਾਂ ਪੰਚਾਇਤਾਂ ਨੂੰ ਗ੍ਰਾਂਟਾਂ ਦੀ ਵੰਡ ਕੀਤੀ ਗਈ ਹੈ ਉਨ੍ਹਾਂ ਵਿੱਚ ਉਹ ਪਿੰਡ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਲੰਮੇ ਸਮੇਂ ਤੋਂ ਬਣੀ ਹੋਈ ਸੀ, ਇਸ ਤੋਂ ਇਲਾਵਾ ਕੁਝ ਪਿੰਡਾਂ ਅੰਦਰ ਗਲੀਆਂ ਨਾਲੀਆਂ ਦੀ ਰਿਪੇਅਰ, ਸੋਲਰ ਲਾਈਟਾਂ ਆਦਿ ਲਈ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਰਹਿਨੁਮਾਈ ਹੇਠ ਗ੍ਰਾਮੀਣ ਖੇਤਰਾਂ ਅੰਦਰ ਲੋਕਾਂ ਦੀਆਂ ਮੁਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮਾਰੋਹ 'ਚ ਵੱਖ ਵੱਖ ਪਿੰਡਾਂ ਵਿੱਚ ਬਜਰੰਗਵਲੀ ਸਪੋਰਟਸ ਕਲੱਬ ਸ਼ਹੀਦਪੁਰ ਨੂੰ 50 ਹਜ਼ਾਰ, ਗੁਰੂ ਗੋਬਿੰਦ ਸਿੰਘ ਯੂਥ ਕਲੱਬ ਅੰਤੋਰ ਨੂੰ 50 ਹਜ਼ਾਰ, ਸ਼ਹੀਦ ਭਗਤ ਸਿੰਘ ਯੂਥ ਕਲੱਬ ਭਗਵਾਨਪੁਰ ਨੂੰ 50 ਹਜਜ਼ਾਰ ਰੁਪਏ ਦੀ ਗ੍ਰਾਂਟ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ, ਪੰਚਾਇਤ ਡਿਬਕੂ ਨੂੰ 2 ਲੱਖ ਰੁਪਏ ਪਾਰਕ ਦੀ ਸਾਂਭ ਸੰਭਾਲ ਲਈ ਅਤੇ ਹੋਰ ਵਿਕਾਸ ਕਾਰਜਾਂ ਲਈ, ਪਿੰਡ ਡੱਲਾਂ ਨੂੰ 2 ਲੱਖ ਰੁਪਏ, ਪਿੰਡ ਤਰਹੇਟੀ ਬਾਸਾ ਨੂੰ 2 ਲੱਖ ਰੁਪਏ ਦੀ ਗ੍ਰਾਂਟ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਗਲ ਨੂੰ 2 ਲੱਖ ਰੁਪਏ, ਪਿੰਡ ਝੇਲਾ ਆਮਦਾ ਨੂੰ ਬੋਰ ਲਈ ਅਤੇ ਪਾਈਪਾਂ ਪਾਉਣ ਲਈ 4 ਲੱਖ ਰੁਪਏ, ਪਿੰਡ ਲਾਹੜੀ ਗੁੱਜਰਾਂ ਨੂੰ 3 ਲੱਖ ਰੁਪਏ, ਪਿੰਡ ਪਰਮਾਨੰਦ ਨੂੰ 3 ਲੱਖ ਰੁਪਏ, ਮਾਤਾ ਵੈਸ਼ਨੋ ਮਹਿਲਾ ਮੰਡਲ ਨੂੰ ਬਰਤਨ ਖਰੀਦਣ ਲਈ 1 ਲੱਖ ਰੁਪਏ, ਜੈ ਮਾਂ ਦੁਰਗਾ ਕਲੱਬ ਸਿਊਂਟੀ ਨੂੰ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ 1 ਲੱਖ ਰੁਪਏ, ਨਾਰੀ ਸ਼ਕਤੀ ਮਹਿਲਾ ਕਲੱਬ ਸਿਊਟੀ ਨੂੰ ਬਰਤਨਾਂ ਦੀ ਖਰੀਦ ਲਈ 1 ਲੱਖ ਰੁਪਏ, ਪਿੰਡ ਅਜੀਜਪੁਰ ਨੂੰ 5 ਲੱਖ ਰੁਪਏ, ਛਿੰਝ ਮੇਲਾ ਕਮੇਟੀ ਲਮੀਨੀ ਨੂੰ 50 ਹਜ਼ਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਰੋਟ ਜੈਮਲ ਸਿੰਘ ਨੂੰ 2.50 ਲੱਖ ਰੁਪਏ, ਕਸ਼ਯਪ ਰਾਜਪੂਤ ਸਭਾ ਪਠਾਨਕੋਟ ਨੂੰ 5 ਲੱਖ ਰੁਪਏ, ਪਿੰਡ ਭਗਵਾਨਪੁਰ ਨੂੰ 3 ਲੱਖ ਰੁਪਏ, ਪਿੰਡ ਚੰਗੀਗੜ੍ਹ ਅਬਾਦੀ ਰਾਏਪੁਰ ਨੂੰ ਗਲੀਆਂ ਨਾਲੀਆਂ ਦੇ ਵਿਕਾਸ ਲਈ 3 ਲੱਖ ਰੁਪਏ, ਪਿੰਡ ਭਟੋਆ ਪੰਚਾਇਤ ਨੂੰ ਗਲੀਆਂ ਨਾਲੀਆਂ ਦੇ ਵਿਕਾਸ ਲਈ 2.50 ਲੱਖ ਰੁਪਏ, ਪਿੰਡ ਲਾਹੜੀ ਬਾਵਿਆਂ ਨੂੰ ਸੋਲਰ ਲਾਈਟਾਂ ਲਈ 1.50 ਲੱਖ ਰੁਪਏ, ਪਿੰਡ ਠਾਕੁਰਪੁਰ ਨੂੰ ਸੋਲਰ ਲਾਈਟਾਂ ਲਈ 2 ਲੱਖ ਰੁਪਏ ਅਤੇ ਪਿੰਡ ਚੇਲੇਚੱਕ ਨੂੰ ਸੋਲਰ ਲਾਈਟਾਂ, ਗਲੀਆਂ ਨਾਲੀਆਂ ਦੀ ਰਿਪੇਅਰ ਲਈ 2 ਲੱਖ ਰੁਪਏ ਵਿਵੇਕੀ ਗ੍ਰਾਂਟਾਂ ਦੀ ਵੰਡ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਪਿੰਡਾਂ 'ਚ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ +ਚ ਵਿਕਾਸ ਕਾਰਜ ਹੋਣ ਵਾਲੇ ਹਨ ਅਤੇ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਪਿੰਡ ਨੂੰ ਵੀ ਗ੍ਰਾਂਟ ਦੀ ਲੋੜ ਹੈ ਤਾਂ ਉਨ੍ਹਾਂ ਦੇ ਧਿਆਨ 'ਚ ਲਿਆਂਦਾ ਜਾਵੇ।


**RELIANCE COMMERCIAL FINANCE LIMITED**

**Registered Office:** 11th Floor, The Ruby, Plot No-29, Ruby Mills Compound, Senapati Bapat Marg, Dadar West, Mumbai - 400028.
**Branch Office:** Reliance Commercial Finance Ltd. Go Shawk Rental Space 2nd Floor Sandhu Tower 2 Ferozepur Road Ludhiana 141001

**ਸਰਫੇਸੀ ਐਕਟ, 2002 ਤਹਿਤ ਨਿਲਾਮੀ ਵਿਕਰੀ ਨੋਟਿਸ**

"ਨਿਮਨਹਸਤਾਖਰੀ ਨੇ ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ (ਏ ਓ) ਵਜੋਂ ਰਿਲਾਇੰਸ ਹੋਮ ਫਾਇਨਾਂਸ ਲਿਮ: ਦੇ ਮਤੇ ਤਹਿਤ ਅਤੇ ਰਿਲਾਇੰਸ ਹੋਮ ਫਾਇਨਾਂਸ ਲਿਮ: ਵੱਲੋਂ ਬਿਜਨਸ ਤਬਾਦਲਾ ਇਕਰਾਰਨਾਮੇ ਰਾਹੀਂ ਅਤੇ ਦਾ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਦਾ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਜਾਰੀ ਨੋਟਿਸ ਦੀ ਪਾਲਣਾ 'ਚ ਬੈਂਕ ਦੇ ਬਕਾਏ ਵਸੂਲਣ ਲਈ ਹੇਠਾਂ ਦਰਸਾਏ ਕਰਜ਼ਾ ਖਾਤਿਆਂ ਦੀ "ਜਿਵੇਂ ਹੈ ਜਿੱਥੇ ਹੈ" ਅਤੇ 'ਜੋ ਵੀ ਹੈ ਜਿਵੇਂ ਹੈ' ਦੇ ਆਧਾਰ 'ਤੇ ਵਿਕਰੀ ਕਰਨ ਦੇ ਅਧਿਕਾਰ ਪ੍ਰਾਪਤ ਕਰ ਲਏ ਹਨ।

| 1. ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਪਤਾ 2. ਕੁੱਲ ਬਕਾਇਆ+ ਤੋਂ ਵਿਆਜ | ਜਾਇਦਾਦ ਦਾ ਵੇਰਵਾ | 1. ਈ-ਨਿਲਾਮੀ ਦੀ ਮਿਤੀ ਅਤੇ ਸਮਾਂ 2. ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 3. ਜਾਇਦਾਦ ਨਿਰੀਖਣ ਦੀ ਮਿਤੀ ਅਤੇ ਸਮਾਂ | 1. ਰਾਖਵੀਂ ਕੀਮਤ 2. ਜਾਇਦਾਦ ਦੀ ਈ ਐੱਮ ਡੀ |
|---|---|---|---|
| (1) ਪੂਨਮ ਪਵਨ ਕੁਮਾਰ (2) ਪਵਨ ਕੁਮਾਰ, ਮਕਾਨ ਨੰ. 61, ਹੇਮ ਬਿਹਾਰ, ਫੇਸ-1, ਬਲਟਾਨਾ ਜ਼ੀਰਕਪੁਰ, ਪੰਜਾਬ-140604 ਕਰਜ਼ਾ ਖਾਤਾ ਨੰ. RHAHCHA000074938 16-01-2024 ਨੂੰ ਕੁੱਲ ਬਕਾਇਆ ਰੁਪਏ 1788121.00 ਨਾਲ 17-01-2024 ਤੋਂ ਭਵਿੱਖੀ ਲਾਗੂ ਵਿਆਜ ਸਮੇਤ ਮੁਕੰਮਲ ਅਦਾਇਗੀ ਤੱਕ ਸਾਰੀ ਲਾਗਤ, ਚਾਰਜਿਜ ਅਤੇ ਖਰਚੇ। | ਫਲੈਟ ਨੰ. 54, ਦੂਜੀ ਮੰਜ਼ਲ, ਰਕਬਾ 0 ਕਨਾਲ 0 ਮਰਲਾ 7-1/2 ਸਰਸਾਈ, ਖੇਵਟ ਖਤੌਨੀ ਨੰ. 358/368, ਖਸਰਾ ਨੰ. 51//18/2(3-16), 19/2 (2-15), 22/1 (3-2), 22/2 (4-12), 23 (8-0), 52//2/2 (1-10), 3/1 (5-19), ਕਿੱਤੇ 7, ਜ਼ਮੀਨ ਰਕਬਾ 29 ਕਨਾਲ 14 ਮਰਲੇ ਦਾ 7-1/2/5346 ਤੱਕ ਹਿੱਸਾ ਜੋ ਕਿ 0 ਕਨਾਲ 0 ਮਰਲਾ 7-1/2 ਸਰਸਾਹੀ, ਫਲੈਟ ਨੰ. 54, ਦੂਜੀ ਮੰਜ਼ਲ ਆਸ਼ਿਆਨਾ ਕੰਪਲੈਕਸ ਏ ਕੇ ਐੱਸ ਕਾਲੋਨੀ, ਪਿੰਡ ਭਬਾਤ, ਹਦਬਸਤ ਨੰ. 234, ਐੱਮ ਸੀ ਅਤੇ ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ ਨਾਲ ਸੰਬੰਧਤ ਸਭ ਕੁੱਝ। ਕਬਜ਼ੇ ਦੀ ਕਿਸਮ : ਭੌਤਿਕ | (1) ਨਿਲਾਮੀ ਮਿਤੀ : 08 ਫਰਵਰੀ 2024 ਸਵੇਰੇ 11.30 ਵਜੇ ਤੋਂ ਦੁਪਹਿਰ 12.30 ਤੱਕ (2) ਕੇ ਵਾਈ ਸੀ ਸਮੇਤ ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 06 ਫਰਵਰੀ 2024 ਸ਼ਾਮ 5.00 ਵਜੇ ਤੱਕ (ਆਈ ਐੱਸ ਟੀ) ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ, ਗੋ ਸ਼ਾਕ ਰੈਂਟਲ ਸਪੇਸ ਦੂਜੀ ਮੰਜ਼ਲ, ਸੰਧੂ ਟਾਵਰ 2, ਫਿਰੋਜ਼ਪੁਰ ਰੋਡ, ਲੁਧਿਆਣਾ-141001 (3) ਨਿਰੀਖਣ ਦੀ ਮਿਤੀ : 27 ਜਨਵਰੀ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ (ਆਈ ਐੱਸ ਟੀ) | ਰਾਖਵੀਂ ਕੀਮਤ : ਰੁਪਏ 9.35,000/- (ਜੋ ਕਿ ਨੌਂ ਲੱਖ ਪੈਂਤੀ ਹਜ਼ਾਰ ਰੁਪਏ ਕੇਵਲ ਹੈ) ਬਿਆਨਾ ਰਕਮ ਡਿਪਾਜ਼ਟ : ਰੁਪਏ 93,500/- (ਤਿਰਾਨਵੇਂ ਹਜ਼ਾਰ ਪੰਜ ਸੌ ਰੁਪਏ ਕੇਵਲ) |
| (1) ਕੇਵਲ ਕ੍ਰਿਸ਼ਨ ਕੁੰਦਰਾ (2) ਰੀਟਾ ਕੁੰਦਰਾ (3) ਰਜਤ ਕੁੰਦਰਾ (4) ਐੱਸ ਆਰ ਹੈਂਡੀਕਰਾਫਟਸ ਮਕਾਨ ਨੰ. 2568 ਐੱਚ ਆਈ ਜੀ ਫਲੈਟ ਦੁਗਰੀ ਫੇਸ-2, ਬਸੰਤ ਐਵੇਨਿਊ, ਲੁਧਿਆਣਾ 141013 ਕਰਜ਼ਾ ਖਾਤਾ ਨੰ. RHLPLUD000056336 & RHLPUD000056478 16-01-2024 ਨੂੰ ਕੁੱਲ ਬਕਾਇਆ ਰਕਮ 19605598.00 ਨਾਲ 17-01-2023 ਤੋਂ ਭਵਿੱਖੀ ਲਾਗੂ ਵਿਆਜ ਸਮੇਤ ਮੁਕੰਮਲ ਅਦਾਇਗੀ ਤੱਕ ਸਾਰੀ ਲਾਗਤ, ਚਾਰਜਿਜ ਅਤੇ ਖਰਚੇ। | ਅਚੱਲ ਫ੍ਰੀ ਹੋਲਡ ਜਾਇਦਾਦ ਰਕਬਾ 605 ਵਰਗ ਗਜ਼ (ਫੈਕਟਰੀ ਦੀ ਵਰਤੋਂ ਵਾਸਤੇ ਚਾਰਦੀਵਾਰੀ ਨਾਲ ਨਿਰਮਤ ਇਮਾਰਤ, ਖਸਰਾ ਨੰ. 283, ਖੱਤਾ ਨੰ. 424/457 ਵਾਕਿਆ ਪਿੰਡ ਫੁੱਲਾਂ ਵਾਲੀ), ਪਿੰਡ ਫੁੱਲਾਂਵਾਲ, ਪੰਪ ਵਾਲੀ ਫੈਕਟਰੀ, ਨੇੜੇ ਫਲਾਵਰ ਚੌਂਕ, ਲੁਧਿਆਣਾ, ਪੰਜਾਬ-141001 ਕਬਜ਼ੇ ਦੀ ਕਿਸਮ : ਭੌਤਿਕ | (1) ਨਿਲਾਮੀ ਮਿਤੀ : 08 ਫਰਵਰੀ 2024 ਸਵੇਰੇ 11.30 ਵਜੇ ਤੋਂ ਦੁਪਹਿਰ 12.30 ਤੱਕ (2) ਕੇ ਵਾਈ ਸੀ ਸਮੇਤ ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 06 ਫਰਵਰੀ 2024 ਸ਼ਾਮ 5.00 ਵਜੇ ਤੱਕ (ਆਈ ਐੱਸ ਟੀ) ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ, ਗੋ ਸ਼ਾਕ ਰੈਂਟਲ ਸਪੇਸ ਦੂਜੀ ਮੰਜ਼ਲ, ਸੰਧੂ ਟਾਵਰ 2, ਫਿਰੋਜ਼ਪੁਰ ਰੋਡ, ਲੁਧਿਆਣਾ-141001 (3) ਨਿਰੀਖਣ ਦੀ ਮਿਤੀ : 27 ਜਨਵਰੀ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ (ਆਈ ਐੱਸ ਟੀ) | ਰਾਖਵੀਂ ਕੀਮਤ ਰੁਪਏ 69,27,500/- (ਜੋ ਕਿ ਉਨੱਤਰ ਲੱਖ ਸਤਾਈ ਹਜ਼ਾਰ ਪੰਜ ਸੌ ਰੁਪਏ ਕੇਵਲ ਹੈ) ਬਿਆਨਾ ਰਕਮ ਡਿਪਾਜ਼ਟ : ਰੁਪਏ 6,92,750/- (ਛੇ ਲੱਖ ਬਾਨਵੇਂ ਹਜ਼ਾਰ ਸੱਤ ਸੌ ਪੰਜਾਹ ਰੁਪਏ ਕੇਵਲ) |

ਚਾਹਵਾਨ ਬੋਲੀਕਾਰਾਂ ਨੂੰ ਸ਼ਾਖਾ ਅਤੇ ਨਿਲਾਮੀ 'ਤੇ ਰੱਖੀਆਂ ਜਾਇਦਾਦਾਂ ਵੇਖਣ ਅਤੇ ਚਾਰਜਿਜ, ਜੋਖਮਾਂ ਸੰਬੰਧੀ ਜ਼ਰੂਰੀ ਜਾਣਕਾਰੀ ਹਾਸਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਖਰੀਦਦਾਦਰ ਆਪਣੇ ਤੌਰ 'ਤੇ ਜਾਂਚ ਕਰੇਗਾ ਅਤੇ ਵਾਧੂ ਚਾਰਜਿਜ ਅਤੇ ਕਿਸੇ ਤੀਸਰੀ ਧਿਰ ਦੇ ਹਿੱਤਾਂ ਤੋਂ ਜਾਣੂ ਹੋਵੇਗਾ ਅਤੇ ਸਾਰੇ ਪੱਖਾਂ ਤੋਂ ਆਪਣੀ ਸੰਤੁਸ਼ਟੀ ਪ੍ਰਾਪਤ ਕਰੇਗਾ। ਸਾਰੇ ਵਿਧਾਨਕ ਬਕਾਏ, ਜਿਵੇਂ ਕਿ ਜਾਇਦਾਦ ਟੈਕਸ, ਬਿਜਲੀ ਦਾ ਬਕਾਇਆ ਅਤੇ ਹੋਰ ਬਕਾਏ, ਜੇਕਰ ਕੋਈ ਜਾਇਦਾਦ ਨਾਲ ਸੰਬੰਧਤ ਹਨ, ਸਫਲ ਬੋਲੀਕਾਰ/ਸੰਭਾਵੀ ਖਰੀਦਦਾਰ ਵੱਲੋਂ ਜਾਣਕਾਰੀ ਲਈ ਜਾਵੇਗੀ ਅਤੇ ਅਦਾ ਕੀਤੇ ਜਾਣਗੇ।
ਸਾਰੇ ਬੋਲੀਕਾਰਾਂ/ਸੰਭਾਵੀ ਖਰੀਦਦਾਰਾਂ ਨੂੰ ਬੋਲੀਆਂ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਆਪਣੇ ਹਿੱਤ ਵਾਸਤੇ ਉਪਰੋਕਤ ਜਾਇਦਾਦ/ਜਾਇਦਾਦਾਂ ਦੇ ਸੰਬੰਧ 'ਚ ਉਪਰੋਕਤ ਵੇਰਵਿਆਂ ਪ੍ਰਤੀ ਆਪਣੀ ਸੰਤੁਸ਼ਟੀ ਹਾਸਲ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।
ਆਨਲਾਈਨ ਟੈਂਡਰ/ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮ
ਚਾਹਵਾਨ ਪਾਰਟੀਆਂ "ਜਾਇਦਾਦਾਂ ਦੀ ਖਰੀਦ ਲਈ ਕੁਟੇਸ਼ਨਾਂ" ਸੀਲਬੰਦ ਲਿਫਾਫੇ ਉੱਪਰ ਲਿਖ ਕੇ, ਅਤੇ ਜਾਇਦਾਦ ਦੇ ਵੇਰਵੇ ਸਮੇਤ ਬਿਆਨਾ ਰਕਮ ਡਿਪਾਜਟ, ਪੇਅ ਆਰਡਰ/ਡੀ ਡੀ ਦੀ ਸੂਰਤ 'ਚ "ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ" ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀ ਯੋਗ ਆਪਣੀਆਂ ਕੁਟੇਸ਼ਨਾਂ/ਬੋਲੀਆਂ ਭੇਜ/ਜਮ੍ਹਾਂ ਕਰਵਾ ਸਕਦੇ ਹਨ।
(1) ਈ ਐੱਮ ਡੀ 'ਤੇ ਕੋਈ ਵਿਆਜ ਨਹੀਂ ਮਿਲੇਗਾ, ਸਫਲ ਪਾਰਟੀਆਂ ਦੇ ਕੇਸ 'ਚ ਐਡਜਸਟ ਕੀਤਾ ਜਾਵੇਗਾ ਅਤੇ ਅਸਫਲ ਰਹਿਣ 'ਤੇ ਜ਼ਬਤ ਕੀਤੀ ਜਾਵੇਗੀ। (2) ਕਿਸੇ ਵੀ ਤਰ੍ਹਾਂ ਨਾ ਮੁਕੰਮਲ ਜਾਂ ਦਸਤਖਤ ਤੋਂ ਬਿਨਾਂ ਨਿਰਧਾਰਤ ਈ ਐੱਮ ਡੀ ਲਈ ਡੀ ਡੀ/ਪੀ ਓ ਤੋਂ ਬਿਨਾਂ ਟੈਂਡਰ/ਬੋਲੀਆਂ ਏ ਓ ਦੀ ਮਰਜ਼ੀ ਅਨੁਸਾਰ ਰੱਦ ਕੀਤੀਆਂ ਜਾ ਸਕਦੀਆਂ ਹਨ। (3) ਉਕਤ ਜਾਇਦਾਦ ਉਪਰੋਕਤ ਰਾਖਵੀਂ ਕੀਮਤ ਤੋਂ ਹੇਠਾਂ ਵਿਕਰੀ ਨਹੀਂ ਕੀਤੀ ਜਾਵੇਗੀ। (4) ਸਫਲ ਪਾਰਟੀ ਨੂੰ ਬੋਲੀ ਦੀ 25 ਫੀਸਦੀ ਰਕਮ, ਜਿਸ ਵਿੱਚ ਈ ਐੱਮ ਡੀ ਡਿਪਾਜ਼ਟ ਸ਼ਾਮਲ ਹੋਵੇਗਾ, ਉਸੇ ਦਿਨ ਤੁਰੰਤ ਪੇ-ਆਰਡਰ/ਡੀ ਡੀ ਜੋ 'ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ' ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀ ਯੋਗ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਬਾਕੀ 75 ਫੀਸਦੀ ਰਕਮ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜਾਂ ਨਿਮਨਹਸਤਾਖਰੀ ਵੱਲੋਂ ਲਿਖਤੀ ਤੌਰ 'ਤੇ ਦਿੱਤੇ ਗਏ ਵਾਧੂ ਸਮੇਂ 'ਚ ਜਮ੍ਹਾਂ ਕਰਵਾਉਣੀ ਪਵੇਗੀ। ਏ ਓ ਨੂੰ ਰਕਮ ਦੀ ਅਦਾਇਗੀ ਲਈ ਲਿਖਤੀ ਤੌਰ 'ਤੇ ਸਮੇਂ 'ਚ ਵਾਧਾ ਕਰਨ ਦਾ ਮੁਕੰਮਲ ਅਧਿਕਾਰ ਹੈ। ਲੋੜੀਂਦੀਆਂ ਰਕਮਾਂ, ਨਿਰਧਾਰਤ ਮਿਤੀਆਂ 'ਤੇ ਅਦਾ ਨਾ ਕੀਤੇ ਜਾਣ ਦੀ ਸੂਰਤ 'ਚ ਈ ਐੱਮ ਡੀ ਅਤੇ ਉਸ ਸਮੇਂ ਤੱਕ ਅਦਾ ਕੀਤੀਆਂ ਜਾ ਚੁੱਕੀਆਂ ਸਾਰੀਆਂ ਰਕਮਾਂ ਬਿਨਾਂ ਕਿਸੇ ਨੋਟਿਸ ਦੇ ਜਬਤ ਕਰ ਲਈਆਂ ਜਾਣਗੀਆਂ ਅਤੇ ਜਾਇਦਾਦ ਦੀ ਮੁੜ ਵਿਕਰੀ ਕਰ ਦਿੱਤੀ ਜਾਵੇਗੀ। (5) ਸਾਰੀਆਂ ਰਕਮਾਂ ਪੇ-ਆਰਡਰ ਜਾਂ ਡਿਮਾਂਡ ਡਰਾਫਟ ਦੀ ਸੂਰਤ 'ਚ ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀ ਯੋਗ ਹੋਣ। (6) ਸਫਲ ਪਾਰਟੀ ਨੂੰ ਚਾਰਜਿਜ/ਵਿਕਰੀ ਲਈ ਫੀਸ/ਸਟੈਂਪ ਡਿਊਟੀ ਆਦਿ, ਰਜਿਸਟਰੇਸ਼ਨ ਫੀਸ, ਟੈਕਸ, ਲੇਵੀਜ਼ ਆਦਿ ਕਾਨੂੰਨ ਅਨੁਸਾਰ ਲਾਗੂ ਅਤੇ ਮਿਸਲੇਨੀਅਸ ਖਰਚੇ ਆਦਿ ਵੀ ਅਦਾ ਕਰਨੇ ਪੈਣਗੇ। (7) ਵਿਕਰੀ ਵਾਲੀ ਜਾਇਦਾਦ ਦੇ ਸੰਬੰਧ 'ਚ ਸਰਕਾਰ ਜਾਂ ਕਿਸੇ ਹੋਰ ਵਿਅਕਤੀ ਵੱਲ ਬਕਾਏ, ਚਾਰਜ, ਲੀਅਨ, ਜੋਖਮ, ਜਾਇਦਾਦ ਟੈਕਸ ਆਦਿ ਲਈ ਏ ਓ ਜ਼ਿੰਮੇਵਾਰ ਨਹੀਂ ਹੋਵੇਗਾ। (8) ਏ ਓ ਨੂੰ ਉੱਚਤਮ ਬੋਲੀਕਾਰ ਨੂੰ ਪੇਸ਼ਕਸ਼ 'ਚ ਸੋਧ ਕਰਨ ਲਈ ਕਹਿਣ ਦਾ ਅਧਿਕਾਰ ਹੈ ਅਤੇ ਬਿਨਾਂ ਕੋਈ ਕਾਰਨ ਦੱਸੇ ਕਿਸੇ ਕੁਟੇਸ਼ਨ ਨੂੰ ਰੱਦ ਜਾਂ ਸਵੀਕਾਰ ਕਰਨ ਜਾਂ ਨਿਲਾਮੀ/ਵਿਕਰੀ ਮੁਲਤਵੀ ਕਰਨ/ਅੱਗੇ ਪਾਉਣ/ਰੱਦ ਕਰਨ ਦਾ ਅਧਿਕਾਰ ਪ੍ਰਾਪਤ ਹੈ। (9) ਵਿਕਰੀ ਦੀ ਆਰ ਸੀ ਐੱਫ ਐੱਲ ਤੋਂ ਪੁਸ਼ਟੀ ਜ਼ਰੂਰੀ ਹੈ। (10) ਜੇਕਰ ਕਰਜ਼ਦਾਰ ਆਰ ਸੀ ਐੱਫ ਐੱਲ ਨੂੰ ਸਾਰੀ ਬਕਾਇਆ ਰਕਮ ਨਿਲਾਮੀ/ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ ਪਹਿਲਾਂ ਅਦਾ ਕਰ ਦਿੰਦਾ ਹੈ ਤਾਂ ਨਿਲਾਮੀ/ਵਿਕਰੀ ਰੋਕੀ ਜਾ ਸਕਦੀ ਹੈ। (11) ਏ ਓ ਦੇ ਗਿਆਨ ਅਨੁਸਾਰ ਉਸ ਦੀ ਜਾਣਕਾਰੀ 'ਚ ਉਪਰੋਕਤ ਜਾਇਦਾਦ 'ਤੇ ਹੋਰ ਕਿਸੇ ਤਰ੍ਹਾਂ ਦਾ ਭਾਰ ਨਹੀਂ ਹੈ। (12) ਬੋਲੀ ਤਬਾਦਲਾਯੋਗ ਨਹੀਂ ਹੈ। 13) ਇਹ ਪ੍ਰਕਾਸ਼ਨਾ ਕਰਜ਼ਦਾਰ ਅਤੇ ਗਰੰਟਰਾਂ ਲਈ ਦੱਸੀ ਗਈ ਮਿਤੀ 'ਤੇ ਵਿਕਰੀ ਬਾਰੇ (15) ਦਿਨਾਂ ਦਾ ਨੋਟਿਸ ਵੀ ਹੈ, ਜੇਕਰ ਮੁਕੰਮਲ ਬਕਾਇਆ ਅਦਾ ਨਹੀਂ ਕੀਤਾ ਗਿਆ। ਜੇਕਰ ਕਰਜ਼ਦਾਰ ਕੋਲ ਨਿੱਜੀ ਸੰਧੀ ਰਾਹੀਂ ਜਾਂ ਕੁਟੇਸ਼ਨ ਪ੍ਰਾਪਤ ਕਰਕੇ ਕਿਸੇ ਵਿਅਕਤੀ ਕੋਲ ਜਾਇਦਾਦ ਵੇਚਣ ਦੀ ਤਜਵੀਜ਼ ਹੈ ਤਾਂ ਉਹ 7 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਨੂੰ ਦੱਸ ਸਕਦਾ ਹੈ। (14) ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨ ਦੇ ਚਾਹਵਾਨ ਬੋਲੀਕਾਰ ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ, ਸ਼ਾਖਾ ਲੁਧਿਆਣਾ, ਅਧਿਕਾਰਤ ਅਫਸਰ ਸ੍ਰੀ ਅਮਰਿੰਦਰ ਸਿੰਘ, ਮੋਬਾਇਲ 964-6144000 ਈਮੇਲ ਆਈ ਡੀ amrinder.sidhu@relianceada.com ਨਾਲ ਕੰਮਕਾਜ਼ ਵਾਲੇ ਦਿਨਾਂ 'ਚ ਦਫਤਰੀ ਸਮੇਂ ਸੰਪਰਕ ਕਰ ਸਕਦੇ ਹਨ।

**ਸਰਫੇਸੀ ਐਕਟ, 2002 ਤਹਿਤ 15 ਦਿਨਾਂ ਦਾ ਸੰਵਿਧਾਨਕ ਵਿਕਰੀ ਨੋਟਿਸ**

ਕਰਜ਼ਦਾਰ/ਗਰੰਟਰ ਨੂੰ ਕੁੱਲ ਬਕਾਇਆ ਰਕਮ ਬੋਲੀ ਖੁੱਲ੍ਹਣ ਦੀ ਮਿਤੀ ਤੋਂ ਪਹਿਲਾਂ ਅਦਾ ਕੀਤੇ ਜਾਣ ਲਈ ਨੋਟਿਸ ਦਿੱਤਾ ਜਾਂਦਾ ਹੈ, ਅਸਫਲ ਰਹਿਣ 'ਤੇ ਸਕਿਉਰਡ ਐੱਸਟਸ ਦੀ ਨਿਲਾਮੀ ਕਰ ਦਿੱਤੀ ਜਾਵੇਗੀ ਅਤੇ ਜੇਕਰ ਹੋਰ ਬਕਾਇਆ ਰਕਮ ਹੋਵੇਗੀ ਤਾਂ ਉਹ ਤੁਹਾਡੇ ਕੋਲੋਂ ਵਿਆਜ, ਲਾਗਤ ਅਤੇ ਚਾਰਜਿਜ ਸਮੇਤ ਵਸੂਲ ਕੀਤੀ ਜਾਵੇਗੀ।

ਸਥਾਨ : ਲੁਧਿਆਣਾ/ਜ਼ੀਰਕਪੁਰ
ਮਿਤੀ : 18.01.2024

ਅਧਿਕਾਰਤ ਅਫਸਰ
ਵਾਸਤੇ ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ

18-Jan-PAGE-12.qxd 1/17/2024 10:33 PM Page 1



# ਸਰਕਾਰੀ ਸਕੂਲਾਂ 'ਚ ਇਨਕਲਾਬੀ ਸੁਧਾਰਾਂ ਲਈ ਵਿਆਪਕ ਪੱਧਰ 'ਤੇ ਮੁਹਿੰਮ ਜਾਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਸੂਬੇ ਦੇ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇਣ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਵੀਆਂ ਪਹਿਲਕਦਮੀਆਂ ਕਰਨ ਸੰਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਉਤੇ ਅਗਲੇ ਦੋ ਵਿਦਿਅਕ ਸੈਸ਼ਨਾਂ ਲਈ ਸਮੱਗਰਾ ਸਿਖਿਆ ਅਭਿਆਨ ਅਥਾਰਟੀ ਦੇ ਐਕਸ਼ਨ ਪਲਾਨ ਨੂੰ ਮਨਜ਼ੂਰ ਕੀਤਾ ਗਿਆ।ਮੁੱਖ ਸਕੱਤਰ ਅਨੁਰਾਗ ਵਰਮਾ ਦੀ ਅਗਵਾਈ ਹੇਠ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਹੋਈ ਮੀਟਿੰਗ ਵਿੱਚ ਦੋ ਸਾਲਾਂ ਲਈ ਸਿਧਾਂਤਕ ਤੌਰ 'ਤੇ ਮਨਜ਼ੂਰ ਕੀਤੇ ਗਏ ਐਕਸ਼ਨ ਪਲਾਨ ਵਿੱਚ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਕਾਮਰਸ ਤੇ ਸਾਇੰਸ ਦੀ ਸਿੱਖਿਆ ਨੂੰ ਹੁਲਾਰਾ ਦੇਣ, ਵਾਤਾਵਰਣ ਪੱਖੀ ਪਹਿਲਕਦਮੀਆਂ, ਮੁਫ਼ਤ ਵਰਦੀ ਤੇ ਪੁਸਤਕਾਂ, ਲਾਇਬ੍ਰੇਰੀਆਂ ਤੇ ਖੇਡਾਂ ਨੂੰ ਤਰਜੀਹ ਦਿੱਤੀ ਗਈ।ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਮੁੱਖ ਸਕੱਤਰ ਵਰਮਾ ਨੇ ਦੱਸਿਆ ਕਿ ਸਿੱਖਿਆ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਸਰਕਾਰੀ ਸਕੂਲਾਂ ਵਿੱਚ ਇਨਕਲਾਬੀ ਸੁਧਾਰ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਉਂਦੇ ਦੋ ਵਿਦਿਅਕ ਸੈਸ਼ਨਾਂ ਵਿੱਚ 35 ਸਕੂਲਾਂ ਵਿੱਚ ਕਾਮਰਸ ਤੇ 10 ਸਕੂਲਾਂ ਵਿੱਚ ਸਾਇੰਸ ਦੇ ਵਿਸ਼ੇ ਸ਼ੁਰੂ ਕੀਤੇ ਜਾ ਰਹੇ ਹਨ ਜਿਨ੍ਹਾਂ ਦੀ ਸੂਚੀ ਨੂੰ ਅੰਤਿਮ ਰੂਪ ਖੁਦ ਮੁੱਖ ਮੰਤਰੀ ਦੇਣਗੇ।



ਇਸੇ ਤਰ੍ਹਾਂ ਆਉਂਦੇ ਦੋ ਸਾਲਾਂ ਵਿੱਚ 92.70 ਕਰੋੜ ਰੁਪਏ ਦੀ ਲਾਗਤ ਨਾਲ 1096 ਨਵੇਂ ਕਲਾਸ ਰੂਮ, ਅਤੇ 14.85 ਕਰੋੜ ਰੁਪਏ ਦੀ ਲਾਗਤ ਨਾਲ 360 ਕਲਾਸ ਰੂਮ ਦੀ ਮੁਰੰਮਤ ਕਰਨ ਦੀ ਤਜਵੀਜ਼ ਹੈ।ਮੁੱਖ ਸਕੱਤਰ ਨੇ ਅੱਗੇ ਦੱਸਿਆ ਕਿ 18.35 ਕਰੋੜ ਰੁਪਏ ਦੀ ਲਾਗਤ ਨਾਲ 2623 ਲੜਕੀਆਂ ਦੇ ਪਖਾਨਿਆਂ ਦੀ ਮੁਰੰਮਤ ਅਤੇ 2.72 ਕਰੋੜ ਰੁਪਏ ਦੀ ਲਾਗਤ ਨਾਲ ਲੜਕੀਆਂ ਲਈ ਨਵੇਂ 215 ਪਖਾਨੇ ਉਸਾਰਨ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 17.52 ਕਰੋੜ ਰੁਪਏ ਦੀ ਲਾਗਤ ਨਾਲ 876 ਪਖਾਨੇ ਬਣਾਉਣ ਅਤੇ ਸੌਰ ਊਰਜਾ ਨੂੰ ਹੁਲਾਰਾ ਦੇਣ ਲਈ 29.58 ਕਰੋੜ ਰੁਪਏ ਦੀ ਲਾਗਤ ਨਾਲ 2190 ਸੋਲਰ ਪੈਨਲ ਲਗਾਉਣ ਦਾ ਐਕਸ਼ਨ ਪਲਾਨ ਬਣਾਇਆ ਗਿਆ ਹੈ।ਸ੍ਰੀ ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਉਂਦੇ ਦੋ ਸਾਲਾਂ ਵਿੱਚ 30 ਲੱਖ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਦੇਣ ਲਈ 182.06 ਕਰੋੜ ਰੁਪਏ ਅਤੇ ਸਾਢੇ 14 ਲੱਖ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਦੇਣ ਲਈ 44.86 ਕਰੋੜ ਰੁਪਏ ਦੀ ਤਜਵੀਜ਼ ਰੱਖੀ ਗਈ ਹੈ। ਇਸੇ ਤਰ੍ਹਾਂ ਆਉਂਦੇ ਦੋ ਸਾਲਾਂ ਲਈ ਲਾਇਬ੍ਰੇਰੀਆਂ ਲਈ 32.91 ਕਰੋੜ ਰੁਪਏ ਅਤੇ ਖੇਡਾਂ ਤੇ ਸਰੀਰਕ ਸਿੱਖਿਆ ਲਈ 20.90 ਕਰੋੜ ਰੁਪਏ, ਰਾਣੀ ਲਕਸ਼ਮੀ ਬਾਈ ਆਤਮ ਰੱਖਿਆ ਪ੍ਰੀਖਣ ਲਈ 18.66 ਕਰੋੜ ਰੁਪਏ ਅਤੇ ਕਿਸ਼ੋਰ ਅਵਸਥਾ ਦੀਆਂ ਲੜਕੀਆਂ ਦੀ ਸਿੱਖਿਆ ਲਈ 1.47 ਕਰੋੜ ਰੁਪਏ ਦਾ ਐਕਸ਼ਨ ਪਲਾਨ ਬਣਾਇਆ ਗਿਆ ਹੈ।ਇਸੇ ਤਰ੍ਹਾਂ ਪਿਕਟਸ ਦੀ ਬੋਰਡ ਆਫ਼ ਗਵਰਨਰਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਜੀਟਲ ਸਿੱਖਿਆ ਨੂੰ ਹੁਲਾਰਾ ਦੇਣ ਅਤੇ ਐਜੂਸੈਟ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸਾਰੇ 19120 ਸਰਕਾਰੀ ਸਕੂਲਾਂ ਨੂੰ ਪੜਾਅਵਾਰ ਇੰਟਰਨੈਟ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਇਸ ਸਬੰਧੀ ਬੀ.ਐਸ.ਐਨ.ਐਲ. ਨਾਲ ਆਪਸੀ ਸਹਿਮਤੀ ਦਾ ਸਮਝੌਤਾ ਕੀਤਾ ਗਿਆ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ 6300 ਸਰਕਾਰੀ ਸਕੂਲਾਂ ਨੂੰ ਇੰਟਰਨੈਟ ਮੁਹੱਈਆ ਕਰਵਾਇਆ ਜਾਵੇਗਾ।

ਇਸ ਤੋਂ ਇਲਾਵਾ ਲੜਕਿਆਂ ਦੇ ਪਖਾਨੇ, ਰੇਨ ਵਾਟਰ ਹਾਰਵੈਸਟਿੰਗ, ਸਾਇੰਸ ਲੈਬ, ਆਰਟ ਕਰਾਫਟ ਰੂਮ, ਲਾਇਬ੍ਰੇਰੀ ਰੂਮ, ਟਰਾਂਸਪੋਰਟ, ਇਨ ਸਰਵਿਸ ਟੀਚਰ ਟ੍ਰੇਨਿੰਗ, ਆਈ.ਸੀ.ਟੀ. ਲਈ ਵੀ ਬਜਟ ਮਨਜ਼ੂਰ ਕੀਤਾ ਗਿਆ।ਮੀਟਿੰਗ ਵਿੱਚ ਵਿਸ਼ੇਸ਼ ਮੁੱਖ ਸਕੱਤਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜੀ ਪੀ ਸ੍ਰੀਵਾਸਤਵਾ, ਪ੍ਰਮੁੱਖ ਸਕੱਤਰ ਰੋਜ਼ਗਾਰ ਉਤਪਤੀ ਜਸਪ੍ਰੀਤ ਤਲਵਾੜ, ਪ੍ਰਮੁੱਖ ਸਕੱਤਰ ਵਿੱਤ ਏ.ਕੇ.ਸਿਨਹਾ, ਸਕੱਤਰ ਸਿੱਖਿਆ ਕਮਲ ਕਿਸ਼ੋਰ ਯਾਦਵ, ਸਕੱਤਰ ਯੋਜਨਾ ਅਮਿਤ ਢਾਕਾ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੇ ਬੁਬਲਾਨੀ, ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਕੰਵਲਪ੍ਰੀਤ ਕੌਰ ਹਾਜ਼ਰ ਸਨ।

# ਰਤਨ ਸਿੰਘ ਕਾਕੜ ਕਲਾਂ ਦਾ ਪਰਵਾਰ ਉਨ੍ਹਾ ਵੱਲੋਂ ਸੰਜੋਏ ਸੁਪਨਿਆਂ ਨੂੰ ਸਾਕਾਰ ਕਰੇਗਾ

**ਸ਼ਾਹਕੋਟ**-ਲੋੜਵੰਦ ਲੋਕਾਂ ਦੇ ਮੁੜ ਵਸੇਬੇ ਲਈ ਸਵਰਗੀ ਰਤਨ ਸਿੰਘ ਕਾਕੜ ਕਲਾਂ (ਹਲਕਾ ਇੰਚਾਰਜ ਸ਼ਾਹਕੋਟ ਆਮ ਆਦਮੀ ਪਾਰਟੀ) ਦੇ ਪਰਵਾਰ ਅਤੇ ਸੰਗਤ ਏਡ ਯੂ ਕੇ ਵੱਲੋਂ ਪਿੰਡ ਕਾਕੜ ਕਲਾਂ ਵਿੱਚ ਇੱਕ ਨਵਾਂ ਨਗਰ 'ਗੁਰੂ ਨਾਨਕ ਨਗਰ' ਵਸਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਸਰਦਾਰਨੀ ਰਣਜੀਤ ਕੌਰ ਕਾਕੜ ਕਲਾਂ ਬੂਟਾ ਸਿੰਘ ਕਲਸੀ ਸੀਨੀਅਰ 'ਆਪ' ਆਗੂਆਂ ਅਤੇ ਨਿਰਮਲ ਸਿੰਘ ਮੱਲ ਪੀ ਏ ਨੇ ਜਾਣਕਾਰੀ ਦਿੱਤੀ ਕਿ ਸਵਰਗੀ ਰਤਨ ਸਿੰਘ ਕਾਕੜ ਕਲਾਂ ਵੱਲੋਂ ਹਲਕੇ ਦੇ ਵਿਕਾਸ ਲਈ ਜਿਹੜੇ-ਜਿਹੜੇ ਸੁਪਨੇ ਸੰਜੋਏ ਸਨ, ਉਹ ਕਾਕੜ ਕਲਾਂ ਪਰਵਾਰ ਵੱਲੋਂ ਹਰ ਹਾਲਤ ਵਿੱਚ ਸਾਕਾਰ ਕੀਤੇ ਜਾਣਗੇ। ਇਸੇ ਸਿਲਸਿਲੇ ਤਹਿਤ ਗੁਰੂ ਨਾਨਕ ਨਗਰ ਕਾਕੜ ਕਲਾਂ ਵਿੱਚ 42 ਘਰਾਂ ਦਾ ਨਿਰਮਾਣ ਕੀਤਾ ਜਾਵੇਗਾ। ਜਿਨ੍ਹਾਂ ਪਰਵਾਰਾਂ ਲਈ ਇਨ੍ਹਾਂ ਘਰਾਂ ਦੀ ਉਸਾਰੀ ਕੀਤੀ ਜਾਵੇਗੀ, ਉਹ ਪਿਛਲੇ ਸਾਲ ਲੋਹੀਆਂ ਖੇਤਰ ਵਿੱਚ ਆਏ ਹੜ੍ਹਾਂ ਕਾਰਨ ਬੇਘਰ ਹੋ ਗਏ ਸਨ। ਉਸ ਵੇਲੇ ਸਵਰਗੀ



ਰਤਨ ਸਿੰਘ ਕਾਕੜ ਕਲਾਂ ਨੇ ਐਲਾਨ ਕੀਤਾ ਸੀ ਕਿ ਇਨ੍ਹਾਂ ਲੋੜਵੰਦ ਪਰਵਾਰਾਂ ਲਈ ਉਹ ਇੱਕ ਏਕੜ ਜ਼ਮੀਨ ਦਾਨ ਕਰ ਦੇਣਗੇ। ਇਹ ਕੰਮ ਤਾਂ ਕਰ ਦਿੱਤਾ ਗਿਆ ਸੀ, ਪਰ ਬਾਅਦ ਵਿੱਚ ਕਾਕੜ ਕਲਾਂ ਨੇ ਦੂਰ-ਅੰਦੇਸ਼ੀ ਵਰਤਦਿਆਂ ਸੋਚਿਆ ਕਿ ਇਹ ਥੁੜਾਂ ਮਾਰੇ ਪਰਵਾਰ ਘਰਾਂ ਦੀ ਉਸਾਰੀ ਕਿਵੇਂ ਕਰਨਗੇ? ਫਿਰ ਉਨ੍ਹਾਂ ਸੰਗਤ ਏਡ ਯੂ ਕੇ ਨਾਲ ਸੰਪਰਕ ਸਾਧ ਕੇ ਕੋਲੋਂ ਹੀ ਘਰਾਂ ਦੀ ਉਸਾਰੀ ਕਰਕੇ ਦੇਣ ਦਾ ਫੈਸਲਾ ਕੀਤਾ। ਅਚਾਨਕ ਰਤਨ ਸਿੰਘ ਕਾਕੜ ਕਲਾਂ ਦਾ ਦਿਹਾਂਤ ਹੋ ਗਿਆ।

ਉਨ੍ਹਾਂ ਦੀ ਅੰਤਿਮ ਅਰਦਾਸ ਵੇਲੇ ਹੀ ਕਾਕੜ ਕਲਾਂ ਪਰਵਾਰ ਨੇ ਹਲਕੇ ਦੇ ਲੋਕਾਂ ਨਾਲ ਹਮੇਸ਼ਾ ਖੜੇ ਰਹਿਣ ਦਾ ਇਕਰਾਰ ਕਰਦਿਆਂ ਇਹ ਵੀ ਵਾਅਦਾ ਕੀਤਾ ਸੀ ਕਿ ਜੋ ਕੁਝ ਵੀ ਸਵਰਗੀ ਰਤਨ ਸਿੰਘ ਕਾਕੜ ਕਲਾਂ ਨੇ ਹਲਕੇ ਦੇ ਵਿਕਾਸ ਲਈ ਵਿਉਂਤਿਆ ਸੀ, ਉਸ ਨੂੰ ਪੂਰਾ ਕੀਤਾ ਜਾਵੇਗਾ। ਜਾਣਕਾਰੀ ਅਨੁਸਾਰ 42 ਘਰਾਂ ਦੇ ਉਸਾਰੀ ਪ੍ਰੋਜੈਕਟ 'ਤੇ ਲੱਗਭਗ ਛੇ ਕਰੋੜ ਰੁਪਏ ਖਰਚ ਹੋਣਗੇ।

ਇਸ ਪ੍ਰੋਜੈਕਟ ਦਾ ਅੱਜ ਨੀਂਹ ਪੱਥਰ ਰੱਖਿਆ ਜਾਵੇਗਾ। ਇਸ ਤੋਂ ਪਹਿਲਾਂ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ। ਕਾਕੜ ਕਲਾਂ ਪਰਵਾਰ ਅਤੇ ਸੰਗਤ ਏਡ ਯੂ ਕੇ ਵੱਲੋਂ ਹਲਕੇ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਇਸ ਸ਼ੁੱਭ ਮੌਕੇ 'ਤੇ ਹਾਜ਼ਰੀ ਭਰੀ ਜਾਵੇ।

**—ਗਿਆਨ ਸੈਦਪੁਰੀ**

# ਸੰਦੀਪ ਕੁਮਾਰ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ

**ਹੁਸ਼ਿਆਰਪੁਰ (ਓ ਪੀ ਰਾਣਾ)** ਪਿੰਡ ਡਡਿਆਣਾ ਕਲਾਂ ਦੇ ਸਰਪੰਚ ਸਵ. ਸਰਪੰਚ ਸੰਦੀਪ ਕੁਮਾਰ ਦੇ ਅੰਤਿਮ ਅਰਦਾਸ ਮੌਕੇ ਦੇਸ਼ ਵਿਦੇਸ਼ ਤੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ।ਸ੍ਰੀ ਸੁਖਮਣੀ ਸਾਹਿਬ ਦੇ ਪਾਠ ਤੋਂ ਉਪਰੰਤ ਵਿਛੜੀ ਹੋਈ ਆਤਮਾ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ।ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ ਵਾਈਸ ਪ੍ਰਧਾਨ, ਸੰਤ ਬਲਵੰਤ ਸਿੰਘ ਡੀਗਰੀਆਂ ਵਾਈਸ ਪ੍ਰਧਾਨ, ਸੰਤ ਧਰਮ ਪਾਲ ਸ਼ੇਰਗੜ੍ਹ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਜਗੀਰ ਸਿੰਘ ਮਕਸੂਦਾਂ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਅਤੇ ਹੋਰ ਕਈ ਸੰਤ ਮਹਾਂਪੁਰਸ਼ ਹਾਜ਼ਰ ਸਨ। ਜਿਨ੍ਹਾਂ ਨੇ ਕਥਾ, ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਰਪੰਚ ਸੰਦੀਪ ਕੁਮਾਰ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸ਼ੇਖੇ, ਸੰਤ ਸਰਵਣ ਦਾਸ ਨੇ ਕਿਹਾ ਕਿ ਗੁਰੂਆਂ ਦੀ ਬਾਣੀ ਇਹੀ ਸੁਨੇਹਾ ਦਿੰਦੀ ਹੈ ਕਿ ਕੀ ਜਦੋਂ ਤੱਕ ਸਾਰਾ ਸਮਾਜ



ਇਕ ਪਲੇਟਫਾਰਮ ਤੇ ਇਕੱਠਾ ਨਹੀਂ ਹੁੰਦਾ ਓਦੋਂ ਤੱਕ ਉਹ ਜ਼ੁਲਮ ਤਸ਼ੱਦਦ ਦਾ ਸ਼ਿਕਾਰ ਹੁੰਦਾ ਰਹੇਗਾ।ਇਸ ਮੌਕੇ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਇੰਚਾਰਜ ਬਸਪਾ ਹਿਮਾਚਲ ਪ੍ਰਦੇਸ਼ ਨੇ ਕਿਹਾ ਕਿ ਮਹਾਨ ਰਹਿਬਰ ਡਾ. ਅੰਬੇਡਕਰ ਦੇ ਕਥਨਾਂ ਅਨੁਸਾਰ ਜ਼ੁਲਮ ਕਰਨ ਵਾਲੇ ਨਾਲੋਂ ਜ਼ੁਲਮ ਸਹਿਣ ਵਾਲਾ ਵੱਧ ਕਸੂਰਵਾਰ ਹੁੰਦਾ ਹੈ। ਇਸ ਲਈ ਗੁਰੂਆਂ, ਰਹਿਬਰਾਂ ਦੇ ਮਿਸ਼ਨ ਨੂੰ ਪੂਰਾ ਕਰਨ ਅਤੇ ਸਮਾਜ ਦੇ ਹੋਣਹਾਰ ਨੌਜਬਾਨਾਂ ਨੂੰ ਬਚਾਉਣ ਲਈ ਸਭ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਆਪਣੀ ਤਾਕਤ ਨੂੰ ਮਜ਼ਬੂਤ ਕਰਨਾ ਪਵੇਗਾ।ਇਸ ਮੌਕੇ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਉਂਡੇਸ਼ਨ ਭਾਰਤ ਨੇ ਕਿਹਾ ਕਿ ਸਰਪੰਚ ਸੰਦੀਪ ਦੇ ਕਾਤਲਾਂ ਨੇ ਇਕ ਹੱਸਦਾ ਵਸਦਾ ਘਰ ਉਜਾੜ ਕੇ ਬਹੁਜਨ ਸਮਾਜ ਨਾਲ ਵੱਡਾ ਜ਼ੁਲਮ ਕੀਤਾ ਹੈ ਜਿਨ੍ਹਾਂ ਨੂੰ ਸਮਾਜ ਕਦੇ ਮੁਆਫ ਨਹੀਂ ਕਰੇਗਾ।ਇਸ ਮੌਕੇ ਸੰਤਾਂ ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਮਰਹੂਮ ਸੰਦੀਪ ਕੁਮਾਰ ਦੇ ਪਰਿਵਾਰ ਪਤਨੀ ਰੇਖਾ ਅਤੇ ਭਰਾ ਅਮਰੀਕ ਸਿੰਘ ਅਤੇ ਬੱਚਿਆਂ ਨੂੰ ਇਨਸਾਫ ਦਿਵਾਉਣ ਦਾ ਪੂਰਾ ਵਿਸ਼ਵਾਸ ਦਿਵਾਇਆ।ਇਸ ਮੌਕੇ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਵੱਲੋਂ ਵੀ ਵਿਸ਼ਵਾਸ ਦਿਵਾਇਆ ਕਿ ਪਰਵਾਰ ਨਾਲ ਕਨੂੰਨੀ ਅਤੇ ਜਨਤਕ ਸ਼ੰਘਰਸ਼ ਲਈ ਹਰ ਤਰ੍ਹਾਂ ਮੋਢੇ ਨਾਲ ਮੋਢਾ ਲਾ ਕੇ ਸਾਥ ਦਿੱਤਾ ਜਾਵੇਗਾ ਅਤੇ ਦੋਸੜਕਾ ਚੌਂਕ ਦਾ ਨਾਂਅ ਸਰਪੰਚ ਸੰਦੀਪ ਕੁਮਾਰ ਦੇ ਨਾਂਅ 'ਤੇ ਰੱਖ ਕੇ ਓਸਦਾ ਬੁੱਤ ਵੀ ਲਗਾਇਆ ਜਾਵੇਗਾ।ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ, ਪ੍ਰਸ਼ੋਤਮ ਅਹੀਰ ਸੂਬਾ ਪ੍ਰਧਾਨ ਸੰਯੁਕਤ ਕਿਸਾਨ ਮੋਰਚਾ ਪੰਜਾਬ ਲੇਬਰਵਿੰਗ, ਲਾਰੇਂਸ ਚੌਧਰੀ ਪ੍ਰਧਾਨ ਕ੍ਰਿਸ਼ੀਅਨ ਫਰੰਟ ਪੰਜਾਬ, ਜੱਸੀ ਤਲਣ, ਮੋਹਣ ਲਾਲ ਭਟੋਆ, ਡਾ. ਜਤਿੰਦਰ ਕੁਮਾਰ, ਗੁਰਲਾਲ ਸੈਲਾ, ਗੁਰਨਾਮ ਚੌਧਰੀ, ਇੰਜੀ ਮਹਿੰਦਰ ਸੰਧਰ, ਵਿਕਾਸ ਹੰਸ, ਪ੍ਰਦੀਪ ਸੈਣੀ, ਬਲਵਿੰਦਰ ਅੰਬੇਡਕਰ, ਧਿਆਨ ਚੰਦ ਧਿਆਨਾ, ਸਰਪੰਚ ਸਤਵੀਰ ਸਿੰਘ ਅਤੇ ਵੱਡੀ ਪੱਧਰ 'ਤੇ ਇਲਾਕਾ ਨਿਵਾਸੀ ਸੰਗਤਾਂ ਹਾਜ਼ਰ ਸਨ।

# ਐੱਲ ਪੀ ਯੂ ਵੱਲੋਂ ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ ਸੰਪਰਕ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਆਪਣੇ ਡਿਸਟੈਂਸ ਸਿੱਖਿਆ ਦੇ ਵਿਦਿਆਰਥੀਆਂ ਲਈ ਚਾਰ ਹਫ਼ਤਿਆਂ ਦਾ ਨਿੱਜੀ ਸੰਪਰਕ ਪ੍ਰੋਗਰਾਮ ਆਯੋਜਿਤ ਕੀਤਾ। ਲਗਭਗ 300 ਫੈਕਲਟੀ ਮੈਂਬਰਾਂ ਨੇ 800 ਕੋਰਸਾਂ ਲਈ ਕਲਾਸਾਂ ਚਲਾਈਆਂ।ਕਲਾਸਾਂ ਵੱਖ-ਵੱਖ ਕੋਰਸਾਂ ਲਈ ਸਿਲੇਬਸ ਦੇ ਸਾਰੇ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਮਲ ਕਰਨ ਵਾਲੀਆਂ ਹਦਾਇਤਾਂ ਦੀਆਂ ਯੋਜਨਾਵਾਂ ਦੇ ਆਧਾਰ 'ਤੇ ਦਿੱਤੀਆਂ ਗਈਆਂ ਸਨ।ਵੱਖ-ਵੱਖ ਥਾਵਾਂ ਤੋਂ ਦੂਰੀ ਸਿੱਖਿਆ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਪੀ ਸੀ ਪੀ ਕਲਾਸਾਂ ਵਿੱਚ ਭਾਗ ਲਿਆ। ਇਨ੍ਹਾਂ ਸਾਰਿਆਂ ਨੇ ਯੂਨੀਵਰਸਿਟੀ ਦੇ ਵਿਸ਼ੇ-ਵਿਸ਼ੇਸ਼ ਮਾਹਿਰਾਂ ਤੋਂ ਅਕਾਦਮਿਕ ਕਾਊਂਸਲਿੰਗ ਪ੍ਰਾਪਤ ਕੀਤੀ, ਜਿੱਥੇ ਵਿਦਿਆਰਥੀਆਂ ਦੇ ਸਵਾਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹੱਲ ਕੀਤਾ ਗਿਆ।

ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਦੇ ਆਧਾਰ 'ਤੇ ਯੂਨੀਵਰਸਿਟੀ ਨੇ ਪ੍ਰਬੰਧਨ, ਕੰਪਿਊਟਰ ਐਪਲੀਕੇਸ਼ਨ,



ਸੂਚਨਾ ਤਕਨਾਲੋਜੀ, ਕਾਮਰਸ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ, ਅਰਥ ਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਪੰਜਾਬੀ, ਇਤਿਹਾਸ, ਰਾਜਨੀਤੀ ਵਿਗਿਆਨ, ਮਨੋਵਿਗਿਆਨ ਸਮੇਤ 15+ ਵਿਸ਼ਿਆਂ ਵਿੱਚ ਪੀ ਸੀ ਪੀ ਕਲਾਸਾਂ ਲਗਾਈਆਂ।ਬਹੁਤ ਸਾਰੇ ਸਰਕਾਰੀ ਮੁਲਾਜ਼ਮਾਂ ਅਤੇ ਹੋਰ ਕੰਮਕਾਜੀ ਪੇਸ਼ੇਵਰ ਵਿਦਿਆਰਥੀਆਂ ਨੇ ਵੀ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਨ੍ਹਾਂ ਕਲਾਸਾਂ ਵਿੱਚ ਹਾਜ਼ਰੀ ਲਵਾਈ।ਭਾਗ ਲੈਣ ਵਾਲੇ ਐਮ ਸੀ ਏ ਦੇ ਵਿਦਿਆਰਥੀਆਂ ਵਿੱਚੋਂ ਇੱਕ, ਨਾਜ਼ਦੀਪ ਕੌਰ ਨੇ ਕਿਹਾ, ਇੱਥੇ ਪ੍ਰੈਕਟੀਕਲ ਸੈਸ਼ਨ ਹੁਣ ਤੱਕ ਪ੍ਰਾਪਤ ਹੋਏ ਸਿਧਾਂਤਕ ਗਿਆਨ ਵਿੱਚ ਲਾਗੂ ਕਰਨ ਲਈ ਲਾਹੇਵੰਦ ਸਾਬਤ ਹੋਏ ਹਨ।ਪੀ ਸੀ ਪੀ ਕਲਾਸਾਂ ਨੇ ਅਸਲ ਵਿੱਚ ਅਧਿਐਨ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਦੀ ਰਣਨੀਤੀ ਪ੍ਰਦਾਨ ਕੀਤੀ।ਬੈਚਲਰ ਆਫ਼ ਆਰਟਸ ਦੀ ਵਿਦਿਆਰਥਣ, ਜਯਤਾ ਨੇ ਕਿਹਾ, ਐਲ ਪੀ ਯੂ ਦੇ ਪ੍ਰੋਫੈਸਰਾਂ ਨੇ ਸਪੱਸ਼ਟ ਵਿਆਖਿਆਵਾਂ ਅਤੇ ਸੰਬੰਧਿਤ ਉਦਾਹਰਨਾਂ ਪ੍ਰਦਾਨ ਕੀਤੀਆਂ ਜਿਨ੍ਹਾਂ ਨੇ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਾਡੀ ਮਦਦ ਕੀਤੀ।ਐਲ ਪੀ ਯੂ ਦੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਨੇ ਦੱਸਿਆ ਕਿ ਇਸ ਸਮੇਂ ਜਨਵਰੀ 2024 ਸੈਸ਼ਨ ਲਈ ਐਲ ਪੀ ਯੂ 'ਚ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਲਈ ਦਾਖਲਾ ਚੱਲ ਰਿਹਾ ਹੈ।

# ਨਿਹੰਗ ਹਰਜੀਤ ਸਿੰਘ ਵੱਲੋਂ ਅਯੁਧਿਆ ਵਿਖੇ ਲੰਗਰ ਸੇਵਾ ਸ਼ੁਰੂ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਰਾਮ ਮੰਦਰ ਅੰਦੋਲਨ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਨਿਹੰਗ ਬਾਬਾ ਫਤਹਿ ਸਿੰਘ ਦੀ ਅੱਠਵੀਂ ਪੀੜ੍ਹੀ ਦੇ ਬਾਬਾ ਹਰਜੀਤ ਸਿੰਘ ਰਸੂਲਪੁਰ ਨੇ ਅਯੁੱਧਿਆ ਦੀ ਚਾਰਧਾਮ ਮਨੀ ਰਾਮ ਦਾਸ ਦੀ ਛਾਉਣੀ ਵਿੱਚ ਲੰਗਰ ਸੇਵਾ ਦੀ ਸ਼ੁਰੂਆਤ ਕਰ ਦਿਤੀ।ਲੰਗਰ ਦੇ ਉਦਘਾਟਨ ਮੌਕੇ ਭਾਰਤੀ ਜਨਤਾ ਪਾਰਟੀ ਦੀ ਕੌਮੀ ਬੁਲਾਰਾ ਮੀਨਾਕਸ਼ੀ ਲੇਖੀ ਸਮੇਤ ਉੱਘੇ ਮਹੰਤਾਂ ਸਮੇਤ ਮਨੀ ਰਾਮ ਦਾਸ ਦੀ ਛਾਉਣੀ, ਰਾਮ ਜਨਮ ਭੂਮੀ ਟਰੱਸਟ ਅਤੇ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਦੇ ਮੁੱਖ ਮਹੰਤ ਮਹੰਤ ਨ੍ਰਿਤਿਆ ਗੋਪਾਲ ਦਾਸ ਅਤੇ ਉਨ੍ਹਾਂ ਦੇ ਵਾਰਿਸ ਮਹੰਤ ਕਮਲਨਾਇਣ ਦਾਸ ਮਹਾਰਾਜ, ਦੁਧੇਸ਼ਵਰ ਪੀਠਾਧੀਸ਼ਵਰ, ਪੰਚ ਦਸ਼ਨਮ ਜੂਨਾ ਅਖਾੜਾ ਦੇ ਅੰਤਰਰਾਸ਼ਟਰੀ ਬੁਲਾਰੇ, ਦਿੱਲੀ ਸੰਤ ਮਹਾਮੰਡਲ ਦੇ ਰਾਸ਼ਟਰੀ ਪ੍ਰਧਾਨ ਅਤੇ ਹਿੰਦੂ ਸੰਯੁਕਤ ਮੋਰਚੇ ਦੇ ਪ੍ਰਧਾਨ ਮਹੰਤ ਨਰਾਇਣ ਗਿਰੀ ਮਹਾਰਾਜ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ।ਇਸ ਮੌਕੇ ਭਾਜਪਾ ਦੀ ਕੌਮੀ ਬੁਲਾਰਾ ਮੀਨਾਕਸ਼ੀ ਲੇਖੀ ਨੇ ਕਿਹਾ ਕਿ ਸਿੱਖਾਂ ਨੇ ਦੁਨੀਆਂ ਭਰ ਦੇ ਸਾਰੇ ਵੱਡੇ ਕੰਮਾਂ 'ਚ ਅਹਿਮ ਯੋਗਦਾਨ ਪਾਇਆ ਹੈ।ਇਸੇ ਤਰ੍ਹਾਂ ਬਾਬਾ ਹਰਜੀਤ ਸਿੰਘ ਰਸੂਲਪੁਰ ਦੇ ਪੂਰਵਜ ਨਿਹੰਗ ਬਾਬਾ ਫਕੀਰ ਸਿੰਘ ਨੇ 1885 'ਚ ਬਾਬਰੀ ਢਾਂਚੇ 'ਤੇ ਕਬਜ਼ਾ ਕਰਕੇ ਹਵਨ ਕਰਵਾਇਆ ਸੀ ਅਤੇ ਅੱਜ ਉਨ੍ਹਾਂ ਦੇ ਵੰਸ਼ਜ ਅਯੁੱਧਿਆ ਵਿਚ ਹੋ ਰਹੇ ਰਾਮ ਮੰਦਰ ਦੇ ਉਦਘਾਟਨ ਮੌਕੇ ਦੁਨੀਆ ਭਰ ਤੋਂ ਆਈਆਂ ਸੰਗਤਾਂ ਨੂੰ ਲੰਗਰ ਵਰਤਾ ਕੇ ਇਸ ਵਿਸ਼ਾਲ ਸਮਾਗਮ 'ਚ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਿੱਖਾਂ ਦਾ ਲੰਗਰ ਵਰਤਾਉਣ ਦਾ ਬਹੁਤ ਵੱਡਾ ਇਤਿਹਾਸ ਰਿਹਾ ਹੈ।ਉਨ੍ਹਾਂ ਦੱਸਿਆ ਕਿ ਆਦਿ ਗੁਰੂ ਨਾਨਕ ਦੇਵ ਜੀ ਨੇ ਲੰਗਰ ਸੇਵਾ ਸ਼ੁਰੂ ਕੀਤੀ ਸੀ ਅਤੇ ਅੱਜ ਦੁਨੀਆ ਭਰ ਦੇ ਸਿੱਖ ਲੰਗਰ ਸੇਵਾ ਦੀ ਪ੍ਰੰਪਰਾ ਨੂੰ ਜਾਰੀ ਰੱਖ ਰਹੇ ਹਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਦੇ ਵਿਦਿਆਰਥੀਆਂ ਨੇ ਨਗਰ ਕੀਰਤਨ 'ਚ ਕੀਤੀ ਸ਼ਿਰਕਤ




**ਸੁਲਤਾਨਪੁਰ ਲੋਧੀ, (ਹਨੀ)** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 'ਚ ਸ੍ਰੀ ਗੁਰੂ ਹਰਿਕਿਸਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਵੱਡੀ ਗਿਣਤੀ 'ਚ ਹਿੱਸਾ ਲਿਆ। ਪ੍ਰਿੰਸੀਪਲ ਰੇਨੂੰ ਅਰੋੜਾ ਅਤੇ ਸਟਾਫ਼ ਮੈਂਬਰਾਂ ਦੀ ਅਗਵਾਈ 'ਚ ਛੇਵੀਂ ਤੋਂ ਨੌਂਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦੌਰਾਨ ਵਿਦਿਆਰਥੀਆਂ ਨੇ ਜਿੱਥੇ ਬਹੁਤ ਹੀ ਸ਼ਾਨਦਾਰ ਬੈਂਡ ਦੀ ਪੇਸ਼ਕਾਰੀ ਦਿੱਤੀ, ਉਥੇ ਹੀ ਬੇਹਤਰੀਨ ਗਤਕੇ ਦਾ ਪ੍ਰਦਰਸਨ ਕਰਦਿਆਂ ਹੋਇਆਂ ਦਸਮ ਪਿਤਾ ਪ੍ਰਤੀ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜ: ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜ : ਹਰਨਿਆਮਤ ਕੌਰ, ਪ੍ਰਸ਼ਾਸ਼ਕ ਇੰਜ:ਨਿਮਰਤਾ ਕੌਰ ਦੁਆਰਾ ਸਭ ਨੂੰ ਵਧਾਈਆਂ ਦਿੱਤੀਆਂ ਗਈਆਂ।

# ਮਕਰ ਸੰਕ੍ਰਾਂਤੀ ਮੌਕੇ ਲੰਗਰ ਭੰਡਾਰਾ ਸ਼ੁਰੂ, ਦੋ ਮਹੀਨੇ ਚੱਲੇਗਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** 22 ਜਨਵਰੀ ਨੂੰ ਪੂਰੀ ਦੁਨੀਆਂ ਭਾਰਤੀਆਂ ਦੀ ਭਗਵਾਨ ਰਾਮ ਪ੍ਰਤੀ ਆਸਥਾ ਨੂੰ ਵੇਖੇਗੀ ਕਿ 22 ਜਨਵਰੀ ਨੂੰ ਉਨ੍ਹਾਂ ਦੇ ਰਾਜਾ ਭਗਵਾਨ ਸ਼੍ਰੀ ਰਾਮ ਦਾ ਕਿਵੇਂ ਸਵਾਗਤ ਕੀਤਾ ਗਿਆ ਹੈ।ਸਦੀਆਂ ਬਾਅਦ ਪੂਰੇ ਭਾਰਤ ਨੂੰ ਜੋੜਨ ਵਾਲੇ ਸ਼੍ਰੀ ਰਾਮ ਦੇ ਮੰਦਰ ਦੇ ਪਵਿੱਤਰ ਸਮਾਰੋਹ 'ਤੇ ਪੂਰਾ ਭਾਰਤ ਦੀਪਮਾਲਾ ਕਰੇਗਾ।ਇਸੇ ਹੀ ਤਰ੍ਹਾਂ ਸਨਾਤਨ ਦੇ ਸਰਪ੍ਰਸਤ ਸੰਤ ਉਦੈਗਿਰੀ ਮਹਾਰਾਜ ਦੀ ਦੇਖ-ਰੇਖ 'ਚ ਸ਼੍ਰੀ ਰਾਮ ਦੇ ਅਯੁੱਧਿਆ ਪਹੁੰਚਣ 'ਤੇ 31000 ਦੇਸੀ ਘਿਓ ਦੇ ਦੀਵਿਆਂ ਨਾਲ 'ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਯੁਵਕ ਭਲਾਈ ਬੋਰਡ ਦੇ ਸਾਬਕਾ ਚੇਅਰਮੈਨ ਸੰਜੀਵ ਤਲਵਾੜ ਨੇ ਦੱਸਿਆ ਕਿ ਮਹੰਤ ਉਦੈ ਗਿਰੀ ਜੋ ਕਿ 12 ਸਾਲਾਂ ਤੋਂ ਮੌਨ ਤਪੱਸਿਆ ਕਰ ਰਹੇ ਹਨ, ਨੇ ਪਿਛਲੇ ਕਈ ਸਾਲਾਂ ਤੋਂ ਸਨਾਤਨ ਦੇ ਪ੍ਰਚਾਰ ਦੀ




ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਨੇ ਸਿੱਧੇਸ਼ਵਰ ਮੰਦਰ ਬੱਸੀ ਗੁਲਾਮ ਹੁਸੈਨ ਵਿਖੇ ਵਿਸ਼ਵ ਸ਼ਾਂਤੀ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਹਨ।ਹੁਣ ਉਨ੍ਹਾਂ ਦੀ ਦੇਖ-ਰੇਖ ਹੇਠ ਸਿੱਧੇਸ਼ਵਰ ਮੰਦਰ ਵਿੱਚ 21000 ਹਜਾਰ ਅਤੇ ਹਰੀ ਓਮ ਮੰਦਰ ਨਰਾਇਣ ਨਗਰ ਵਿਖੇ 5000 ਅਤੇ ਹੋਰ ਧਾਰਮਿਕ ਸਥਾਨਾਂ ਤੇ ਮਹੰਤ ਦੇ ਚੇਲਿਆਂ ਵੱਲੋਂ 5000 ਦੇਸੀ ਘੀ ਦੇ ਦੀਵੇ ਜਗਾ ਕੇ ਭਗਵਾਨ ਰਾਮ ਦਾ ਸਵਾਗਤ ਕੀਤਾ ਜਾਵੇਗਾ।ਸੰਜੀਵ ਤਲਵਾੜ ਨੇ ਸਮੂਹ ਭਾਰਤ ਵਾਸੀਆਂ ਨੂੰ ਬੇਨਤੀ ਕੀਤੀ ਕਿ 22 ਜਨਵਰੀ ਦਾ ਦਿਨ ਵਿਸ਼ਵ ਦੇ ਇਤਿਹਾਸ ਵਿੱਚ ਇੱਕ ਅਮਰ ਦਿਨ ਹੋਣ ਵਾਲਾ ਹੈ, ਇਸ ਲਈ ਇਸ ਦਿਨ ਦੁਨੀਆ ਦੀ ਸਭ ਤੋਂ ਵੱਡੀ ਦੀਵਾਲੀ ਮਨਾਉਣ ਵਿੱਚ ਆਪੋ-ਆਪਣਾ ਹਿੱਸਾ ਪਾਓ। ਇਸ ਮੌਕੇ ਤੇ ਮਹੰਤ ਉਦੈਗਿਰੀ ਜੀ ਅਤੇ ਨੀਤੀ ਤਲਵਾਰ ਵੀ ਹਾਜ਼ਰ ਸਨ।

# 'ਡਰੋਨ ਦੀਦੀ' ਦੇ ਨਾਂਅ ਨਾਲ ਜਾਣੀਆਂ ਜਾਣਗੀਆਂ ਮਹਿਲਾਵਾਂ : ਚੀਮਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**: ਭਾਜਪਾ ਦੇ ਸੂਬਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ ਵੱਲੋਂ ਮਹਿਲਾ ਸਸ਼ਕਤੀਕਰਣ ਯੋਜਨਾ ਅਧੀਨ ਕੇਂਦਰ ਸਰਕਾਰ ਵਲੋਂ ਪੰਜਾਬ ਦੀਆਂ 110 ਮਹਿਲਾਵਾਂ, ਜਿਹਨਾਂ ਨੂੰ ਡਰੋਨ ਅਤੇ ਇਸ ਨੂੰ ਚਲਾਉਣ ਦੀ ਸਿਖਲਾਈ ਦਿੱਤੀ ਗਈ ਹੈ, ਉਹਨਾਂ 'ਚੋਂ ਕੁਝ ਲਾਭਪਾਤਰੀ ਮਹਿਲਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਮਿਲੀ ਸਿਖਲਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਿਲ ਕੀਤੀ। ਬਿਕਰਮਜੀਤ ਸਿੰਘ ਚੀਮਾ ਨੇ ਇਸ ਸੰਬੰਧੀ ਜਾਰੀ ਆਪਣੇ ਪ੍ਰੈਸ ਨੋਟ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ 'ਚ ਉਨ੍ਹਾਂ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦਾ ਉਦੇਸ਼ ਔਰਤਾਂ ਦਾ ਸਸ਼ਕਤੀਕਰਨ ਅਤੇ ਕਿਸਾਨਾਂ ਨੂੰ ਵਿਸ਼ਵ ਪੱਧਰੀ ਤਕਨੀਕ ਨਾਲ ਲੈਸ ਕਰਕੇ ਉਹਨਾਂ ਨੂੰ ਗਲੋਬਲ ਮੁਕਾਬਲੇ ਲਈ ਤਿਆਰ ਕਰਕੇ ਉਹਨਾਂ ਦੀ ਆਰਥਿਕ ਸਥਿਤੀ ਨੂੰ ਸੁਧਾਰ ਕੇ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਇਸ ਸ਼ਲਾਘਾਯੋਗ ਉਪਰਾਲੇ ਸਦਕਾ ਔਰਤਾਂ ਬਹੁਤ ਖੁਸ਼ ਹਨ, ਜਿਹੜੀਆਂ ਔਰਤਾਂ ਪਹਿਲਾਂ ਘਰੋਂ ਬਾਹਰ ਨਹੀਂ ਨਿਕਲਦੀਆਂ ਸਨ, ਅੱਜ ਉਹ ਡਰੋਨ ਪਾਇਲਟ ਦੀਦੀ ਵਜੋਂ ਜਾਣੀਆਂ ਜਾਣਗੀਆਂ।ਚੀਮਾਂ ਨੇ ਦੱਸਿਆ ਕਿ ਸਿਖਲਾਈ ਪ੍ਰਾਪਤ ਔਰਤਾਂ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਕੇਂਦਰ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਨਾਲ ਔਰਤਾਂ ਹੁਣ ਸਮਾਜ ਵਿੱਚ ਆਪਣਾ ਸਿਰ ਉੱਚਾ ਚੁੱਕ ਕੇ ਚੱਲਣਗੀਆਂ ਅਤੇ ਆਤਮ ਨਿਰਭਰ



ਬਨਣਗੀਆਂ।ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਬਹੁਤ ਜਲਦੀ ਹੀ ਪੰਜਾਬ ਵਿੱਚ ਔਰਤਾਂ ਖੇਤਾਂ ਵਿੱਚ ਡਰੋਨ ਉਡਾਉਂਦੀਆਂ ਨਜ਼ਰ ਆਉਣਗੀਆਂ। ਇਨ੍ਹਾਂ ਔਰਤਾਂ ਨੂੰ ਡਰੋਨ ਦੀਦੀ ਵਜੋਂ ਜਾਣਿਆ ਜਾਵੇਗਾ ਅਤੇ ਇਹ ਡਰੋਨ ਰਾਹੀਂ ਖੇਤਾਂ ਵਿੱਚ ਨੈਨੋ ਯੂਰੀਆ ਅਤੇ ਨੈਨੋ ਡੀਏਪੀ ਦਾ ਛਿੜਕਾਅ ਕਰਨਗੀਆਂ।ਇਫਕੋ ਦੇ ਜ਼ਰੀਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵਲੋਂ 110 ਮਹਿਲਾਵਾ ਕਿਸਾਨਾਂ ਨੂੰ ਡਰੋਨ ਕਿੱਟ 'ਤੇ 15 ਦਿਨਾਂ ਦੀ ਸਿਖਲਾਈ ਦਿੱਤੀ ਜਾ ਚੁੱਕੀ ਹੈ। ਇਹ 110 ਮਹਿਲਾਵਾਂ ਡਰੋਨ ਚਲਾਉਣ ਦੀ ਸਿਖਲਾਈ ਦੇ ਕੇ ਡਰੋਨ ਪਾਇਲਟ ਬਣਾਇਆ ਗਿਆ ਹੈ।ਇਨ੍ਹਾਂ ਔਰਤਾਂ ਨੂੰ ਕੇਂਦਰ ਸਰਕਾਰ ਵੱਲੋਂ ਲਗਭਗ 12 ਲੱਖ ਰੁਪਏ ਦੀ ਕੀਮਤ ਦਾ ਡਰੋਨ ਯੂਨਿਟ ਅਤੇ ਇਫਕੋ ਵੱਲੋਂ ਖੇਤਾਂ ਤੱਕ ਲੈ ਜਾਣ ਅਤੇ ਲੈ ਜਾਣ ਲਈ ਲਗਭਗ 5 ਲੱਖ ਰੁਪਏ ਦਾ ਇੱਕ ਇਲੈਕਟ੍ਰਿਕ ਵਾਹਨ 26 ਜਨਵਰੀ ਨੂੰ ਦਿੱਤਾ ਜਾਵੇਗਾ ਅਤੇ ਇਹ ਔਰਤਾਂ ਇਸ ਦੀ ਵਰਤੋਂ ਆਪਣੇ ਖੇਤਾਂ ਵਿੱਚ ਅਤੇ ਹੋਰ ਕਿਸਾਨਾਂ ਦੇ ਖੇਤਾਂ ਵਿੱਚ ਪੈਸੇ ਲੈ ਕੇ ਛਿੜਕਾਅ ਕਰਨ ਲਈ ਕਰਨਗੀਆਂ। ਇਨ੍ਹਾਂ ਡਰੋਨਾਂ ਰਾਹੀਂ ਇੱਕ ਦਿਨ ਵਿੱਚ ਕਰੀਬ 20 ਤੋਂ 25 ਏਕੜ ਰਕਬੇ ਵਿੱਚ ਛਿੜਕਾਅ ਕੀਤਾ ਜਾ ਸਕਦਾ ਹੈ।

ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਇਫਕੋ ਵੱਲੋਂ ਕਿਸਾਨ ਐਪ ਰਾਹੀਂ ਹੋਰ ਕਿਸਾਨ ਆਪਣੇ ਖੇਤਾਂ ਵਿੱਚ ਸਪਰੇਅ ਦੀ ਮੰਗ ਨੂੰ ਭੇਜਣਗੇ, ਜਿਸ ਤੋਂ ਬਾਅਦ ਇਹ ਸੁਨੇਹਾ ਉਨ੍ਹਾਂ ਦੇ ਇਲਾਕੇ ਦੇ ਨਜ਼ਦੀਕੀ ਡਰੋਨ ਪਾਇਲਟ ਦੀਦੀ ਨੂੰ ਪ੍ਰਸਾਰਿਤ ਕਰ ਦਿੱਤਾ ਜਾਵੇਗਾ ਅਤੇ ਉਹ ਡਰੋਨ ਪਾਇਲਟ ਦੀਦੀ ਕਿਸਾਨ ਨਾਲ ਸੰਪਰਕ ਕਰਕੇ ਉਸ ਤੋਂ ਫੀਸ ਲੈ ਕੇ ਉਸਦੀ ਇੱਛਾ ਅਨੁਸਾਰ ਕਿਸਾਨ ਦੇ ਖੇਤਾਂ ਵਿੱਚ ਸਪਰੇਅ ਕਰ ਦੇਵੇਗੀ।

# ਮੀਤ ਹੇਅਰ ਵੱਲੋਂ ਕੋਚ ਦੇਵੀ ਦਿਆਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਚੰਡੀਗੜ੍ਹ, ਗੁਰਜੀਤ ਬਿੱਲਾ) ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਬੱਡੀ ਦੇ ਮਹਾਨ ਖਿਡਾਰੀ ਤੇ ਕੋਚ ਦੇਵੀ ਦਿਆਲ ਦੇ ਦੇਹਾਂਤ ਉੱਤੇ ਡੂੰਘਾ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਦੇਵੀ ਦਿਆਲ ਜੋ 76 ਵਰ੍ਹਿਆਂ ਦੇ ਸਨ, ਬੀਤੀ ਸ਼ਾਮ ਅਕਾਲ ਚਲਾਣਾ ਕਰ ਗਏ।ਮੀਤ ਹੇਅਰ ਨੇ ਆਪਣੇ ਸ਼ੋਕ ਸੰਦੇਸ਼ ਵਿੱਚ ਕਿਹਾ ਕਿ ਕਬੱਡੀ ਖੇਡ ਨੂੰ ਦੇਵੀ ਦਿਆਲ ਦੀ ਦੇਣ ਭੁਲਾਈ ਨਹੀਂ ਜਾ ਸਕਦੀ।ਕਬੱਡੀ ਖੇਡ ਨੂੰ ਕੌਮਾਂਤਰੀ ਪੱਧਰ ਤੱਕ ਲਿਜਾਣ ਦਾ ਸਿਹਰਾ ਉਨ੍ਹਾਂ ਨੂੰ ਜਾਂਦਾ ਹੈ।

ਉਨ੍ਹਾਂ ਦੇ ਤੁਰ ਜਾਣ ਨਾਲ ਕਬੱਡੀ ਖੇਡ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਖੇਡ ਮੰਤਰੀ ਨੇ ਕਿਹਾ ਕਿ ਦੇਵੀ ਦਿਆਲ ਨੇ ਬਤੌਰ ਖਿਡਾਰੀ ਦੇਸ਼ ਤੇ ਵਿਦੇਸ਼ ਵਿੱਚ ਨਾਂਅ ਚਮਕਾਉਣ ਤੋਂ ਬਾਅਦ ਖੇਡ ਵਿਭਾਗ ਵਿੱਚ ਬਤੌਰ ਕੋਚ ਤੇ ਖੇਡ ਅਫਸਰ ਕਬੱਡੀ ਖੇਡ ਦੀ ਵੀ ਲੰਬੀ ਸੇਵਾ ਕੀਤੀ। ਉਹ ਖੇਡ ਵਿਭਾਗ ਤੋਂ 2005 ਵਿੱਚ ਖੇਡ ਅਫਸਰ ਸੇਵਾ ਮੁਕਤ ਹੋਏ ਸਨ।ਉਨ੍ਹਾਂ ਉਚੇਰੀ ਵਿੱਦਿਆ ਵੀ ਹਾਸਲ ਕੀਤੀ ਅਤੇ ਖਿਡਾਰੀਆਂ ਲਈ ਚਾਨਣ ਮੁਨਾਰਾ ਬਣੇ।ਮੀਤ ਹੇਅਰ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਦੇਵੀ ਦਿਆਲ ਦੀ ਆਤਮਿਕ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਤੇ ਖੇਡ ਪ੍ਰੇਮੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਮੰਦਰ ਦੇ ਬਾਹਰੋਂ ਐਕਟਿਵਾ ਚੋਰੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਨੂਰਮਹਿਲ ਵਿੱਚ ਸਥਿਤ ਇੱਕ ਮੰਦਰ ਵਿੱਚੋਂ ਐਕਟਿਵਾ ਸਕੂਟਰ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮਸਤ ਰਾਮ ਸ਼ਰਮਾ ਰਿਟਾਇਡ ਪਾਵਰਕਾਮ ਪੰਜਾਬ ਰਾਜ ਬਿਜਲੀ ਬੋਰਡ ਮੁਹੱਲਾ ਕੋਹਲੀਆ ਨੂਰਮਹਿਲ ਨੇ ਦੱਸਿਆ ਕਿ ਉਨ੍ਹਾਂ ਨੇ ਆਪਣਾ ਸਕੂਟਰ ਦੁਪਿਹਰ ਦੇ ਸਮੇਂ ਮੰਦਰ ਬਾਬਾ ਭੂਤਨਾਥ ਵਿੱਚ ਇਕ ਕਿਰਿਆ 'ਤੇ ਗਏ ਸਨ।ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣਾ ਸਕੂਟਰ ਪੀ. ਬੀ. 08 ਸੀ.ਕੇ. 4228 ਮੰਦਰ ਦੇ ਬਾਹਰ ਖੜ੍ਹਾ ਕਰ ਦਿੱਤਾ।ਕਿਰਿਆ ਸਮਾਪਤੀ ਤੋਂ ਬਾਅਦ ਜਦੋਂ ਵਾਪਸ ਘਰ ਆਉਣ ਲੱਗੇ ਤਾਂ ਉੱਥੇ ਉਨ੍ਹਾਂ ਆਪਣਾ ਸਕੂਟਰ ਦੇਖਿਆ ਤਾਂ ਸਕੂਟਰ ਨਹੀਂ ਸੀ। ਉਨ੍ਹਾਂ ਸਕੂਟਰ ਦੀ ਕਾਫ਼ੀ ਸਮਾਂ ਭਾਲ ਕੀਤੀ ਪਰ ਸਕੂਟਰ ਨਹੀ ਲੱਭਾ।ਉਨ੍ਹਾਂ ਦੱਸਿਆ ਕਿ ਅਣਪਛਾਤੇ ਚੋਰਾਂ ਵੱਲੋਂ ਸਕੂਟਰ ਚੋਰੀ ਕਰ ਲਿਆ ਗਿਆ।ਨੂਰਮਹਿਲ ਥਾਣੇ ਵਿਚ ਸਕੂਟਰ ਚੋਰੀ ਹੋਣ ਦੀ ਸ਼ਿਕਾਇਤ ਦੇ ਦਿੱਤੀ ਗਈ ਹੈ।

# ਬਿਜਲੀ ਦੇ ਸ਼ਾਟ ਸਰਕਟ ਨਾਲ ਘਰ ਨੂੰ ਲੱਗੀ ਅੱਗ



**ਫਿਲੌਰ : (ਨਿਰਮਲ)** ਫਿਲੌਰ ਦੇ ਮੁਹੱਲਾ ਚੌਧਰੀਆਂ ਵਿਖੇ ਇੱਕ ਘਰ ਨੂੰ ਅੱਗ ਲੱਗਣ ਕਾਰਨ ਕਾਫੀ ਨੁਕਸਾਨ ਹੋ ਗਿਆ ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ ਪ੍ਰਾਪਤ ਜਾਣਕਾਰੀ ਅਨੁਸਾਰ ਘਰ ਦੇ ਮਾਲਕ ਵਿਸ਼ਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ਾਮ 7:30 ਵਜੇ ਦੇ ਕਰੀਬ ਬਿਜਲੀ ਦਾ ਸ਼ਾਰਟ ਸਰਕਿਟ ਹੋਣ ਕਾਰਨ ਅੱਗ ਲੱਗ ਗਈ ਅਤੇ ਉਸ ਦੇ ਘਰ ਦਾ ਕੀਮਤੀ ਸਮਾਨ ਸੜ ਕੇ ਸਵਾਹ ਹੋ ਗਿਆ। ਲੋਕਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ ਸਰਕਾਰ ਤੋਂ ਮੰਗ ਕੀਤੀ ਕਿ ਉਸ ਨੂੰ ਸਰਕਾਰੀ ਮਦਦ ਦਿੱਤੀ ਜਾਵੇ।

# ਕੇਵਲ ਕ੍ਰਿਸ਼ਨ ਨੂੰ ਭਰਪੂਰ ਸ਼ਰਧਾਜਲੀਆਂ

ਸ਼ਾਹਕੋਟ (ਗਿਆਨ ਸੈਦਪੁਰੀ) ਨੰਬਰਦਾਰ ਪਰਮਜੀਤ ਮਿੱਡਾ, ਪ੍ਰਾਪਰਟੀ ਡੀਲਰ ਸਾਧੂ ਸਿੰਘ ਮਿੱਡਾ, ਬਲਦੇਵ ਰਾਜ ਮਿੱਡਾ(ਆਸਟਰੀਆ) ਅਤੇ ਅਸ਼ੋਕ ਕੁਮਾਰ ਮਿੱਡਾ ਦੇ ਭਰਾ ਕੇਵਲ ਕ੍ਰਿਸ਼ਨ ਮਿੱਡਾ ਸੇਵਾ ਮੁਕਤ ਇਨਸਪੈਕਟਰ ਪਨਸਪ ਦਾ ਕੁਝ ਦਿਨ ਪਹਿਲਾ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦਵਾਰਾ ਸਿੰਘ ਸਭਾ ਹਾਜੀਪੁਰ-ਸਲੈਚਾ ਵਿਖੇ ਹੋਇਆ।ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਰਵਾਰ ਵੱਲੋਂ ਸਭ ਦਾ ਧੰਨਵਾਦ ਕੀਤਾ।ਪਨਸਪ ਪੈਨਸ਼ਨਰ ਐਡਵਾਈਜ਼ਰੀ ਕਮੇਟੀ ਪੰਜਾਬ, ਬੀਬੀ ਰਣਜੀਤ ਕੌਰ ਕਾਕੜ ਕਲਾਂ, ਅਜ਼ਾਦ ਸਪੋਰਟਸ ਕਲੱਬ ਸ਼ਾਹਕੋਟ ਅਤੇ ਹੋਰ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਸ਼ੋਕ ਮਤੇ ਆਏ।ਇਸ ਮੌਕੇ ਹੋਰਨਾਂ ਇਲਾਵਾ ਗੁਰਦੀਪ ਸਿੰਘ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ, ਮਦਨ ਲਾਲ ਅਰੋੜਾ ਸਮਾਜ ਸੇਵਕ, ਬੂਟਾ ਸਿੰਘ ਕਲਸੀ ਪ੍ਰਧਾਨ ਅਜ਼ਾਦ ਸਪੋਰਟਸ ਕਲੱਬ, ਜਤਿੰਦਰਪਾਲ ਸਿੰਘ ਬੱਲ੍ਹਾ ਸਾਬਕਾ ਐਮ ਸੀ, ਅਮਰਜੀਤ ਸਿੰਘ ਬਿੱਟੂ ਸਰਪੰਚ ਹਾਜੀਪੁਰ, ਨਿਰਮਲ ਸਿੰਘ ਸੀਨੀਅਰ ਆਗੂ, ਬਲਦੇਵ ਸਿੰਘ ਸਾਬਕਾ ਸਰਪੰਚ, ਗਿਆਨ ਸਿੰਘ ਸਿੱਧੂ ਸੇਵਾ ਮੁਕਤ ਏ ਐਸ ਆਈ, ਜਸਪਾਲ ਸਿੰਘ ਆਰਕੀਟੈਕਟ, ਤੀਰਥ ਮਿੱਡਾ, ਅਮਨਦੀਪ ਸੈਦਪੁਰੀ, ਅਵਤਾਰ ਮਿੱਡਾ, ਮੁਖ਼ਤਿਆਰ ਮਿੱਡਾ ਆਦਿ ਹਾਜ਼ਰ ਸਨ।



**ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਸ਼ਰਧਾਂਜਲੀ ਭੇਟ ਕਰਦੇ ਹੋਏ।**

# ਭਗੌੜਾ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸੁਰਿੰਦਰ ਲਾਂਬਾ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸ਼ਾ ਅਤੇ ਸਰਬਜੀਤ ਸਿੰਘ ਬਾਹੀਆ ਪੀ ਪੀ ਐਸ ਐਸ ਪੁਲਸ ਕਪਤਾਨ ਦੀ ਰਹਿਨੁਮਾਈ ਹੇਠ ਭਗੌੜੇ ਵਿਅਕਤੀਆ ਨੂੰ ਗ੍ਰਿਫਤਾਰ ਕਰਨ ਲਈ ਖਾਸ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਇਸ ਮੁਹਿੰਮ ਤਹਿਤ ਪਰਮਿੰਦਰ ਸਿੰਘ ਉਪ ਪੁਲਸ ਕਪਤਾਨ ਤਫਤੀਸ਼ ਦੇ ਦਿਸ਼ਾ ਨਿਰਦੇਸ਼ਾ ਹੇਠ ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਏ ਐਸ ਆਈ ਗੁਲਸ਼ਨ ਕੁਮਾਰ ਸਾਥੀ ਕਰਮਚਾਰੀਆ ਦੇ ਨਾਲ ਪੀ ਓ ਸੰਬੰਧੀ ਉਦੋਂ ਸਫਲਤਾ ਮਿਲੀ ਜਦੋਂ ਸੁਰਿੰਦਰ ਸਿੰਘ ਉਰਫ ਸ਼ਿੰਦੂ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਤਨੂੰਲੀ ਨੂੰ ਗ੍ਰਿਫਤਾਰ ਕੀਤਾ ਗਿਆ।ਉਹਨਾ ਦੱਸਿਆ ਕਿ 25-54-59 ਅਸਲਾ ਐਕਟ ਥਾਣਾ ਮੇਹਟੀਆਣਾ ਵਿੱਚ ਦਰਜ ਮੁਕੱਦਮੇ ਤਹਿਤ ਮਾਨਯੋਗ ਅਦਾਲਤ




ਸਿਮਰਨਦੀਪ ਸਿੰਘ ਸੋਹੀ ਜੇ ਐੱਮ ਆਈ ਸੀ ਹੁਸ਼ਿਆਰ ਵੱਲੋਂ ਗੈਰ ਹਾਜ਼ਰ ਹੋਣ ਤੇ ਪੀ ਓ ਕਰਾਰ ਕੀਤਾ ਗਿਆ ਸੀ ਅਤੇ ਇੱਕ ਹੋਰ ਮੁਕੱਦਮੇ ਤਹਿਤ 379,411, ਮਾਨਯੋਗ ਅਦਾਲਤ ਸਿਮਰਨਦੀਪ ਸਿੰਘ ਸੋਹੀ ਜੇ.ਐੱਮ ਆਈ ਸੀ ਹੁਸ਼ਿਆਰ ਵਲੋਂ ਹੀ ਗੈਰ ਹਾਜ਼ਰ ਹੋਣ ਤੇ ਨੂੰ ਪੀ ਓ ਕਰਾਰ ਕੀਤਾ ਗਿਆ ਸੀ।ਜਿਸ ਨੂੰ ਉਕਤ ਦੋਵੇ ਮੁੱਕਦਮਿਆ ਤਹਿਤ ਗ੍ਰਿਫਤਾਰ ਕੀਤਾ ਗਿਆ।

# ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿੱਚ ਦਸਮ ਪਿਤਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਬੀਬੀ ਮੁਖਤਿਆਰ ਕੌਰ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੀਵਨ ਬ੍ਰਿਤਾਂਤ ਢਾਡੀ ਵਾਰਾਂ ਵਿੱਚ ਸੰਗਤਾਂ ਨੂੰ ਵਿਸਥਾਰ ਵਿੱਚ ਸੁਣਾਇਆ ।ਸ਼੍ਰੋਮਣੀ ਪ੍ਰਚਾਰਕ ਭਾਈ ਅਵਤਾਰ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੁਆਰਾ ਦੇਸ਼ ਅਤੇ ਕੌਮ ਦੀ ਖਾਤਰ ਪਹਿਲਾਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ, ਪੁੱਤਰਾਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਅਤੇ ਸਿੱਖ ਧਰਮ ਦੀ ਸਥਾਪਨਾ ਬਾਰੇ ਸੰਖੇਪ ਵਿੱਚ ਸੰਗਤਾਂ ਨੂੰ ਜਾਣੂੰ ਕਰਵਾਇਆ। ਭਾਈ ਅਜ਼ਮੇਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।ਇਸ ਤੋਂ ਇਲਾਵਾ ਭਾਈ ਲਵਪ੍ਰੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੂਖ



ਨਿਵਾਰਨ ਸਾਹਿਬ ਪਟਿਆਲਾ, ਭਾਈ ਚਰਨਜੀਤ ਸਿੰਘ ਸ੍ਰੀ ਟਨੰਦਪੁਰ ਸਾਹਿਬ ਵਾਲੇ, ਭਾਈ ਕੁਲਦੀਪ ਸਿੰਘ ਅੰਮ੍ਰਿਤਸਰ ਵਾਲੇ, ਭਾਈ ਧਰਮਜੀਤ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਸੁਖਵਿੰਦਰ ਸਿੰਘ, ਮੀਰੀ ਪੀਰੀ ਕੀਰਤਨੀ ਜੱਥਾ, ਭਾਈ ਜਤਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਰਾਗੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਅਤੇ ਭਾਈ ਹਰਬਖਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਨਿਹਾਲ ਕੀਤਾ।ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ।ਪੂਰੇ ਦਰਬਾਰ ਸਾਹਿਬ ਨੂੰ ਬਾਹਰੋਂ ਅਤੇ ਗੇਟ ਤੱਕ ਦੇ ਰਸਤੇ ਨੂੰ ਰੰਗ ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ ਸੀ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ।ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ।